ਸ਼ੁੱਕਰਵਾਰ, 31 ਜੁਲਾਈ, 2026
16 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 60

ਰੋਜ਼ਾਨਾ
# ਨਵਾਂ ਜ਼ਮਾਨਾ


DAILY NAWAN ZAMANA • FRIDAY, 31 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14



ਸ਼ੁੱਕਰਵਾਰ, 31 ਜੁਲਾਈ, 2026
16 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 60

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • FRIDAY, 31 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# 10 ਨੂੰ 'ਰੇਲ ਰੋਕੋ, ਰਸਤਾ ਰੋਕੋ'

## ਮਜ਼ਦੂਰ-ਕਿਸਾਨ ਏਕਤਾ ਨਾਲ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਹੋਰ ਤੇਜ਼ ਕਰਨ ਦਾ ਸੱਦਾ




**ਲੁਧਿਆਣਾ (ਐੱਮ ਐੱਸ ਭਾਟੀਆ)**
ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿੱਚ ਕੇਂਦਰੀ ਟਰੇਡ ਯੂਨੀਅਨਾਂ (ਸੀ ਟੀ ਯੂਜ਼), ਵੱਖ-ਵੱਖ ਆਜ਼ਾਦ ਫੈਡਰੇਸ਼ਨਾਂ, ਐਸੋਸੀਏਸ਼ਨਾਂ ਅਤੇ ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਵੱਲੋਂ ਸਾਂਝੇ ਤੌਰ 'ਤੇ ਆਯੋਜਿਤ ਵਿਸ਼ਾਲ ਮਜ਼ਦੂਰ-ਕਿਸਾਨ ਰਾਸ਼ਟਰੀ ਕਨਵੈਨਸ਼ਨ ਨੇ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼-ਪੱਧਰੀ ਤਾਲਮੇਲ ਵਾਲੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਦੇਸ਼ ਭਰ ਤੋਂ ਹਜ਼ਾਰਾਂ ਮਜ਼ਦੂਰਾਂ, ਕਰਮਚਾਰੀਆਂ ਅਤੇ ਕਿਸਾਨਾਂ ਦੀ ਭਰਵੀਂ ਸ਼ਮੂਲੀਅਤ ਨਾਲ ਹੋਏ ਇਸ ਇਤਿਹਾਸਕ ਇਕੱਠ ਨੇ ਮਜ਼ਦੂਰ-ਕਿਸਾਨ ਏਕਤਾ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਤੰਤਰੀ ਤਾਕਤਾਂ ਨੂੰ ਇੱਕ ਸਾਂਝੇ ਮੰਚ 'ਤੇ ਲਿਆਉਣ ਦਾ ਸੱਦਾ ਦਿੱਤਾ।

ਕਨਵੈਨਸ਼ਨ ਵਿੱਚ ਉਦਯੋਗਿਕ ਮਜ਼ਦੂਰਾਂ, ਸਰਕਾਰੀ ਖੇਤਰ ਦੇ ਕਰਮਚਾਰੀਆਂ, ਬੈਂਕ, ਬੀਮਾ, ਟਰਾਂਸਪੋਰਟ, ਸਿੱਖਿਆ ਅਤੇ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ, ਸਕੀਮ ਵਰਕਰਾਂ, ਗੈਰ-ਸੰਗਠਿਤ ਖੇਤਰ ਦੇ ਮਜ਼ਦੂਰਾਂ, ਗਿਗ ਅਤੇ ਪਲੇਟਫਾਰਮ ਵਰਕਰਾਂ, ਮਹਿਲਾ ਮਜ਼ਦੂਰਾਂ, ਨੌਜਵਾਨਾਂ, ਪੈਨਸ਼ਨਰਾਂ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਕਿਸਾਨਾਂ ਨੇ ਹਿੱਸਾ ਲਿਆ।ਸੰਮੇਲਨ ਨੇ ਇਹ ਸੰਦੇਸ਼ ਦਿੱਤਾ ਕਿ ਮਜ਼ਦੂਰਾਂ ਅਤੇ ਕਿਸਾਨਾਂ ਦੀ ਸਾਂਝੀ ਲੜਾਈ ਹੀ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਦਾ ਪ੍ਰਭਾਵਸ਼ਾਲੀ ਜਵਾਬ ਹੈ।

ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਦੇਸ਼ ਆਰਥਿਕ ਸੰਕਟ, ਬੇਰੁਜ਼ਗਾਰੀ, ਮਹਿੰਗਾਈ, ਸਰਕਾਰੀ ਖੇਤਰ ਦੇ ਨਿੱਜੀਕਰਨ, ਚਾਰ ਲੇਬਰ ਕੋਡਾਂ ਰਾਹੀਂ ਮਜ਼ਦੂਰ ਹੱਕਾਂ ਤੇ ਹਮਲਿਆਂ, ਕਿਸਾਨਾਂ ਦੀਆਂ ਮੰਗਾਂ ਦੀ ਅਣਦੇਖੀ, ਨੁਕਸਾਨਦਾਇਕ ਵਿਦੇਸ਼ੀ ਵਪਾਰ ਸਮਝੌਤਿਆਂ, ਲੋਕਤੰਤਰੀ ਅਧਿਕਾਰਾਂ ਤੇ ਹਮਲਿਆਂ ਅਤੇ ਫ਼ਿਰਕੂ ਤੇ ਜਾਤੀਵਾਦੀ ਧਰੁਵੀਕਰਨ ਦੀਆਂ ਕੋਸ਼ਿਸ਼ਾਂ ਨਾਲ ਜੂਝ ਰਿਹਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕੇਵਲ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਲੋਕਤੰਤਰੀ ਤਾਕਤਾਂ ਦੀ ਸਾਂਝੀ ਲਹਿਰ ਹੀ ਕਰ ਸਕਦੀ ਹੈ।

ਕਨਵੈਨਸ਼ਨ ਨੇ ਸਰਬਸੰਮਤੀ ਨਾਲ ਪਾਸ ਕੀਤੇ ਘੋਸ਼ਣਾ ਪੱਤਰ ਵਿੱਚ ਚਾਰ ਲੇਬਰ ਕੋਡ ਰੱਦ ਕਰਨ, ਟਰੇਡ ਯੂਨੀਅਨ ਹੱਕਾਂ ਦੀ ਗਾਰੰਟੀ, ਮਹਿੰਗਾਈ ਭੱਤੇ ਨਾਲ ਜੋੜ ਕੇ 42,000 ਘੱਟੋ-ਘੱਟ ਕਾਨੂੰਨੀ ਤਨਖ਼ਾਹ, ਸੀ-2 ਲਾਗਤ ਤੇ 50 ਫ਼ੀਸਦੀ ਮੁਨਾਫ਼ੇ (32+50 ਫੀਸਦੀ) ਦੇ ਆਧਾਰ ਤੇ ਕਾਨੂੰਨੀ ਐੱਮ ਐੱਸ ਪੀ ਅਤੇ ਯਕੀਨੀ ਸਰਕਾਰੀ ਖ਼ਰੀਦ, ਕਿਸਾਨ ਅਤੇ ਮਜ਼ਦੂਰ ਵਿਰੋਧੀ ਮੁਕਤ ਵਪਾਰ ਸਮਝੌਤਿਆਂ (ਐੱਫ ਟੀ ਏ) ਨੂੰ ਰੱਦ ਕਰਨ, ਨਿੱਜੀਕਰਨ ਅਤੇ ਨੈਸ਼ਨਲ ਮੋਨੀਟਾਈਜ਼ੇਸ਼ਨ ਪਾਈਪਲਾਈਨ 2.0 ਨੂੰ ਰੋਕਣ, ਮਨਰੇਗਾ ਨੂੰ • ਬਾਕੀ ਸਫਾ 10 'ਤੇ

# ਹਾਕੀ 'ਚ ਵੀ ਸੰਘੀ ਡ੍ਰਿਬਲਿੰਗ, ਨਿੱਕਰ-ਜਰਸੀ ਕਰ'ਤੀ ਭਗਵੀਂ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**
ਨੀਦਰਲੈਂਡ ਅਤੇ ਬੈਲਜੀਅਮ ਵਿੱਚ 15 ਤੋਂ 30 ਅਗਸਤ ਤੱਕ ਹੋਣ ਵਾਲੇ ਹਾਕੀ ਵਿਸ਼ਵ ਕੱਪ ਵਿੱਚ ਭਾਰਤੀ ਪੁਰਸ਼ ਅਤੇ ਮਹਿਲਾ ਟੀਮਾਂ ਆਪਣੀ ਰਵਾਇਤੀ ਨੀਲੀ ਕਿੱਟ ਦੀ ਬਜਾਏ ਕੇਸਰੀ (ਭਗਵਾ) ਰੰਗ ਦੀਆਂ ਜਰਸੀਆਂ ਵਿੱਚ ਨਜ਼ਰ ਆਉਣਗੀਆਂ। ਰੰਗ ਵਿੱਚ ਕੀਤੇ ਗਏ ਇਸ ਬਦਲਾਅ 'ਤੇ ਸਾਬਕਾ ਕਪਤਾਨ ਵੀਰੇਨ ਰਸਕਿਨਾ ਨੇ ਸਵਾਲ ਉਠਾਏ ਹਨ, ਜਦਕਿ ਹਾਕੀ ਇੰਡੀਆ ਨੇ ਇਸ ਨੂੰ ਤਕਨੀਕੀ ਲੋੜ ਦੱਸਦਿਆਂ ਆਪਣੇ ਫੈਸਲੇ ਦਾ ਬਚਾਅ ਕੀਤਾ ਹੈ।




ਹਾਕੀ ਇੰਡੀਆ ਨੇ ਆਪਣੇ ਸੋਸ਼ਲ ਮੀਡੀਆ ਪੇਜਾਂ 'ਤੇ ਨਵੀਂ ਜਰਸੀ ਨੂੰ ਜਾਰੀ ਕਰਦਿਆਂ ਕਿਹਾ ਕਿ ਇਸ ਦਾ ਡਿਜ਼ਾਈਨ ਅਤੇ ਰੰਗ 'ਇੱਕ ਕਹਾਣੀ ਬਿਆਨ ਕਰਦਾ ਹੈ' ਅਤੇ 'ਭਾਰਤ ਦੇ ਮਾਣ' ਨੂੰ ਦਰਸਾਉਂਦਾ ਹੈ। ਇਸ ਫੈਸਲੇ ਨੂੰ ਖਿਡਾਰੀਆਂ ਅਤੇ ਸਪੋਰਟਸ ਸਟਾਫ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਅੰਤਮ ਰੂਪ ਦਿੱਤਾ ਗਿਆ ਸੀ। ਹਾਕੀ ਇੰਡੀਆ ਨੇ ਕਿਹਾ ਕਿ ਕੇਸਰੀ ਰੰਗ ਹਿੰਮਤ, ਕੁਰਬਾਨੀ ਅਤੇ ਜਿੱਤ ਦਾ ਪ੍ਰਤੀਕ ਹੈ।

ਹਾਕੀ ਇੰਡੀਆ ਨੇ ਰਸਕਿਨਾ ਦੇ ਸਵਾਲਾਂ ਦੇ ਜਵਾਬ ਵਿੱਚ ਜਾਰੀ ਬਿਆਨ ਵਿੱਚ ਕਿਹਾ, 'ਇਹ ਦੇਖਿਆ ਗਿਆ ਕਿ ਨੀਲੀ ਖੇਡ ਵਰਦੀ ਅੱਜਕੱਲ੍ਹ ਅੰਤਰਰਾਸ਼ਟਰੀ ਹਾਕੀ ਪਿੱਚਾਂ ਦਾ ਮਿਆਰੀ ਰੰਗ ਬਣ ਚੁੱਕੇ ਨੀਲੇ ਸਿੰਥੈਟਿਕ ਗਰਾਊਂਡ ਨਾਲ ਮਿਲ ਜਾਂਦੀ ਹੈ। ਇਸ ਵਿਜ਼ੂਅਲ ਸਮਾਨਤਾ ਕਾਰਨ ਮੈਦਾਨ 'ਤੇ ਖਿਡਾਰੀਆਂ ਨੂੰ ਸਾਫ ਦਿਖਾਈ ਦੇਣ ਵਿੱਚ ਮੁਸ਼ਕਲ ਆਉਂਦੀ ਸੀ। ਕੋਚਾਂ ਅਤੇ ਖਿਡਾਰੀਆਂ ਨੇ ਪੀਲੇ ਜਾਂ ਕੇਸਰੀ ਵਰਗੇ ਬਦਲਵੇਂ ਰੰਗਾਂ ਦਾ ਸੁਝਾਅ ਦਿੱਤਾ। ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਕੇਸਰੀ ਰੰਗ ਨੂੰ ਅੰਤਮ ਰੂਪ ਦਿੱਤਾ ਗਿਆ। ਹਾਕੀ ਇੰਡੀਆ ਮੁਤਾਬਕ ਨਵੀਂ ਜਰਸੀ ਵਿੱਚ ਗੂੜ੍ਹੇ ਨੇਵੀ ਬਲੂ ਰੰਗ ਦੇ ਡਿਜ਼ਾਈਨ ਅਸ਼ੋਕ ਚੱਕਰ ਤੋਂ ਪ੍ਰੇਰਤ ਹਨ, ਜੋ ਤਰੱਕੀ, ਸ਼ਾਂਤੀ ਅਤੇ ਫੋਕਸ ਦਾ ਪ੍ਰਤੀਕ ਹਨ। ਛਾਤੀ 'ਤੇ ਬਣਿਆ ਗ੍ਰਾਫਿਕ ਸੁਦਰਸ਼ਨ ਚੱਕਰ ਦਾ ਆਧੁਨਿਕ ਰੂਪ ਹੈ, ਜੋ ਤਾਕਤ, ਏਕਤਾ ਅਤੇ ਗਤੀ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਮੋਢਿਆਂ ਅਤੇ ਪਾਸਿਆਂ 'ਤੇ ਤਿਰੰਗੀ ਪਾਈਪਿੰਗ ਦਿੱਤੀ ਗਈ ਹੈ, ਜੋ ਰਾਸ਼ਟਰੀ ਮਾਣ ਨੂੰ ਮਜ਼ਬੂਤ ਕਰਦੀ ਹੈ।

ਭਾਰਤੀ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਦਾ ਜਸ਼ਨ ਮਨਾਉਣ ਲਈ ਜਰਸੀ ਦੇ ਅੱਗੇ ਸਟਾਈਲਿਸ਼ 'ਦੇਵਨਾਗਰੀ' ਲਿਪੀ ਵਿੱਚ 'ਇੰਡੀਆ' ਲਿਖਿਆ ਗਿਆ ਹੈ। ਕੇਸਰੀ ਰੰਗ ਤੋਂ ਇਲਾਵਾ ਦੋਵਾਂ ਭਾਰਤੀ ਟੀਮਾਂ ਦੀ ਕਿੱਟ ਵਿੱਚ ਸਫੈਦ ਰੰਗ ਦੀਆਂ ਜਰਸੀਜ਼ ਵੀ ਸ਼ਾਮਲ ਹੋਣਗੀਆਂ, ਜਿਨ੍ਹਾਂ 'ਤੇ ਇਹੀ ਨਵਾਂ ਡਿਜ਼ਾਈਨ ਹੋਵੇਗਾ। ਹਾਕੀ ਇੰਡੀਆ ਨੇ ਕਿਹਾ ਕਿ ਕੌਮੀ ਟੀਮਾਂ ਦੀ ਜਰਸੀ ਵਿੱਚ ਬਦਲਾਅ ਕੋਈ ਨਵੀਂ ਗੱਲ ਨਹੀਂ ਅਤੇ ਅਤੀਤ ਵਿੱਚ ਵੀ ਅਜਿਹਾ ਹੁੰਦਾ ਰਿਹਾ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਹਾਕੀ ਵਿੱਚ ਜਰਸੀ ਦੇ ਰੰਗ ਵਿੱਚ ਬਦਲਾਅ ਕੋਈ ਪਹਿਲੀ ਵਾਰ ਨਹੀਂ ਹੋ ਰਿਹਾ। ਸਮੇਂ-ਸਮੇਂ 'ਤੇ ਕਾਰਜਸ਼ੀਲ ਅਤੇ ਹੋਰ ਲੋੜਾਂ ਅਨੁਸਾਰ ਕੌਮੀ ਟੀਮ ਦੀ ਖੇਡ ਕਿੱਟ ਦੇ ਰੰਗ ਵਿੱਚ ਸੋਧ ਕੀਤੀ • ਬਾਕੀ ਸਫਾ 10 'ਤੇ

# ਸਰਕਾਰ ਦਾ ਜਵਾਬ ਨਾ-ਤਸੱਲੀਬਖਸ਼ : ਜਥੇਦਾਰ ਗੜਗੱਜ

**ਅੰਮ੍ਰਿਤਸਰ (ਨਵਾਂ ਜ਼ਮਾਨਾ ਸਰਵਿਸ)**
ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਵਿੱਚ ਪ੍ਰਸਤਾਵਤ ਸੋਧਾਂ 'ਤੇ ਸਰਕਾਰ ਦੇ ਜਵਾਬ ਨੂੰ ਨਾਤਸੱਲੀਬਖਸ਼ ਕਰਾਰ ਦਿੱਤਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਸਰਕਾਰ ਦੇ ਜਵਾਬ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਸਿੱਖਾਂ ਦੀ ਸਰਵਉੱਚ ਸੰਸਥਾ ਅਤੇ ਸਿੱਖ ਭਾਵਨਾਵਾਂ ਦੇ ਮੁਤਾਬਕ ਕਾਨੂੰਨ ਵਿੱਚ ਸੋਧ ਕਰਨ ਲਈ ਤਿਆਰ ਨਹੀਂ ਹੈ।

ਉਨ੍ਹਾ ਕਿਹਾ ਕਿ ਸਰਕਾਰ ਦਾ ਜਵਾਬ 29 ਜੂਨ ਨੂੰ ਹੋਈ ਸਹਿਮਤੀ ਨੂੰ ਨਹੀਂ ਦਰਸਾਉਂਦਾ ਹੈ। ਉਸ ਦਿਨ ਸਿੱਖ ਵਿਧਾਇਕ ਅਤੇ ਕੈਬਨਿਟ ਮੰਤਰੀ ਅਕਾਲ ਤਖਤ ਅੱਗੇ ਪੇਸ਼ ਹੋਏ ਸਨ ਅਤੇ ਭਰੋਸਾ ਦਿੱਤਾ ਸੀ ਕਿ ਪ੍ਰਸਤਾਵਤ ਸੋਧਾਂ ਨੂੰ ਪ੍ਰਵਾਨ ਕਰਦੇ ਹੋਏ ਕਾਨੂੰਨ ਵਿੱਚ ਸੋਧ ਕਰਵਾਈ ਜਾਵੇਗੀ। ਜਥੇਦਾਰ ਮੁਤਾਬਕ ਸਰਕਾਰ ਨੇ ਅਕਾਲ ਤਖਤ ਵੱਲੋਂ ਪੇਸ਼ ਕੀਤੇ ਗਏ ਇਤਰਾਜ਼ਾਂ ਅਤੇ ਸਿਫਾਰਸ਼ਾਂ ਵਿੱਚੋਂ ਸਿਰਫ '10 ਫੀਸਦੀ' ਹੀ ਸਵੀਕਾਰ ਕੀਤੇ ਹਨ। ਉਨ੍ਹਾ ਕਿਹਾ ਕਿ ਸਰਕਾਰ ਦਾ ਜਵਾਬ ਤਸੱਲੀਬਖਸ਼ ਨਹੀਂ ਹੈ ਅਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਨੇ ਸੋਧਾਂ ਦੇ ਮਾਮਲੇ ਵਿੱਚ ਅਕਾਲ ਤਖਤ ਨਾਲ ਤਾਲਮੇਲ ਵੀ ਨਹੀਂ ਕੀਤਾ।

ਪੰਜਾਬ ਦੇ ਗ੍ਰਹਿ ਵਿਭਾਗ ਨੇ ਬੁੱਧਵਾਰ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਅਤੇ ਡੀ ਸੀ ਅੰਮ੍ਰਿਤਸਰ ਰਾਹੀਂ ਅਕਾਲ ਤਖਤ ਸਕੱਤਰੇਤ ਨੂੰ 24 ਪੰਨਿਆਂ ਦਾ ਜਵਾਬ ਸੌਂਪਿਆ ਸੀ। ਜਵਾਬ ਵਿੱਚ ਤਖਤ ਵੱਲੋਂ ਐਕਟ 'ਤੇ ਉਠਾਏ ਗਏ 12 ਇਤਰਾਜ਼ਾਂ ਅਤੇ ਸੁਝਾਵਾਂ ਨੂੰ ਸੰਬੋਧਤ ਕੀਤਾ ਗਿਆ। ਮੁੱਖ ਨੁਕਤਿਆਂ ਵਿੱਚੋਂ ਸਰਕਾਰ ਨੇ ਕਾਨੂੰਨ ਵਿੱਚੋਂ ਵਿਵਾਦਪੂਰਨ ਸ਼ਬਦ ਕਸਟੋਡੀਅਨ • ਬਾਕੀ ਸਫਾ 10 'ਤੇ

## 'ਸਿੱਖ ਵਿਧਾਇਕ ਸਪੀਕਰ ਨਾਲ ਗੱਲ ਕਰਨ, ਸੀ ਐੱਮ ਨਾਲ ਨਹੀਂ'

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਵਿਧਾਨ ਸਭਾ ਦੇ ਇਜਲਾਸ ਵਿੱਚ ਸ਼ਾਮਲ ਹੋਣ ਸੰਬੰਧੀ ਮਾਰਗਦਰਸ਼ਨ ਲਈ ਕੀਤੀ ਗਈ ਅਪੀਲ ਸੰਬੰਧੀ ਇੱਕ ਸਵਾਲ ਦੇ ਜਵਾਬ ਵਿੱਚ ਜਥੇਦਾਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਸ਼ਾਮਲ ਹੋਣ ਵਾਲੇ ਸਿੱਖ ਵਿਧਾਇਕਾਂ ਨੂੰ ਆਪਣੀ ਗੱਲਬਾਤ ਸਪੀਕਰ ਤੱਕ ਸੀਮਤ ਰੱਖਣੀ ਚਾਹੀਦੀ ਹੈ ਅਤੇ ਸਿਰਫ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾ ਦੀ ਕਿਸੇ ਵੀ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ। ਬਾਜਵਾ ਨੇ ਇਸ ਮੁੱਦੇ 'ਤੇ ਅਕਾਲ ਤਖਤ ਤੋਂ ਲਿਖਤੀ ਰੂਪ ਵਿੱਚ ਦਿਸ਼ਾ-ਨਿਰਦੇਸ਼ ਮੰਗੇ ਸਨ।

## ਕਰਜ਼ਾ ਚੁੱਕਣ 'ਚ ਪੰਜਾਬ 12ਵੇਂ ਨੰਬਰ 'ਤੇ

**ਚੰਡੀਗੜ੍ਹ :** 10.42 ਲੱਖ ਕਰੋੜ ਦਾ ਕਰਜ਼ਾ ਚੁੱਕ ਕੇ ਤਾਮਿਲਨਾਡੂ ਪਹਿਲੇ ਨੰਬਰ 'ਤੇ ਹੈ। ਪੰਜਾਬ ਦਾ ਦੇਸ਼-ਭਰ 'ਚੋਂ 12ਵਾਂ ਨੰਬਰ ਹੈ, ਜਿਸ 'ਤੇ ਮਾਰਚ 2026 ਤੱਕ 4.13 ਲੱਖ ਕਰੋੜ ਦਾ ਕਰਜ਼ਾ ਸੀ। ਮਾਰਚ 2026 ਤੱਕ ਸਭ ਤੋਂ ਘੱਟ ਕਰਜ਼ਾ 14,516 ਕਰੋੜ ਮਿਜ਼ੋਰਮ 'ਤੇ ਸੀ। ਕੇਂਦਰੀ ਵਿੱਤ ਮੰਤਰਾਲੇ ਮੁਤਾਬਕ ਬਿਹਾਰ 'ਤੇ 4.03 ਲੱਖ ਕਰੋੜ, ਹਰਿਆਣਾ 'ਤੇ 4.02 ਲੱਖ ਕਰੋੜ ਦਾ ਕਰਜ਼ਾ ਹੈ। ਦੂਜਾ ਨੰਬਰ ਮਹਾਰਾਸ਼ਟਰ ਦਾ ਹੈ, ਜਿਸ 'ਤੇ 9.37 ਲੱਖ ਕਰੋੜ ਦਾ ਕਰਜ਼ਾ ਹੈ। 8.83 ਲੱਖ ਕਰੋੜ ਨਾਲ ਯੂ ਪੀ ਤੀਜੇ ਨੰਬਰ 'ਤੇ ਹੈ। 8.14 ਲੱਖ ਕਰੋੜ ਨਾਲ ਕਰਨਾਟਕ ਚੌਥੇ ਨੰਬਰ 'ਤੇ ਹੈ।

## ਕਾਂਗਰਸ ਦੇ ਤਿੰਨ ਵੱਡੇ ਸਿਰ ਜੁੜੇ

**ਨਵੀਂ ਦਿੱਲੀ :** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ, ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵਿਚਕਾਰ ਮੰਗਲਵਾਰ ਇੱਥੇ ਹੋਈ ਗੁਪਤ ਮੀਟਿੰਗ ਦੀ ਪੰਜਾਬ ਦੇ ਕਾਂਗਰਸੀ ਹਲਕਿਆਂ ਵਿੱਚ ਕਾਫੀ ਚਰਚਾ ਹੈ। ਕਥਿਤ ਤੌਰ 'ਤੇ ਰੰਧਾਵਾ ਦੀ ਦਿੱਲੀ ਸਥਿਤ ਰਿਹਾਇਸ਼ 'ਤੇ ਹੋਈ ਮੀਟਿੰਗ ਇੱਕ ਮੀਡੀਆ ਏਜੰਸੀ ਦੇ ਮਾਲਕ ਵੱਲੋਂ ਕਰਵਾਈ ਗਈ ਦੱਸੀ ਗਈ ਹੈ, ਜੋ ਪਾਰਟੀ ਆਗੂਆਂ ਨਾਲ ਕੰਮ ਕਰਦਾ ਰਿਹਾ ਹੈ।

## ਧਮਾਕੇ ਨਾਲ ਫੋਰਮੈਨ ਦੀ ਮੌਤ

**ਪਠਾਨਕੋਟ :** ਸਰਨਾ ਸਥਿਤ ਛੋਟੀ ਨਹਿਰ ਨੇੜੇ ਵਰਕਸ਼ਾਪ ਵਿੱਚ ਵੈਲਡਿੰਗ ਕਰਦਿਆਂ ਟੈਂਕਰ ਵਿੱਚ ਧਮਾਕੇ ਨਾਲ ਬਲਸੂਆ ਦੇ 60 ਸਾਲਾ ਫੋਰਮੈਨ ਦੌਲਤ ਰਾਮ ਦੀ ਮੌਤ ਹੋ ਗਈ, ਜਦਕਿ ਉਸ ਦਾ ਇੱਕ ਸਾਥੀ ਮੁਲਾਜ਼ਮ ਜ਼ਖ਼ਮੀ ਹੋ ਗਿਆ। ਵਰਕਸ਼ਾਪ ਦੀ ਟੀਨ ਦੀ ਛੱਤ ਉੱਡ ਗਈ ਅਤੇ ਟੈਂਕਰ ਦੇ ਪਰਖਚੇ ਉੱਡ ਕੇ ਦੂਰ-ਦੂਰ ਤੱਕ ਖਿੱਲਰ ਗਏ।

## ਬਜ਼ੁਰਗ ਮਹਿਲਾ ਦੀ ਮੌਤ

**ਲੰਬੀ :** ਪਿੰਡ ਪੱਕੀ ਟਿੱਬੀ ਵਿੱਚ ਮੋਹਲੇਧਾਰ ਮੀਂਹ ਕਾਰਨ ਤੜਕੇ ਕਰੀਬ ਪੰਜ ਵਜੇ ਛੱਤ ਤੇ ਗਾਰਡਰ ਡਿੱਗਣ ਨਾਲ 75 ਸਾਲਾ ਕੁਲਵੰਤ ਕੌਰ ਪਤਨੀ ਗੁਰਦਾਸ ਸਿੰਘ ਦੀ ਮੌਤ ਹੋ ਗਈ। ਤੇਜ਼ ਮੀਂਹ ਕਾਰਨ ਛੱਤ ਝੜਨ ਲੱਗੀ ਤਾਂ ਕੁਲਵੰਤ ਕੌਰ, ਉਸ ਦਾ ਬੇਟਾ ਸੁਰਿੰਦਰ ਸਿੰਘ ਤੇ ਨੂੰਹ ਘਰ ਦਾ ਸਾਮਾਨ ਬਚਾਉਣ ਲਈ ਇੱਧਰ-ਉੱਧਰ ਕਰਨ ਲੱਗੇ। ਸੁਰਿੰਦਰ ਸਿੰਘ (ਜੋ ਕਿ ਕਾਰ ਮਕੈਨਿਕ ਹੈ) ਅਤੇ ਉਸ ਦੀ ਪਤਨੀ ਕੁਝ ਪਲ ਪਹਿਲਾਂ ਹੀ ਇਨਵਰਟਰ ਬੰਦ ਕਰਕੇ ਕਮਰੇ ਵਿੱਚੋਂ ਬਾਹਰ ਨਿਕਲ ਗਏ ਸਨ, ਪਰ ਕੁਲਵੰਤ ਕੌਰ ਬਾਹਰ ਨਿਕਲਦੇ ਸਮੇਂ ਮਲਬੇ ਦੀ ਲਪੇਟ ਵਿੱਚ ਆ ਗਈ।

# ਪੁਲਸ ਵਧੀਕੀਆਂ ਲਈ ਜ਼ਿੰਮੇਵਾਰ ਸ਼ਾਹ ਅਸਤੀਫਾ ਦੇਣ : ਦੀਪਕੇ

**ਮੁੰਬਈ (ਨਵਾਂ ਜ਼ਮਾਨਾ ਸਰਵਿਸ)**
ਕਾਕਰੋਚ ਜਨਤਾ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ ਵੀਰਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫੇ ਦੀ ਮੰਗ ਕਰਦਿਆਂ ਦੋਸ਼ ਲਗਾਇਆ ਕਿ 20 ਜੁਲਾਈ ਨੂੰ ਸੰਸਦ ਮਾਰਚ ਦੌਰਾਨ ਪੁਲਸ ਦੀਆਂ ਵਧੀਕੀਆਂ ਉਨ੍ਹਾ ਦੇ ਨਿਰਦੇਸ਼ਾਂ 'ਤੇ ਕੀਤੀਆਂ ਗਈਆਂ। ਦੀਪਕੇ ਨੇ ਅਸਤੀਫੇ ਦੀ ਮੰਗ ਰਾਹੁਲ ਗਾਂਧੀ ਵੱਲੋਂ ਅਮਿਤ ਸ਼ਾਹ 'ਤੇ ਪ੍ਰਦਰਸ਼ਨਕਾਰੀਆਂ 'ਤੇ ਕਾਰਵਾਈ ਦਾ ਹੁਕਮ ਦੇਣ ਦਾ ਦੋਸ਼ ਲਗਾਉਣ ਅਤੇ ਉਨ੍ਹਾਂ ਤੋਂ ਅਸਤੀਫਾ ਮੰਗਣ ਤੋਂ ਇੱਕ ਦਿਨ ਬਾਅਦ ਕੀਤੀ ਹੈ।



ਦੀਪਕੇ ਨੇ ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀ ਨਗਰ ਵਿੱਚ ਪੱਤਰਕਾਰਾਂ ਨੂੰ ਕਿਹਾ, 'ਜਿਸ ਤਰ੍ਹਾਂ ਵਿਦਿਆਰਥੀਆਂ 'ਤੇ ਹਮਲਾ ਕੀਤਾ ਗਿਆ ਅਤੇ ਜਦੋਂ ਉਹ ਵਿਰੋਧ ਕਰ ਰਹੇ ਸਨ ਤਾਂ ਉਨ੍ਹਾਂ ਦਾ ਖ਼ੂਨ ਵਹਾਇਆ ਗਿਆ, ਉਹ ਸ਼ਾਹ ਦੇ ਹੁਕਮਾਂ ਤੋਂ ਬਿਨਾਂ ਨਹੀਂ ਹੋ ਸਕਦਾ ਸੀ।'

ਦੀਪਕੇ ਨੇ ਕਿਹਾ ਕਿ ਉਹ ਰਾਹੁਲ ਦੀ ਮੰਗ ਦਾ ਸਮਰਥਨ ਕਰਦੇ ਹਨ ਅਤੇ ਸ਼ਾਹ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਕਾਕਰੋਚ ਜਨਤਾ ਪਾਰਟੀ ਨੂੰ ਵਿਦੇਸ਼ੀ ਫੰਡਿੰਗ ਮਿਲਣ ਦੇ ਦੋਸ਼ਾਂ ਨੂੰ ਖਾਰਜ ਕਰ ਕਰਦਿਆਂ ਦੀਪਕੇ ਨੇ ਕਿਹਾ, 'ਜੇ ਸਾਨੂੰ ਸ਼ਾਹ ਦੇ ਗ੍ਰਹਿ ਮੰਤਰਾਲੇ ਦੀ ਕਮਾਨ ਸੰਭਾਲਣ ਦੇ ਬਾਵਜੂਦ ਵਿਦੇਸ਼ੀ ਫੰਡ ਮਿਲ ਰਹੇ ਹਨ, ਤਾਂ ਇਹ ਉਨ੍ਹਾ ਦੀ ਅਸਫਲਤਾ ਵੀ ਹੈ। ਫਿਰ ਤੁਸੀਂ ਕਿਸ ਤਰ੍ਹਾਂ ਦੇ ਚਾਣਕਿਆ ਹੋ? ਉਸ ਸਥਿਤੀ ਵਿੱਚ ਵੀ ਉਨ੍ਹਾ [ਸ਼ਾਹ] ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।'

ਦੀਪਕੇ ਨੇ ਦੋਸ਼ ਲਗਾਇਆ ਕਿ 20 ਜੁਲਾਈ ਨੂੰ ਜੰਤਰ-ਮੰਤਰ ਵਿਖੇ ਦਿੱਲੀ ਪੁਲਸ ਨੇ ਪੱਥਰਬਾਜ਼ੀ ਦੀ ਯੋਜਨਾ ਬਣਾਈ ਸੀ। ਭਾਜਪਾ ਦੇ ਗੁੰਡੇ ਆਏ, ਪੱਥਰ ਸੁੱਟੇ ਅਤੇ ਵਿਦਿਆਰਥੀਆਂ ਨੂੰ ਦੋਸ਼ੀ ਠਹਿਰਾਇਆ ਗਿਆ। ਦੀਪਕੇ ਨੇ ਭਾਜਪਾ ਆਗੂਆਂ 'ਤੇ ਦੋਸ਼ ਲਗਾਇਆ ਕਿ ਉਹ ਉਨ੍ਹਾ ਨੂੰ ਅਤੇ ਉਨ੍ਹਾ ਦੇ ਪਰਵਾਰ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਲਈ ਧਮਕੀਆਂ ਦੇ ਰਹੇ ਹਨ। ਉਨ੍ਹਾਂ ਨੇ ਸਾਨੂੰ ਕਿਹਾ ਕਿ ਜਾਂ ਤਾਂ ਪਾਰਟੀ ਵਿੱਚ ਸ਼ਾਮਲ ਹੋਵੋ ਜਾਂ ਨਤੀਜੇ ਭੁਗਤੋ।

# ਲੁਧਿਆਣਾ ਦੇ ਪੌਸ਼ ਇਲਾਕਿਆਂ ਦੀਆਂ ਸੜਕਾਂ ਨਾਲੇ ਬਣੀਆਂ

**ਲੁਧਿਆਣਾ (ਨ ਜ਼ ਸ)-**
ਵੀਰਵਾਰ ਭਾਰੀ ਮੀਂਹ ਕਾਰਨ ਇੱਥੇ ਘੰਟਾ ਘਰ ਤੋਂ ਲੈ ਕੇ ਮਾਧੋਪੁਰੀ, ਧੱਕਾ ਮੁਹੱਲਾ, ਚੰਡੀਗੜ੍ਹ ਰੋਡ ਅਤੇ ਇੱਥੋਂ ਤੱਕ ਕਿ ਸਰਾਭਾ ਨਗਰ, ਬੀ ਆਰ ਐੱਸ ਨਗਰ ਤੇ ਗੁਰਦੇਵ ਨਗਰ ਵਰਗੇ ਪੌਸ਼ ਇਲਾਕਿਆਂ ਵਿੱਚ ਵੀ ਪਾਣੀ ਭਰ ਜਾਣ ਕਾਰਨ ਸੜਕਾਂ ਨਾਲੇ ਦਾ ਰੂਪ ਧਾਰ ਗਈਆਂ। ਵੱਖ-ਵੱਖ ਥਾਵਾਂ 'ਤੇ ਸੜਕਾਂ ਧੱਸਣ ਕਾਰਨ ਹਾਲਤ ਹੋਰ ਵਿਗੜ ਗਈ ਅਤੇ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਟਰੈਫਿਕ ਜਾਮ ਰਿਹਾ।



ਕੋਟ ਮੰਗਲ ਸਿੰਘ ਨਗਰ ਇਲਾਕੇ ਵਿੱਚ ਕੰਮ 'ਤੇ ਜਾ ਰਿਹਾ ਇੱਕ ਬਜ਼ੁਰਗ ਸਾਈਕਲ ਸਮੇਤ ਖੁੱਲ੍ਹੇ ਸੀਵਰ ਵਿੱਚ ਡਿੱਗ ਪਿਆ। ਚੌਕਸ ਲੋਕਾਂ ਨੇ ਉਸ ਨੂੰ ਸਮੇਂ ਸਿਰ ਬਚਾ ਲਿਆ। ਸਭ ਤੋਂ ਵੱਧ ਪ੍ਰਭਾਵਤ ਮਾਡਲ ਟਾਊਨ ਰਿਹਾ, ਜਿੱਥੇ ਸੋਮਵਾਰ ਨੂੰ ਮਿੰਟਗੁਮਰੀ ਚੌਕ ਨੇੜੇ ਸੜਕ ਧੱਸ ਗਈ, ਪਰ ਉਸ ਦੀ ਮੁਰੰਮਤ ਨਹੀਂ ਕੀਤੀ ਗਈ। ਪਾਣੀ ਭਰਨ ਕਾਰਨ ਉੱਥੇ ਲੋਕ ਫਸਦੇ ਨਜ਼ਰ ਆਏ। ਇਸ ਤੋਂ ਇਲਾਵਾ ਦੀਪ ਹਾਸਪਿਟਲ ਰੋਡ 'ਤੇ ਵੱਡੇ ਟੋਏ ਪੈ ਗਏ ਹਨ ਅਤੇ ਦੋ ਥਾਵਾਂ 'ਤੇ ਸੜਕ ਧੱਸ ਚੁੱਕੀ ਹੈ, ਜਿੱਥੇ ਹੁਣ ਤੱਕ ਚਾਰ ਹਾਦਸੇ ਵਾਪਰ ਚੁੱਕੇ ਹਨ। ਮਾਡਲ ਟਾਊਨ ਐਕਸਟੈਂਸ਼ਨ ਵਿੱਚ ਕੋਚਿੰਗ ਕਲਾਸ ਲਈ ਜਾ ਰਹੇ ਤਿੰਨ ਵਿਦਿਆਰਥੀਆਂ ਦਾ ਈ-ਰਿਕਸ਼ਾ ਪਲਟ ਗਿਆ ਅਤੇ ਇੱਕ ਵਿਦਿਆਰਥੀ ਦੀ ਬਾਂਹ 'ਤੇ ਸੱਟ ਵੀ ਲੱਗ ਗਈ। ਗੁਰਦੇਵ ਨਗਰ ਵਿਖੇ ਸੜਕ ਧੱਸਣ ਕਾਰਨ ਕਾਰ ਉਸ ਵਿੱਚ ਜਾ ਡਿੱਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀਬਾੜੀ ਮੌਸਮ ਵਿਗਿਆਨ ਤੇ ਜਲਵਾਯੂ ਪਰਿਵਰਤਨ ਵਿਭਾਗ ਦੇ ਮੁਖੀ ਡਾ. ਪੀ ਕੇ ਕਿੰਗਰਾ ਨੇ ਦੱਸਿਆ ਕਿ ਆਉਣ ਵਾਲੇ 2-3 ਦਿਨ ਹੋਰ ਮੀਂਹ ਪਵੇਗਾ।

# ਮੋਦੀ ਦਾ ਅਸਤੀਫਾ ਝੂਠਾ ਕਰਾਰ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫੇ ਦਾ ਦਾਅਵਾ ਕਰਨ ਵਾਲਾ ਇੱਕ ਫਰਜ਼ੀ ਤਿਆਗ-ਪੱਤਰ ਸੋਸ਼ਲ ਮੀਡੀਆ 'ਤੇ ਘੁੰਮ ਰਿਹਾ ਹੈ, ਜਿਸ ਕਾਰਨ ਕੇਂਦਰ ਨੇ ਵੀਰਵਾਰ ਨੂੰ ਸਪੱਸ਼ਟੀਕਰਨ ਜਾਰੀ ਕੀਤਾ ਅਤੇ ਇਸ ਦਾਅਵੇ ਨੂੰ ਝੂਠਾ ਕਰਾਰ ਦਿੱਤਾ। ਇਸ ਪੱਤਰ ਨੂੰ ਫੇਸਬੁਕ ਵਰਗੇ ਪਲੇਟਫਾਰਮਾਂ 'ਤੇ ਕਈ ਉਪਭੋਗਤਾਵਾਂ ਨੇ ਸਾਂਝਾ ਕੀਤਾ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਮੋਦੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦਿੱਤਾ ਹੈ।



ਵਾਇਰਲ ਦਸਤਾਵੇਜ਼, ਜਿਸ 'ਤੇ ਅਸ਼ੋਕ ਚੱਕਰ ਦਾ ਚਿੰਨ੍ਹ ਸੀ ਅਤੇ ਜਿਸ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਦਸਤਖਤ ਸਨ, ਬਾਰੇ ਦਾਅਵਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਨਿੱਜੀ ਅਤੇ ਸਿਆਸੀ ਜ਼ਿੰਮੇਵਾਰੀ ਕਾਰਨ ਅਸਤੀਫਾ ਦੇ ਰਹੇ ਹਨ।

ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀ ਆਈ ਬੀ) ਦੀ ਫੈਕਟ ਚੈੱਕ ਯੂਨਿਟ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਅਜਿਹਾ ਕੋਈ ਤਿਆਗ ਪੱਤਰ ਜਾਰੀ ਨਹੀਂ ਕੀਤਾ ਗਿਆ।

ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ ਪੀ ਆਈ ਬੀ ਨੇ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਦਸਤਖਤ ਕੀਤੇ ਗਏ ਇੱਕ ਪੱਤਰ ਨੂੰ ਸੋਸ਼ਲ ਮੀਡੀਆ 'ਤੇ ਪ੍ਰਸਾਰਤ ਕੀਤਾ ਜਾ ਰਿਹਾ ਹੈ। ਅਜਿਹਾ ਕੋਈ ਪੱਤਰ ਪ੍ਰਧਾਨ • ਬਾਕੀ ਸਫਾ 10 'ਤੇ

## ਸ਼ਾਹ ਏਨੇ ਡਰੇ ਹੋਏ ਕਿਉਂ ਹਨ : ਰਾਹੁਲ

**ਨਵੀਂ ਦਿੱਲੀ (ਨ ਜ਼ ਸ) :** ਰਾਹੁਲ ਗਾਂਧੀ ਨੇ ਵੀਰਵਾਰ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਸੰਸਦ ਵਿੱਚ ਗੈਰ-ਹਾਜ਼ਰੀ 'ਦੋਸ਼ ਦੀ ਬੂ ਮਾਰਦੀ ਹੈ'। ਉਨ੍ਹਾ 'ਐੱਕਸ' 'ਤੇ ਪੁਲਸ ਵੱਲੋਂ ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨ ਦੀ ਇੱਕ ਵੀਡੀਓ ਕਲਿੱਪ ਸਾਂਝੀ ਕਰਦਿਆਂ ਕਿਹਾ, "ਵਿਦਿਆਰਥੀ ਇਨਸਾਫ ਦੇ ਹੱਕਦਾਰ ਹਨ। ਸਾਡੇ ਵਿਦਿਆਰਥੀਆਂ 'ਤੇ ਹੋਏ ਅੱਤਿਆਚਾਰਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਆਜ਼ਾਦ ਉੱਚ-ਪੱਧਰੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ।" ਇੱਕ ਹੋਰ ਪੋਸਟ ਵਿੱਚ, ਰਾਹੁਲ ਨੇ ਪੁੱਛਿਆ ਕਿ ਸ਼ਾਹ ਸੰਸਦ ਵਿੱਚ ਆਉਣ ਅਤੇ ਵਿਦਿਆਰਥੀਆਂ 'ਤੇ ਹੋਈ ਬੇਰਹਿਮ ਹਿੰਸਾ ਬਾਰੇ ਸਪੱਸ਼ਟੀਕਰਨ ਦੇਣ ਤੋਂ ਏਨੇ ਡਰੇ ਹੋਏ ਕਿਉਂ ਹਨ।

## ਮੋਦੀ ਤੇ ਸ਼ਾਹ ਨਾ ਬੋਲੇ ਤਾਂ ਵਿਦਿਆਰਥੀ ਫਿਰ ਸਬਕ ਸਿਖਾਉਣਗੇ : ਖੜਗੇ

**ਨਵੀਂ ਦਿੱਲੀ (ਨ ਜ਼ ਸ)** ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਵੀਰਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਵਿਦਿਆਰਥੀਆਂ ਵਿਰੁੱਧ ਕੀਤੀ ਗਈ ਪੁਲਸ ਕਾਰਵਾਈ 'ਤੇ ਜਵਾਬ ਮੰਗਿਆ। ਪੇਪਰ ਲੀਕ ਰੋਕਣ ਬਾਰੇ ਬਿੱਲ 'ਤੇ ਚਰਚਾ ਦੌਰਾਨ ਖੜਗੇ ਨੇ ਕਿਹਾ ਕਿ ਪ੍ਰਦਰਸ਼ਨਾਂ ਬਾਰੇ ਸਰਕਾਰ ਦੀ ਚੁੱਪ ਨੇ ਵਿਦਿਆਰਥੀਆਂ ਨੂੰ ਨਿਰਾਸ਼ ਕੀਤਾ ਹੈ ਅਤੇ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਤਾਂ ਉਹ ਲੋਕਤੰਤਰੀ ਤਰੀਕੇ ਨਾਲ ਜਵਾਬ ਦੇਣਗੇ। ਖੜਗੇ ਨੇ ਕਿਹਾ, 'ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ 'ਤੇ ਚੁੱਪ ਹਨ। ਜੇ ਉਹ ਨਹੀਂ ਬੋਲਦੇ, ਤਾਂ ਵਿਦਿਆਰਥੀ ਉਨ੍ਹਾਂ ਨੂੰ ਇੱਕ ਵਾਰ ਫਿਰ ਸਬਕ ਸਿਖਾਉਣਗੇ।' ਖੜਗੇ ਨੇ ਕਿਹਾ, 'ਗ੍ਰਹਿ ਮੰਤਰੀ ਵਿਦਿਆਰਥੀਆਂ 'ਤੇ ਹੋਏ ਅੱਤਿਆਚਾਰਾਂ ਲਈ ਜ਼ਿੰਮੇਵਾਰ ਹਨ। ਉਹ ਬੰਦ ਦਰਵਾਜ਼ਿਆਂ ਪਿੱਛੇ ਨਹੀਂ ਛੁਪ ਸਕਦੇ। ਸਰਕਾਰ ਨੂੰ ਸੰਸਦ ਵਿੱਚ 20 ਜੁਲਾਈ ਦੀਆਂ ਘਟਨਾਵਾਂ ਦਾ ਸੱਚ ਪੇਸ਼ ਕਰਨਾ ਚਾਹੀਦਾ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ।'

## 'ਦੀ ਨਿਊ ਯਾਰਕ ਟਾਈਮਜ਼' ਦੀ ਸੁਰਖੀ 'ਤੇ ਸਖਤ ਇਤਰਾਜ਼

**ਨਵੀਂ ਦਿੱਲੀ (ਨ ਜ਼ ਸ) :** ਭਾਰਤ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ ਨੂੰ 'ਪਾਕਿਸਤਾਨੀ ਕਸ਼ਮੀਰ' ਵਜੋਂ ਦਰਸਾਉਣ ਲਈ 'ਦੀ ਨਿਊ ਯਾਰਕ ਟਾਈਮਜ਼' ਵਿਰੁੱਧ ਸਖਤ ਇਤਰਾਜ਼ ਪ੍ਰਗਟਾਇਆ ਹੈ ਅਤੇ ਦੁਹਰਾਇਆ ਹੈ ਕਿ ਇਹ ਖੇਤਰ ਭਾਰਤ ਦਾ ਅਨਿੱਖੜਵਾਂ ਅੰਗ ਹੈ।

ਅਮਰੀਕੀ ਅਖਬਾਰ ਵੱਲੋਂ ਆਪਣੀ ਇੱਕ ਤਾਜ਼ਾ ਰਿਪੋਰਟ ਵਿੱਚ ਵਰਤੀ ਗਈ ਸੁਰਖੀ 'ਤੇ ਇਤਰਾਜ਼ ਪ੍ਰਗਟ ਕਰਦਿਆਂ ਅਮਰੀਕਾ ਵਿੱਚ ਭਾਰਤੀ ਦੂਤਾਵਾਸ ਨੇ ਇਸ ਸ਼ਬਦਾਵਲੀ ਨੂੰ ਗੁੰਮਰਾਹਕੁੰਨ ਅਤੇ ਗਲਤ ਕਰਾਰ ਦਿੱਤਾ। ਐੱਕਸ 'ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਕਿਹਾ, 'ਕੋਈ ਪਾਕਿਸਤਾਨੀ ਕਸ਼ਮੀਰ ਨਹੀਂ ਹੈ, ਸਿਰਫ ਪਾਕਿਸਤਾਨ ਦੇ ਕਬਜ਼ੇ ਵਾਲਾ ਕਸ਼ਮੀਰ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ ਹਮੇਸ਼ਾ ਤੋਂ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਅੰਗ ਰਹੇ ਹਨ ਅਤੇ ਹਮੇਸ਼ਾ ਰਹਿਣਗੇ।'

## ਅੱਜ-ਨਾਮਾ

ਆਦਮੀ ਠੀਕ ਸੀ ਕਦੀ ਇਹ ਆਮ ਬੰਦਾ,
ਬਣਿਆ ਆਗੂ ਤੇ ਨਹੀਂ ਉਹ ਗੱਲ ਬੇਲੀ।
ਵਾਅਦੇ ਲੋਕਾਂ ਦੇ ਨਾਲ ਸਨ ਕਰੇ ਬਾਹਲੇ,
ਔਖਾ ਵਾਅਦਿਆਂ ਦਾ ਕਰਨਾ ਹੱਲ ਬੇਲੀ।
ਜਾਂਦੀ ਜ਼ਰਾ ਨਹੀਂ ਪੇਸ਼ ਜਾਂ ਵਾਹ ਲੱਗਦੀ,
ਟਰਕਾਵੇ ਗੱਲ ਉਹ ਹੋਰਾਂ ਦੇ ਵੱਲ ਬੇਲੀ।
ਜਾਣ ਲੋਕਾਂ ਦੇ ਵਿੱਚ ਗਿਆ ਹੋ ਮੁਸ਼ਕਲ,
ਲਾਹੁੰਦੇ ਲੋਕ ਕਈ ਵਾਲ ਦੀ ਖੱਲ ਬੇਲੀ।
ਆਪੋਜ਼ੀਸ਼ਨ ਦਾ ਲੀਡਰ ਜਾਂ ਹਾਕਮਾਂ ਦਾ,
ਭਰੋਸਾ ਦੋਵਾਂ ਦਾ ਰਿਹਾ ਹੈ ਤਿੜਕ ਬੇਲੀ।
ਜਿਹੜੀ ਗੱਲ ਦਾ ਝੋਰਾ ਅੱਜ ਲੀਡਰਾਂ ਨੂੰ,
ਲੱਗਣ ਦੇਣ ਨਾ ਲੋਕ ਕੁਝ ਬਿੜਕ ਬੇਲੀ।

-ਤੀਸ ਮਾਰ ਖਾਂ

## ਪੰਜਾਬ ਬੰਦ ਨੂੰ ਭਰਪੂਰ ਹੁੰਗਾਰੇ ਦਾ ਦਾਅਵਾ

**ਜਲੰਧਰ (ਗਿਆਨ ਸੈਦਪੁਰੀ)**-ਸਫਾਈ ਸੇਵਕ ਯੂਨੀਅਨ ਪੰਜਾਬ ਨੇ ਵੀਰਵਾਰ ਦਾਅਵਾ ਕੀਤਾ ਕਿ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਰੋਪੜ, ਨੰਗਲ, ਖਰੜ, ਮੋਹਾਲੀ, ਰਾਜਪੁਰਾ, ਸਰਹੰਦ, ਪਟਿਆਲਾ, ਲੁਧਿਆਣਾ, ਮੋਗਾ, ਫ਼ਰੀਦਕੋਟ, ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਸੰਗਰੂਰ, ਬਰਨਾਲਾ, ਮਾਨਸਾ, ਫਾਜ਼ਿਲਕਾ, ਧੂਰੀ, ਕੋਟਕਪੂਰਾ, ਰਾਮਪੁਰਾ ਫੂਲ, ਕਰਤਾਰਪੁਰ, ਫਿਲੌਰ, ਨਕੋਦਰ, ਸ਼ਾਹਕੋਟ, ਫਗਵਾੜਾ, ਮਹਿਤਪੁਰ, ਲੋਹੀਆਂ ਖਾਸ ਸਮੇਤ ਪੰਜਾਬ ਭਰ 'ਚ ਵੱਡੇ-ਛੋਟੇ ਸ਼ਹਿਰ ਅਤੇ ਕਸਬੇ ਮੁਕੰਮਲ ਰੂਪ 'ਚ ਬੰਦ ਰਹੇ। ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਸ਼ੋਕ ਸਾਰਵਾਨ, ਸੂਬਾ ਜਨਰਲ ਸਕੱਤਰ ਰਮੇਸ਼ ਗੈਚੰਡ ਅਤੇ ਸੂਬਾ ਮੁੱਖ ਸਲਾਹਕਾਰ ਕੁਲਦੀਪ ਸ਼ਰਮਾ ਨੇ ਕਿਹਾ ਕਿ ਸਫਾਈ ਸੇਵਕਾਂ ਅਤੇ ਹੋਰ ਮਿਉਂਸਪਲ ਕਾਮਿਆਂ ਨੂੰ ਪੱਕੇ ਕਰਾਉਣ, ਠੇਕੇਦਾਰੀ ਸਿਸਟਮ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ, ਘੱਟੋ-ਘੱਟ 40 ਹਜ਼ਾਰ ਤਨਖ਼ਾਹ ਕਰਨ ਸਮੇਤ ਬਰਨਾਲਾ ਦੇ ਡੀ ਐੱਸ ਪੀ ਸਤਬੀਰ ਬੈਂਸ ਤੇ ਐੱਸ ਐੱਸ ਓ ਲਖਵਿੰਦਰ ਸਿੰਘ ਵਿਰੁੱਧ ਇਰਾਦਾ ਕਤਲ ਤੇ ਐੱਸ ਸੀ, ਐੱਸ ਟੀ ਐਕਟ ਤਹਿਤ ਪਰਚਾ ਦਰਜ ਕਰਨ ਦੀ ਮੰਗ ਮਨਵਾਉਣ ਤੱਕ ਉਹਨਾਂ ਦਾ ਸੰਘਰਸ਼ ਜਾਰੀ ਰਹੇਗਾ।

# ਸ਼ਾਨਦਾਰ ਨਤੀਜਿਆਂ ਲਈ 300 ਤੋਂ ਵੱਧ ਪ੍ਰਿੰਸੀਪਲਾਂ ਦਾ ਸਨਮਾਨ

**ਮੁਹਾਲੀ (ਗੁਰਜੀਤ ਬਿੱਲਾ)**
ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਵਿੱਚ ਪ੍ਰਿੰਸੀਪਲਾਂ ਦੇ ਯੋਗ ਮਾਰਗ-ਦਰਸ਼ਨ ਅਤੇ ਵਚਨਬੱਧਤਾ ਨੂੰ ਉਤਸ਼ਾਹਤ ਕਰਨ ਤੇ ਮਾਨਤਾ ਦੇਣ ਲਈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਵੀਰਵਾਰ ਸਰਕਾਰੀ ਸਕੂਲਾਂ ਦੇ 300 ਤੋਂ ਵੱਧ ਪ੍ਰਿੰਸੀਪਲਾਂ ਦਾ ਸਨਮਾਨ ਕੀਤਾ, ਜਿਨ੍ਹਾਂ ਦੇ ਵਿਦਿਆਰਥੀਆਂ ਨੇ ਪੰਜਾਬ ਅਕਾਦਮਿਕ ਕੋਚਿੰਗ ਫਾਰ ਐਕਸੀਲੈਂਸ (ਪੇਸ) ਪਹਿਲਕਦਮੀ ਅਧੀਨ ਜੇ ਈ ਈ (ਮੇਨ), ਜੇ ਈ ਈ (ਐਡਵਾਂਸਡ) ਅਤੇ ਨੀਟ ਯੂ ਜੀ 2026 ਪ੍ਰੀਖਿਆਵਾਂ ਪਾਸ ਕੀਤੀਆਂ ਹਨ।



ਬੈਂਸ ਨੇ ਕਿਹਾ ਕਿ 361 ਵਿਦਿਆਰਥੀਆਂ ਨੇ ਜੇ ਈ ਈ (ਮੇਨ) 2026 ਪ੍ਰੀਖਿਆ ਪਾਸ ਕੀਤੀ ਹੈ, ਜੋ ਪਿਛਲੇ ਸਾਲ ਨਾਲੋਂ 35.2 ਫ਼ੀਸਦ ਵਾਧੇ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ 64 ਵਿਦਿਆਰਥੀਆਂ ਨੇ ਜੇ ਈ ਈ (ਐਡਵਾਂਸਡ) ਪ੍ਰੀਖਿਆ ਪਾਸ ਕੀਤੀ ਹੈ, ਜੋ ਕਿ ਸਾਲ-ਦਰ-ਸਾਲ 45.5 ਫ਼ੀਸਦ ਵਾਧਾ ਦਰਸਾਉਂਦਾ ਹੈ। ਸਿੱਖਿਆ ਮੰਤਰੀ ਨੇ ਕਿਹਾ-ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਨੀਟ ਯੂ ਜੀ 2026 ਪ੍ਰੀਖਿਆ ਪਾਸ ਕੀਤੀ ਹੈ, ਜਦੋਂ ਕਿ ਸਾਲ 2025 ਵਿੱਚ ਇਹ ਗਿਣਤੀ 847 ਅਤੇ ਸਾਲ 2024 ਵਿੱਚ 437 ਸੀ। ਇਹ ਗਿਣਤੀ ਮਹਿਜ਼ ਦੋ ਸਾਲਾਂ ਵਿੱਚ 100 ਫ਼ੀਸਦ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦੀ ਹੈ।ਸਰਕਾਰੀ ਸਕੂਲਾਂ ਦੇ 10 ਵਿਦਿਆਰਥੀਆਂ ਨੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈ ਆਈ ਟੀਜ਼), 36 ਵਿਦਿਆਰਥੀਆਂ ਨੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਨ ਆਈ ਟੀਜ਼) ਅਤੇ 90 ਤੋਂ ਵੱਧ ਵਿਦਿਆਰਥੀਆਂ ਨੇ ਦੇਸ਼ ਭਰ ਦੇ ਸਰਕਾਰੀ ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖਲਾ ਪ੍ਰਾਪਤ ਕੀਤਾ ਹੈ। ਉਨ੍ਹਾ ਕਿਹਾ ਕਿ ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦੇ ਸਰਕਾਰੀ ਸਕੂਲ ਹੁਣ ਅਜਿਹੇ ਵਿਦਿਆਰਥੀ ਪੈਦਾ ਕਰ ਰਹੇ ਹਨ, ਜੋ ਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ ਵਿੱਚ ਦਾਖਲਾ ਲੈਣ ਦੇ ਯੋਗ ਹਨ। 2022 ਵਿੱਚ ਸਰਕਾਰੀ ਸਕੂਲਾਂ ਦੇ 80 ਤੋਂ ਘੱਟ ਵਿਦਿਆਰਥੀਆਂ ਨੇ ਇਨ੍ਹਾਂ ਪ੍ਰੀਖਿਆਵਾਂ ਨੂੰ ਪਾਸ ਕੀਤਾ ਸੀ।

ਅੱਜ ਪੰਜਾਬ ਭਰ ਵਿੱਚੋਂ 882 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਲੱਖਾਂ ਵਿਦਿਆਰਥੀਆਂ ਲਈ ਸਰਕਾਰੀ ਸਕੂਲ ਵਿੱਚ ਸਿੱਖਿਆ ਲੈਣਾ ਹੁਣ ਸਮਝੌਤਾ ਨਹੀਂ ਰਿਹਾ। ਇਹ ਹੁਣ ਆਈ ਆਈ ਟੀਜ਼, ਐੱਨ ਆਈ ਟੀਜ਼, ਮੈਡੀਕਲ ਕਾਲਜ ਅਤੇ ਇੱਕ ਬਿਹਤਰ ਭਵਿੱਖ ਦਾ ਰਾਹ ਬਣ ਗਏ ਹਨ।ਇਸ ਸਮਾਗਮ ਵਿੱਚ ਪੀ ਡੀ ਸੀ ਮੈਂਬਰ ਅਨੁਰਾਗ ਕੁੰਡੂ, ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਐੱਸ ਐੱਸ ਬੱਲ ਅਤੇ ਸਕੂਲ ਸਿੱਖਿਆ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਸ਼ੁੱਕਰਵਾਰ, 31 ਜੁਲਾਈ, 2026
16 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 60

# ਨਵਾਂ ਜ਼ਮਾਨਾ

DAILY NAWAN ZAMANA • FRIDAY, 31 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਮਾਚਾਰ ਵਿਭਾਗ | 0181-5097303 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

## ਸੰਦੇਸ਼

ਭਾਰਤ ਦੀ ਅੰਗਰੇਜ਼ ਸਾਮਰਾਜ ਦੀ ਗੁਲਾਮੀ ਵਿਰੁੱਧ ਲੜੇ ਸੰਗਰਾਮ ਦੇ ਮਹਾਨ ਨਾਇਕ ਬੇਮਿਸਾਲ ਕੁਰਬਾਨੀ, ਸਿਰੜ ਅਤੇ ਅਣਖੀ ਕੌਮੀ ਹੀਰੋ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਸੀਸ ਨਿਵਾਂਦੇ ਹਾਂ ਅਤੇ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਸ਼ਹੀਦਾਂ ਦੀ ਕੁਰਬਾਨੀ ਦੀ ਯਾਦ 'ਚ 'ਨਵਾਂ ਜ਼ਮਾਨਾ' ਵਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਧੰਨਵਾਦ ਕਰਦੇ ਹਾਂ।



ਸੰਤ ਬਲਬੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ, ਕਾਰਸੇਵਕ ਕਾਲੀ ਵੇਈਂ ਸੁਲਤਾਨਪੁਰ ਲੋਧੀ — ਡਾ. ਉਪਿੰਦਰਜੀਤ ਕੌਰ, ਸਾਬਕਾ ਖਜ਼ਾਨਾ ਮੰਤਰੀ ਪੰਜਾਬ — ਰਾਣਾ ਇੰਦਰਪ੍ਰਤਾਪ ਸਿੰਘ, ਐਮ ਐਲ ਏ ਸੁਲਤਾਨਪੁਰ ਲੋਧੀ — ਨਵਤੇਜ ਸਿੰਘ ਚੀਮਾ, ਸਾਬਕਾ ਐਮ ਐਲ ਏ — ਸੱਜਣ ਸਿੰਘ ਚੀਮਾ, ਹਲਕਾ ਇਚਾਰਜ 'ਆਪ' ਸੁਲਤਾਨਪੁਰ ਲੋਧੀ — ਇੰਜੀ. ਸਵਰਨ ਸਿੰਘ, ਮੈਂਬਰ ਪੀ ਏ ਸੀ — ਜਰਨੈਲ ਸਿੰਘ ਡੋਗਰਾਂਵਾਲਾ, ਮੈਂਬਰ ਐਸ ਜੀ ਪੀ ਸੀ

ਦਿਲਬਾਗ ਸਿੰਘ ਗਿੱਲ, ਐਮ ਡੀ ਗਿੱਲ ਆਟੋਮੋਬਾਇਲਜ਼ — ਤੇਜਵੰਤ ਸਿੰਘ, ਸਾਬਕਾ ਚੇਅਰਮੈਨ ਇਪਰੂਵਮੈਂਟ ਟਰੱਸਟ ਸੁਲਤਾਨਪੁਰ ਲੋਧੀ — ਦੀਪਕ ਧੀਰ ਰਾਜੂ, ਸਾਬਕਾ ਪ੍ਰਧਾਨ ਨਗਰ ਕੌਂਸਲ ਸੁਲਤਾਨਪੁਰ ਲੋਧੀ — ਜਸਪਾਲ ਸਿੰਘ ਧੰਜੂ, ਸਾਬਕਾ ਚੇਅਰਮੈਨ ਕੰਬੋਜ਼ ਭਲਾਈ ਬੋਰਡ ਪੰਜਾਬ — ਸੁਖਵਿੰਦਰ ਸਿੰਘ ਸੁੱਖ, ਸਾਬਕਾ ਚੇਅਰਮੈਨ — ਐਡ. ਰਜਿੰਦਰ ਸਿੰਘ ਰਾਣਾ, ਸਕੱਤਰ ਟਰੱਸਟ — ਭਾਈ ਮੇਜਰ ਸਿੰਘ ਖਾਲਸਾ, ਇੰਟਰਨੈਸ਼ਨਲ ਢਾਡੀ ਪ੍ਰਚਾਰਕ — ਕਿਰਪਾਲ ਸਿੰਘ, ਜੈਨਪੁਰ



ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਚੇਅਰਮੈਨ ਗੁਰਜੰਟ ਸਿੰਘ ਸੰਧੂ — ਸ਼ਮਿੰਦਰ ਸਿੰਘ ਸੰਧੂ

## ਐੱਮ. ਐੱਸ. ਸੰਧੂ ਟਰੇਡਿੰਗ ਕੰਪਨੀ

ਦੁਕਾਨ ਨੰ. 125, ਨਵੀਂ ਗਰੀਨ ਮਾਰਕੀਟ ਸੁਲਤਾਨਪੁਰ ਲੋਧੀ

ਮੋਬਾ. 98720-71958

## ਧੰਨਵਾਦ

ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਨੂੰ ਇਹ ਸਪਲੀਮੈਂਟ ਕੱਢਣ ਵਿੱਚ ਭਰਪੂਰ ਸਹਿਯੋਗ ਦਿੱਤਾ। ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।



## ਬਲਵਿੰਦਰ ਸਿੰਘ ਧਾਲੀਵਾਲ

ਪੱਤਰਕਾਰ, ਸੁਲਤਾਨਪੁਰ ਲੋਧੀ

ਮੋਬਾ. 99141-88618

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



## M/S. G.S. Builders

H. O. : Near Old Post Office, Mohalla Uppaln, Sultanpur Lodhi

## ਗੁਰਸ਼ਰਨ ਸਿੰਘ ਭੰਮਰਾ ਵਿੱਕੀ ਠੇਕੇਦਾਰ

ਚੇਅਰਮੈਨ ਰਾਮਗੜ੍ਹੀਆ ਵੈਲਫੇਅਰ ਬੋਰਡ ਹਲਕਾ ਸੁਲਤਾਨਪੁਰ ਲੋਧੀ

ਮੋਬਾ. 98729-66667

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ




## ਘੋਤੜਾ ਪਰਵਾਰ

ਰਾਜੂ ਘੋਤੜਾ ਉੱਘੇ ਖੇਡ ਪ੍ਰਮੋਟਰ ਸਮਾਜ ਸੇਵੀ ਯੂ ਐੱਸ ਏ ਵਾਲੇ

ਪਿੰਡ ਫੌਜੀ ਕਾਲੋਨੀ, ਸੁਲਤਾਨਪੁਰ ਲੋਧੀ

ਰਾਜੂ ਘੋਤੜਾ — ਸਰਪੰਚ ਕਰਨੈਲ ਸਿੰਘ



ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ

ਰਾਣਾ ਗੁਰਜੀਤ ਸਿੰਘ, ਐਮ ਐਲ ਏ ਕਪੂਰਥਲਾ, ਸਾਬਕਾ ਮੰਤਰੀ — ਰਾਣਾ ਇੰਦਰਪ੍ਰਤਾਪ ਸਿੰਘ, ਐਮ ਐਲ ਏ, ਸੁਲਤਾਨਪੁਰ ਲੋਧੀ, ਮੋਬਾ. 98159-00907

ਜਾਰੀ ਕਰਤਾ

## ਸਮੂਹ ਵਰਕਰ ਹਲਕਾ ਸੁਲਤਾਨਪੁਰ ਲੋਧੀ

## ਸ੍ਰੀ ਦਸਮੇਸ਼ ਹਸਪਤਾਲ ਅਤੇ ਡਾਇਗਨੋਸਟਿਕ ਸੈਂਟਰ



(ਸ੍ਰੀ ਦਸਮੇਸ਼ ਹਸਪਤਾਲ)

ਸਾਹਮਣੇ ਸਿਵਲ ਹਸਪਤਾਲ, ਸ੍ਰੀ ਬੇਰ ਸਾਹਿਬ ਰੋਡ ਸੁਲਤਾਨਪੁਰ ਲੋਧੀ (ਕਪੂਰਥਲਾ)

ਇਥੇ ਅਲਟਰਾ ਸਾਊਂਡ, ਐਕਸਰੇ, ਜੱਚਾ ਬੱਚਾ ਨਾਰਮਲ ਡਲਿਵਰੀ ਤੇ ਵੱਡਾ ਅਪਰੇਸ਼ਨ, ਆਧੁਨਿਕ ਲੈਬਾਰਟਰੀ, ਲਾਲ ਪਥ ਲੈਬ, ਪਿੱਤੇ ਦੀ ਪੱਥਰੀ, ਗੁਰਦੇ ਦੀ ਪੱਥਰੀ, ਹਰ ਤਰ੍ਹਾਂ ਦੇ ਅਪਰੇਸ਼ਨ, ਟੁੱਟੀਆਂ ਹੱਡੀਆਂ ਨੂੰ ਜੋੜਨ ਲਈ ਪਲੇਟਾਂ, ਰਾਡ, ਜੋੜਾਂ ਦਾ ਇਲਾਜ, ਲੇਡੀਜ਼ ਡਾਕਟਰ ਅਤੇ ਹੋਰ ਹਰ ਪ੍ਰਕਾਰ ਦਾ ਇਲਾਜ।

ਡਾ. ਸਵਰਨ ਸਿੰਘ — ਲੇਡੀ ਡਾਕਟਰ, 24 ਘੰਟੇ ਐਮਰਜੈਂਸੀ — ਕਰਨਦੀਪ ਸਿੰਘ, ਕਰਨ ਐਕਸਰੇ

ਫੋਨ : 98159-79148, 70099-50853, 98768-75590

## ਮਹਿੰਦਰਾ ਐਂਡ ਮਹਿੰਦਰਾ

### ਗਿੱਲ ਆਟੋਮੋਬਾਇਲਜ਼

ਮਹਿੰਦਰਾ ਟਰੈਕਟਰ ਏਜੰਸੀ

ਹੈੱਡ ਆਫਿਸ : ਗੁਰਦੁਆਰਾ ਸ੍ਰੀ ਬੇਰ ਸਾਹਿਬ ਰੋਡ, ਸੁਲਤਾਨਪੁਰ ਲੋਧੀ

ਬ੍ਰਾਂਚਾਂ : ਸ਼ਾਹਕੋਟ, ਨਕੋਦਰ, ਜ਼ੀਰਾ, ਧਰਮਕੋਟ

ਮੋਬਾ. 98729-72595, 98770-25596




2700 ਤੋਂ 2900 ਤੱਕ ਲਿਫ਼ਟ ਕੰਪੈਸਟੀ ਨਿਊ 585 ਐਮ ਬੁੱਲ ਪੇਟੈਂਟ ਸਪੈਸ਼ਲ ਟਰੈਕਟਰ, 4 ਸਲੰਡਰ 50 HP

25ਐਚ ਪੀ ਤੋਂ ਲੈ ਕੇ ਵੱਡੀ ਰੇਂਜ ਤੱਕ ਲੋਡਰ ਉਪਲਬੱਧ ਹਨ

2900 ਤੋਂ ਲੈ ਕੇ 3800 ਸੀ ਸੀ ਪਾਵਰ

ਬੈਂਕ ਲੋਨ ਦੀ ਸਹੂਲਤ ਉਪਲਬਧ ਹੈ

ਲੇਜ਼ਰ ਲੈਵਲ, ਲੋਡਰ, ਸੁਪਰ ਸੀਡਰ, ਰੂਟਾਵੇਟਰ, ਮਲਚਰ, ਵੇਲਰ, ਰੈਕ ਆਦਿ ਮਿਲਦੇ ਹਨ।

6 ਸਾਲ ਦੀ ਵਰੰਟੀ, ਸੀ ਆਰ ਡੀ ਟੈਕਨੋਲੋਜੀ, ਇੰਜਣ ਮੂਡ ਤਿੰਨ ਹੈ।

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਸੱਜਣ ਸਿੰਘ ਚੀਮਾ, ਹਲਕਾ ਇਂਚਾਰਜ — ਕੌਂਸਲਰ ਰਾਜੀਵ ਧੀਰ ਆੜ੍ਹਤੀਆ, ਸ਼ਹਿਰੀ ਪ੍ਰਧਾਨ (ਆਪ) — ਹਰੀਸ਼ ਪਾਲ ਨਈਅਰ, ਸਮਾਜ ਸੇਵੀ — ਰਵੀ ਦੱਤ ਨਈਅਰ, ਸਮਾਜ ਸੇਵੀ

## M/s : ਗੋਬਿੰਦ ਟਰੇਡਿੰਗ ਕੰਪਨੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ — ਸੱਜਣ ਸਿੰਘ ਚੀਮਾ, ਹਲਕਾ ਇੰਚਾਰਜ 'ਆਪ' ਸੁਲਤਾਨਪੁਰ ਲੋਧੀ, ਮੋਬਾ. 98785-00759 — ਮਲਕੀਤ ਸਿੰਘ ਬੂੜੇਵਾਲ, ਯੂਥ ਪ੍ਰਧਾਨ ਹਲਕਾ ਸੁਲਤਾਨਪੁਰ ਲੋਧੀ, ਮੋਬਾ. 98776-40500

ਜਾਰੀ ਕਰਤਾ : ਮਲਕੀਤ ਸਿੰਘ ਬੂੜੇਵਾਲ ਯੂਥ ਪ੍ਰਧਾਨ ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ — ਸੱਜਣ ਸਿੰਘ ਚੀਮਾ, ਹਲਕਾ ਇੰਚਾਰਜ 'ਆਪ' ਸੁਲਤਾਨਪੁਰ ਲੋਧੀ, ਮੋਬਾ. 98785-00759 — ਲਾਭ ਸਿੰਘ ਧੰਜੂ, ਵਾ. ਚੇਅਰਮੈਨ ਬਲਾਕ ਸੰਮਤੀ ਸੁਲਤਾਨਪੁਰ ਲੋਧੀ, ਮੋਬਾ. 81467-20243

ਜਾਰੀ ਕਰਤਾ : ਲਾਭ ਸਿੰਘ ਧੰਜੂ ਵਾਇਸ ਚੇਅਰਮੈਨ ਬਲਾਕ ਸੰਮਤੀ ਸੁਲਤਾਨਪੁਰ ਲੋਧੀ



ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ

ਰਾਣਾ ਗੁਰਜੀਤ ਸਿੰਘ, ਸਾਬਕਾ ਮੰਤਰੀ — ਰਾਣਾ ਇੰਦਰਪ੍ਰਤਾਪ ਸਿੰਘ, ਐਮ ਐਲ ਏ, ਸੁਲਤਾਨਪੁਰ ਲੋਧੀ — ਦੀਪਕ ਧੀਰ ਰਾਜੂ, ਸਾਬਕਾ ਪ੍ਰਧਾਨ ਨਗਰ ਕੌਂਸਲ ਸੁਲਤਾਨਪੁਰ ਲੋਧੀ

ਜਾਰੀ ਕਰਤਾ

## ਦੀਪਕ ਧੀਰ ਰਾਜੂ

ਸਾਬਕਾ ਪ੍ਰਧਾਨ ਨਗਰ ਕੌਂਸਲ ਸੁਲਤਾਨਪੁਰ ਲੋਧੀ

## HOTEL GRAND KING & Doaba□s Sweets & Bakery House



ਸੁਖਦੇਵ ਸਿੰਘ ਨਾਨਕਪੁਰ — ਸੁਖਵਿੰਦਰ ਸਿੰਘ ਨਾਨਕਪੁਰ — ਗੁਰਮੇਲ ਸਿੰਘ ਨਾਨਕਪੁਰ

Mob. 98761-37829, 01828-500630

Kapurthala Road, Near Court Complex Sultanpur Lodhi



ਸਿਮਰਨਜੀਤ ਸਿੰਘ ਮਾਨ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ) — ਮੁਖਤਿਆਰ ਸਿੰਘ ਸੋਢੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ), ਕਪੂਰਥਲਾ — ਸੰਤੋਸ਼ ਸਿੰਘ, ਜ਼ਿਲ੍ਹਾ ਯੂਥ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ)

ਮੋਬਾ. 98154-58804



ਰਾਣਾ ਇੰਦਰਪ੍ਰਤਾਪ ਸਿੰਘ, ਐਮ ਐਲ ਏ — ਤੇਜਵੰਤ ਸਿੰਘ, ਸਾਬਕਾ ਚੇਅਰਮੈਨ ਇਪਰੂਵਮੈਂਟ ਟਰੱਸਟ — ਅਸ਼ੋਕ ਕੁਮਾਰ ਮੋਗਲਾ, ਸਾਬਕਾ ਪ੍ਰਧਾਨ — ਨਵਨੀਤ ਸਿੰਘ ਚੀਮਾ, ਸਾਬਕਾ ਕੌਂਸਲਰ — ਸੰਦੀਪ ਕੌਰ ਚੀਮਾ, ਪ੍ਰਧਾਨ ਨਗਰ ਕੌਂਸਲ

## ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ
## ਸਾਹਿਤ ਸਭਾ ਤੇ ਬਾਰ ਐਸੋਸੀਏਸ਼ਨ,
## ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ

### ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ



ਪ੍ਰੋ. ਚਰਨ ਸਿੰਘ ਬਾਨੀ ਪ੍ਰਧਾਨ, ਸ਼ਹੀਦ ਊਧਮ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ — ਸਵ. ਸ਼ਿੰਗਾਰਾ ਸਿੰਘ ਐਡਵੋਕੇਟ, ਜਨਰਲ ਸਕੱਤਰ

ਪ੍ਰੋ. ਡਾ. ਬਲਜੀਤ ਕੌਰ, ਪ੍ਰਧਾਨ — ਰਜਿੰਦਰ ਸਿੰਘ ਰਾਣਾ ਐਡਵੋਕੇਟ, ਵਿੱਤ ਸਕੱਤਰ, ਸਾਬਕਾ ਪ੍ਰਧਾਨ ਬਾਰ ਐਸੋ. — ਨਰਿੰਦਰ ਸਿੰਘ ਸੋਨੀਆ, ਸਰਪ੍ਰਸਤ ਸਾਹਿਤ ਸਭਾ — ਕੇਹਰ ਸਿੰਘ ਐਡਵੋਕੇਟ — ਗੁਰਮੇਲ ਸਿੰਘ ਬਿੰਦ ਐਡਵੋਕੇਟ — ਦਲਬੀਰ ਸਿੰਘ, ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ — ਸਤਨਾਮ ਸਿੰਘ ਮੋਮੀ ਐਡਵੋਕੇਟ — ਜਸਪਾਲ ਸਿੰਘ ਧੰਜੂ ਐਡਵੋਕੇਟ — ਤੇਜਿੰਦਰ ਸਿੰਘ, ਮੀਤ ਪ੍ਰਧਾਨ ਟਰੱਸਟ

ਵਿਕਰਮਜੀਤ ਸਿੰਘ ਐਡਵੋਕੇਟ — ਮੋਹਨ ਸਿੰਘ ਨੱਢਾ ਐਡਵੋਕੇਟ — ਵਿਕਾਸ਼ਦੀਪ ਸਿੰਘ ਨੰਢਾ ਐਡਵੋਕੇਟ — ਸਤਵੀਰ ਸਿੰਘ ਮਾਹੀਪਾਲ ਐਡਵੋਕੇਟ — ਗੁਰਬਚਨ ਸਿੰਘ ਅਮਰਕੋਟ — ਜਰਨੈਲ ਸਿੰਘ ਐਡਵੋਕੇਟ — ਰਾਜਵਿੰਦਰ ਕੌਰ ਐਡਵੋਕੇਟ — ਤਰੁਨ ਕੰਬੋਜ ਐਡਵੋਕੇਟ — ਐਡਵੋਕੇਟ ਗੁਰਮੀਤ ਸਿੰਘ ਵਿਰਦੀ

ਜਗਦੀਸ਼ ਸਿੰਘ ਸੋਢੀ ਐਡਵੋਕੇਟ — ਡਾ. ਹਰਜੀਤ ਸਿੰਘ, ਸਰਪ੍ਰਸਤ ਸਾਹਿਤ ਸਭਾ — ਡਾ. ਸਵਰਨ ਸਿੰਘ, ਪ੍ਰਧਾਨ ਸਾਹਿਤ ਸਭਾ — ਮੁਖਤਾਰ ਸਿੰਘ ਚੰਦੀ, ਸੈਕਟਰੀ ਸਾਹਿਤ ਸਭਾ — ਪ੍ਰਿੰਸੀ. ਲਖਬੀਰ ਸਿੰਘ — ਦਲਬੀਰ ਸਿੰਘ ਢਿੱਲੋਂ — ਰਣਜੀਤ ਸਿੰਘ ਸਾਬਕਾ ਸਰਪੰਚ, ਬਿਧੀਪੁਰ ਵਾਈਸ ਪ੍ਰਧਾਨ — ਗੁਰਵਿੰਦਰ ਸਿੰਘ, ਮੀਤ ਸਕੱਤਰ ਟਰੱਸਟ — ਕੁਲਵਿੰਦਰ ਸਿੰਘ ਬਿੰਦ — ਗੁਰਮੀਤ ਸਿੰਘ ਢਿੱਲੋਂ ਐਡਵੋਕੇਟ

ਸੁਰਿੰਦਰ ਸਿੰਘ ਸੰਧਾ — ਜਸਵੰਤ ਸਿੰਘ ਕਰਮਜੀਤਪੁਰ — ਬਲਦੇਵ ਸਿੰਘ, ਆਰ ਐਮ ਪੀ ਆਈ — ਅਵਤਾਰ ਸਿੰਘ ਮੀਰੇ — ਮੁਕੰਦ ਸਿੰਘ, ਆਰ ਸੀ ਐਫ — ਜੱਗਾ ਸਿੰਘ ਬਿੰਦ — ਬਲਰਾਜ ਸਿੰਘ, ਯੂ ਐਸ ਏ (ਸ਼ੇਰਪੁਰ ਦੋਨਾ) — ਮਾ. ਗੁਰਚਰਨ ਦਾਸ — ਹਰਬੰਤ ਸਿੰਘ ਨੰਬਰਦਾਰ — ਬਲਦੇਵ ਸਿੰਘ ਟੀਟਾ — ਮਨਜੀਤ ਸਿੰਘ ਢਿੱਲੋਂ

ਦਿਲਜੀਤ ਸਿੰਘ — ਸੁਖਦੇਵ ਸਿੰਘ — ਬਲਕਾਰ ਸਿੰਘ — ਜਸਪਾਲ ਸਿੰਘ ਲੱਕੀ — ਜੱਗਾ ਸਿੰਘ ਨੰਬਰਦਾਰ — ਸਰਵਣ ਸਿੰਘ ਨੰਬਰਦਾਰ — ਬਿੰਦਰ ਕਰਮਜੀਤਪੁਰੀ — ਹਰਵਿੰਦਰ ਸਿੰਘ ਬੱਗਾ — ਨੰਬਰਦਾਰ ਰੇਸ਼ਮ ਸਿੰਘ, ਬਿਧੀਪੁਰ — ਸੁਖਵਿੰਦਰ ਸਿੰਘ ਸੋਨੂੰ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ



## ਜਸ਼ਨ ਇੰਟਰਲਾਕ ਟਾਇਲ ਫੈਕਟਰੀ

ਪਿੰਡ ਗਿੱਲ, ਤਹਿਸੀਲ ਸੁਲਤਾਨਪੁਰ ਲੋਧੀ

## ਹਰਵਿੰਦਰਪਾਲ ਸਿੰਘ ਲਾਲੀ

ਬਲਾਕ ਸੰਮਤੀ ਮੈਂਬਰ ਜ਼ੋਨ ਡੱਲਾ


98158-35076

ਰਾਣਾ ਇੰਦਰ ਪ੍ਰਤਾਪ ਸਿੰਘ, ਵਿਧਾਇਕ ਸੁਲਤਾਨਪੁਰ ਲੋਧੀ — ਹਰਵਿੰਦਰਪਾਲ ਸਿੰਘ ਲਾਲੀ, ਐਮ ਡੀ









ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ

## ਦਿਨੇਸ਼ ਧੀਰ

ਵਾਰਡ ਨੰ. 10 ਕੌਂਸਲਰ ਅਤੇ ਸਾਬਕਾ ਪ੍ਰਧਾਨ ਨਗਰ ਕੌਂਸਲ ਸੁਲਤਾਨਪੁਰ ਲੋਧੀ

ਦਿਨੇਸ਼ ਧੀਰ — ਸੱਜਣ ਸਿੰਘ ਚੀਮਾ, ਹਲਕਾ ਇੰਚਾਰਜ 'ਆਪ' ਸੁਲਤਾਨਪੁਰ ਲੋਧੀ

ਮੋਬਾ. 98146-22068



ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ

## ਨਗੀਨਾ ਰਿਜ਼ੋਰਟ

ਤਲਵੰਡੀ ਚੌਧਰੀਆਂ, ਸੁਲਤਾਨਪੁਰ ਲੋਧੀ

83602-42170

ਸੱਜਣ ਸਿੰਘ ਚੀਮਾ, ਹਲਕਾ ਇੰਚਾਰਜ — ਜਸਕੰਵਲ ਸਿੰਘ ਬਿੰਦ, ਬਲਾਕ ਪ੍ਰਧਾਨ 'ਆਪ'

## ਜਲੰਧਰ ਇੰਟਰਪ੍ਰਾਈਜਿਜ਼

ਗੁਰਦੁਆਰਾ ਬੇਰ ਸਾਹਿਬ ਰੋਡ, ਨੇੜੇ ਸਿਵਲ ਹਸਪਤਾਲ, ਸਾਹਮਣੇ ਗੌਰਮਿੰਟ ਹਾਈ ਸਕੂਲ (ਲੜਕੇ), ਸੁਲਤਾਨਪੁਰ ਲੋਧੀ



ਮਨਮੋਹਨ ਸਿੰਘ — ਜਸਪ੍ਰੀਤ ਸਿੰਘ — ਜਸਜੋਤ ਸਿੰਘ

ਮੋਬਾ. 94173-90389, 94787-37252, 01828 -222432, 98765-49006

## An E.C.H.S. Empaneled Hospital

ਮਲਟੀਸਪੈਸ਼ਲਿਟੀ ISO 9001: 2015 Certified Hospital

## ਅਮਨਪ੍ਰੀਤ ਹਸਪਤਾਲ

DEDICATED TEAM OF DOCTORS



Dr. Mandeep Singh, M.D.(Medicine) — Dr. Varun Mittal, M.S., MCh(Urology) — Dr. Tajinder Bhalla, MBBS, MS (Orthopaedics) — Dr. Shagun Sikka, M.S., M.Ch. (Urology)

Dr. Neha Talwar, M.D.(Pathology) — Dr. Kirtan Kaur M.O. (Obstetrics & Gynaecology) — Dr. Ruhi Salgotra, Medical officer — Dr. Sushant Sharma, Medical officer

Dr. Amanpreet Singh (M.S.) Gold Medalist (General & Laparoscopic Surgeon)

## ਐਮਰਜੈਂਸੀ 24 ਘੰਟੇ

ਸੰਪਰਕ ਨੰਬਰ : 01828-223344, 01828-223355 98146-77484, 98144-06484, 98723-17699

ਨਵਾਂ ਜ਼ਮਾਨਾ
ਸ਼ੁੱਕਰਵਾਰ, 31 ਜੁਲਾਈ 2026

# ਟੁੱਟਦਾ ਵਿਸ਼ਵਾਸ

*ਜੰਤਰ-ਮੰਤਰ ਦੇ ਅੰਦੋਲਨ ਨੇ ਇਹ ਸਵਾਲ ਫਿਰ ਉਭਾਰਿਆ ਹੈ ਕਿ ਕੀ ਭਾਰਤੀ ਮੁੱਖ ਧਾਰਾ ਦਾ ਮੀਡੀਆ ਅਜੇ ਵੀ ਲੋਕਾਂ ਦੇ ਸਭ ਤੋਂ ਵੱਡੇ ਸਰੋਕਾਰਾਂ ਨੂੰ ਉਸੇ ਗੰਭੀਰਤਾ ਨਾਲ ਦੇਖਦਾ ਹੈ, ਜਿਸ ਦੀ ਲੋਕਤੰਤਰ ਉਸ ਤੋਂ ਉਮੀਦ ਕਰਦਾ ਹੈ? ਵਿਦਿਆਰਥੀਆਂ ਦਾ ਉਭਾਰ ਕੋਈ ਆਮ ਘਟਨਾ ਨਹੀਂ ਸੀ। ਇਹ ਅੰਦੋਲਨ ਕੁਝ ਹੀ ਦਿਨਾਂ ਵਿੱਚ ਦੇਸ਼-ਭਰ ਦੇ ਨੌਜਵਾਨਾਂ ਦੀ ਆਵਾਜ਼ ਬਣ ਗਿਆ। ਇਹ ਕਿਸੇ ਰਵਾਇਤੀ ਸਿਆਸੀ ਪਾਰਟੀ ਦਾ ਅੰਦੋਲਨ ਨਹੀਂ ਸੀ। ਇਸ ਦੀ ਭਾਸ਼ਾ, ਚਿੰਨ੍ਹ ਅਤੇ ਸੰਵਾਦ ਦਾ ਮਾਧਿਅਮ ਵੱਖਰੇ ਸਨ। ਸ਼ਾਇਦ ਇਸੇ ਕਾਰਨ ਸੱਤਾ ਦੇ ਨਾਲ-ਨਾਲ ਮੁੱਖ ਧਾਰਾ ਦਾ ਮੀਡੀਆ ਵੀ ਇਸ ਨੂੰ ਸਮੇਂ ਸਿਰ ਪੜ੍ਹ ਨਾ ਸਕਿਆ।*

*20 ਜੁਲਾਈ ਦੀ ਸਭ ਤੋਂ ਵੱਡੀ ਖ਼ਬਰ ਸਿਰਫ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਟਕਰਾਅ ਨਹੀਂ ਸੀ। ਉਸ ਤੋਂ ਵੱਡੀ ਖ਼ਬਰ ਇਹ ਸੀ ਕਿ ਦੇਸ਼ ਦੇ ਬਹੁਤ ਸਾਰੇ ਪ੍ਰਮੁੱਖ ਟੈਲੀਵਿਜ਼ਨ ਚੈਨਲ ਇਸ ਅੰਦੋਲਨ ਨੂੰ ਉਸ ਤਰ੍ਹਾਂ ਦੀ ਨਿਰੰਤਰ, ਵਿਆਪਕ ਤੇ ਨਿਰਪੱਖ ਕਵਰੇਜ ਨਹੀਂ ਦੇ ਸਕੇ, ਜਿਸ ਦੀ ਲੋਕਤੰਤਰ ਵਿੱਚ ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ। ਰਾਇਟਰਜ਼, ਬੀ ਬੀ ਸੀ, ਦੀ ਗਾਰਡੀਅਨ, ਨਿਊਯਾਰਕ ਟਾਈਮਜ਼ ਅਤੇ ਅਲ ਜਜ਼ੀਰਾ ਵਰਗੇ ਕੌਮਾਂਤਰੀ ਸਮਾਚਾਰ ਸੰਸਥਾਨਾਂ ਨੇ ਇਸ ਨੂੰ ਭਾਰਤ ਵਿੱਚ ਵਧ ਰਹੀ ਨੌਜਵਾਨ ਬੇਚੈਨੀ ਅਤੇ ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੀ ਸਭ ਤੋਂ ਵੱਡੀ ਵਿਦਿਆਰਥੀ ਚੁਣੌਤੀ ਵਜੋਂ ਦੇਖਿਆ, ਜਦਕਿ ਇਸ ਦੇ ਉਲਟ, ਬਹੁਤ ਸਾਰੇ ਪ੍ਰਮੁੱਖ ਭਾਰਤੀ ਟੀ ਵੀ ਚੈਨਲਾਂ ਨੇ ਜਾਂ ਤਾਂ ਸ਼ੁਰੂਆਤੀ ਦਿਨਾਂ ਵਿੱਚ ਵਿਰੋਧ ਪ੍ਰਦਰਸ਼ਨ ਨੂੰ ਸੀਮਤ ਕਵਰੇਜ ਦਿੱਤੀ ਜਾਂ ਇਕੱਠ ਨੂੰ ਘਟਾ ਕੇ ਪੇਸ਼ ਕਰਕੇ ਉਸ ਦਾ ਮਹੱਤਵ ਘੱਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਨੇ ਇਸ ਦੀ ਭਰੋਸੇਯੋਗਤਾ ਨੂੰ ਹੋਰ ਖੋਰਾ ਲਾਇਆ। ਮੁੱਖ ਧਾਰਾ ਮੀਡੀਆ ਪ੍ਰਤੀ ਇਹ ਅਵਿਸ਼ਵਾਸ ਅਚਾਨਕ ਪੈਦਾ ਨਹੀਂ ਹੋਇਆ। ਪਿਛਲੇ ਦਹਾਕੇ ਦੌਰਾਨ ਭਾਰਤੀ ਮੀਡੀਆ ਸਾਹਮਣੇ ਕਈ ਅਜਿਹੇ ਮੌਕੇ ਆਏ ਹਨ, ਜਦੋਂ ਉਸ ਨੂੰ ਪ੍ਰੀਖਿਆ ਲੀਕ, ਬੇਰੁਜ਼ਗਾਰੀ, ਸਿੱਖਿਆ, ਕਿਸਾਨਾਂ, ਯੂਨੀਵਰਸਿਟੀਆਂ ਅਤੇ ਨੌਜਵਾਨਾਂ ਵਰਗੇ ਮੁੱਦਿਆਂ ਨੂੰ ਕੌਮੀ ਚਰਚਾ ਦੇ ਕੇਂਦਰ ਵਿੱਚ ਰੱਖਣਾ ਚਾਹੀਦਾ ਸੀ। ਕੁਝ ਸੰਸਥਾਨਾਂ ਨੇ ਇਹ ਜ਼ਿੰਮੇਵਾਰੀ ਨਿਭਾਈ, ਪਰ ਅਕਸਰ ਇਹ ਦੋਸ਼ ਲੱਗੇ ਕਿ ਸਟੂਡੀਓ ਬਹਿਸਾਂ ਨੇ ਜ਼ਮੀਨੀ ਪੱਧਰ 'ਤੇ ਹੋ ਰਹੀ ਰਿਪੋਰਟਿੰਗ ਨੂੰ ਢਕਣ ਦਾ ਕੰਮ ਕੀਤਾ। 20 ਜੁਲਾਈ ਨੇ ਇਸ ਧਾਰਨਾ ਨੂੰ ਹੋਰ ਮਜ਼ਬੂਤ ਕੀਤਾ ਕਿ ਜਦੋਂ ਸੱਤਾ ਲਈ ਅਸੁਵਿਧਾਜਨਕ ਸਵਾਲ ਉੱਠਦੇ ਹਨ ਤਾਂ ਮੁੱਖ ਧਾਰਾ ਦੇ ਮੀਡੀਏ ਦਾ ਇੱਕ ਹਿੱਸਾ ਓਨਾ ਬੇਬਾਕ ਨਹੀਂ ਦਿਖਾਈ ਦਿੰਦਾ, ਜਿੰਨਾ ਆਮ ਲੋਕ ਜਾਂ ਲੋਕਤੰਤਰੀ ਵਿਵਸਥਾ ਉਮੀਦ ਕਰਦੀ ਹੈ। ਵਿਰੋਧ ਪ੍ਰਦਰਸ਼ਨਾਂ ਦੌਰਾਨ 'ਗੋਦੀ ਮੀਡੀਆ ਗੋ ਬੈਕ' ਵਰਗੇ ਜਿਹੜੇ ਨਾਅਰੇ ਲੱਗੇ, ਉਹ ਸਭ ਮੀਡੀਆ ਪ੍ਰਤੀ ਅਵਿਸ਼ਵਾਸ ਦਾ ਪ੍ਰਗਟਾਵਾ ਸਨ। ਆਖ਼ਰ ਅਜਿਹੀ ਸਥਿਤੀ ਕਿਉਂ ਪੈਦਾ ਹੋਈ, ਜਿੱਥੇ ਸਮਾਜ ਦਾ ਇੱਕ ਹਿੱਸਾ ਪੱਤਰਕਾਰਾਂ ਨੂੰ ਨਿਰਪੱਖ ਨਿਰੀਖਕ ਵਜੋਂ ਦੇਖਣ ਦੀ ਬਜਾਇ ਇੱਕ ਖਾਸ ਪਾਰਟੀ ਦੇ ਪ੍ਰਤੀਨਿਧੀਆਂ ਵਜੋਂ ਦੇਖਣ ਲੱਗਾ ਹੈ? ਲੋਕਤੰਤਰ ਵਿੱਚ ਇਹ ਸਿਰਫ ਮੀਡੀਆ ਦੇ ਸੰਕਟ ਨਹੀਂ, ਸਗੋਂ ਲੋਕਾਂ ਅਤੇ ਮੀਡੀਆ ਵਿਚਕਾਰ ਟੁੱਟਦੇ ਵਿਸ਼ਵਾਸ ਦਾ ਸੰਕੇਤ ਵੀ ਹੈ।*

*ਜਿਹੜੀ ਜ਼ਿੰਮੇਵਾਰੀ ਮੁੱਖ ਧਾਰਾ ਦੇ ਮੀਡੀਏ ਦੀ ਸੀ, ਉਹ ਸੋਸ਼ਲ ਮੀਡੀਆ, ਸੁਤੰਤਰ ਪੱਤਰਕਾਰਾਂ ਅਤੇ ਛੋਟੇ ਡਿਜੀਟਲ ਪਲੇਟਫਾਰਮਾਂ ਨੇ ਨਿਭਾਈ। ਜੰਤਰ-ਮੰਤਰ 'ਤੇ ਬਹੁਤ ਸਾਰੇ ਨੌਜਵਾਨ ਰਿਪੋਰਟਰ, ਯੂਟਿਊਬ ਚੈਨਲ, ਇੰਸਟਾਗ੍ਰਾਮ ਸਿਰਜਣਹਾਰ ਅਤੇ ਫਰੀਲਾਂਸ ਪੱਤਰਕਾਰ ਉਹੀ ਕੰਮ ਕਰਦੇ ਦੇਖੇ ਗਏ, ਜੋ ਕਦੇ ਸਿਰਫ ਵੱਡੇ ਮੀਡੀਆ ਸੰਸਥਾਨਾਂ ਦੀ ਪਛਾਣ ਸੀ। ਉਹ ਨਾ ਸਿਰਫ ਵਿਦਿਆਰਥੀਆਂ ਨਾਲ ਗੱਲ ਕਰ ਰਹੇ ਸਨ, ਪੁਲਸ ਕਾਰਵਾਈ ਰਿਕਾਰਡ ਕਰ ਰਹੇ ਸਨ ਅਤੇ ਘਟਨਾ ਸਥਾਨ ਤੋਂ ਨਿਰੰਤਰ ਲਾਈਵ ਅੱਪਡੇਟ ਪ੍ਰਦਾਨ ਕਰ ਰਹੇ ਸਨ, ਸਗੋਂ ਅੰਦੋਲਨ ਦੇ ਪਿਛੋਕੜ ਬਾਰੇ ਵੀ ਸਮਝਾ ਰਹੇ ਸਨ। ਪਹਿਲੀ ਵਾਰ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮਹਿਸੂਸ ਕੀਤਾ ਕਿ ਜਾਣਕਾਰੀ ਦਾ ਸਭ ਤੋਂ ਭਰੋਸੇਮੰਦ ਸਰੋਤ ਇਹੀ ਲੋਕ ਹਨ, ਨਾ ਕਿ ਮੁੱਖ ਧਾਰਾ ਦਾ ਮੀਡੀਆ। 20 ਜੁਲਾਈ ਨੇ ਨਾ ਸਿਰਫ ਸਰਕਾਰ ਦੀ ਜਵਾਬਦੇਹੀ ਦਾ ਸਵਾਲ ਉਠਾਇਆ, ਇਸ ਨੇ ਮੀਡੀਆ ਤੋਂ ਵੀ ਪੁੱਛਿਆ ਕਿ ਲੋਕਤੰਤਰ ਵਿੱਚ ਉਸ ਦੀ ਭੂਮਿਕਾ ਕੀ ਹੈ? ਕੀ ਉਹ ਸੱਤਾ ਅਤੇ ਲੋਕਾਂ ਵਿਚਕਾਰ ਪੁਲ ਬਣੇਗਾ ਜਾਂ ਸਿਰਫ ਉਨ੍ਹਾਂ ਵਿਚਕਾਰ ਵਧਦੀ ਦੂਰੀ ਦਾ ਦਰਸ਼ਕ ਬਣੇਗਾ? 20 ਜੁਲਾਈ ਨੇ ਭਾਰਤੀ ਪੱਤਰਕਾਰਤਾ ਦੇ ਸਾਹਮਣੇ ਇੱਕ ਸ਼ੀਸ਼ਾ ਰੱਖ ਦਿੱਤਾ ਹੈ, ਜਿਸ ਵਿੱਚ ਉਸ ਨੂੰ ਆਪਣਾ ਚਿਹਰਾ ਦੇਖਣਾ ਹੀ ਪੈਣਾ, ਕਿਉਂਕਿ ਲੋਕਤੰਤਰ ਵਿੱਚ, ਅੰਤ ਵਿੱਚ, ਸਿਰਫ ਉਹੀ ਮੀਡੀਆ ਟਿਕਦਾ ਹੈ, ਜਿਸ 'ਤੇ ਲੋਕ ਭਰੋਸਾ ਕਰਦੇ ਹਨ। 20 ਜੁਲਾਈ ਨੇ ਸਿਰਫ ਇੱਕ ਅੰਦੋਲਨ ਨਹੀਂ ਦਿਖਾਇਆ, ਉਸ ਨੇ ਇਹ ਵੀ ਦੱਸ ਦਿੱਤਾ ਕਿ ਜਦੋਂ ਲੋਕਾਂ ਨੂੰ ਆਪਣੇ ਸਵਾਲਾਂ ਨਾਲ ਇਕੱਲਾ ਛੱਡ ਦਿੱਤਾ ਜਾਂਦਾ ਹੈ, ਤਾਂ ਉਹ ਆਪਣਾ ਮੀਡੀਆ ਬਣਾ ਲੈਂਦੇ ਹਨ। ਲੋਕਤੰਤਰ ਵਿੱਚ ਪੱਤਰਕਾਰਤਾ ਦੀ ਸਭ ਤੋਂ ਵੱਡੀ ਤਾਕਤ ਸੱਤਾ ਦੀ ਨੇੜਤਾ ਨਹੀਂ, ਸਗੋਂ ਲੋਕਾਂ ਦਾ ਵਿਸ਼ਵਾਸ ਹੈ। ਆਉਣ ਵਾਲੇ ਸਾਲਾਂ ਵਿੱਚ ਭਾਰਤੀ ਮੀਡੀਆ ਦੀ ਸਭ ਤੋਂ ਵੱਡੀ ਪ੍ਰੀਖਿਆ ਵੀ ਇਹੀ ਹੋਵੇਗੀ।*

# ਬਹੁਤੇ ਮੁਸਲਮਾਨਾਂ ਨੇ ਨਹੀਂ ਸੀ ਅਲਾਪਿਆ ਅੱਡ ਮੁਲਕ ਦਾ ਘਰਾਟ ਰਾਗ



ਵਿਜੈ ਬੰਬੇਲੀ

ਇਤਿਹਾਸਕ ਰੂਪ ਵਿੱਚ ਅਤੇ ਲੰਮੇ ਸਮੇਂ ਤੋਂ ਭਾਰਤੀ ਉਪ ਮਹਾਂਦੀਪ ਹਿੰਦੂ ਤੇ ਮੁਸਲਮਾਨਾਂ ਸਮੇਤ ਵੱਖੋ-ਵੱਖਰੀਆਂ ਮਾਨਤਾਵਾਂ ਵਾਲੇ ਲੋਕਾਂ ਦਾ ਨਿਵਾਸ ਹੈ। ਕੱਟੜਪੰਥੀ ਦਾਅਵਾ ਕਰਦੇ ਹਨ ਕਿ ਬੀਤੇ ਸਮਿਆਂ ਵਿੱਚ ਕਦੇ ਵੀ ਹਿੰਦੂ ਅਤੇ ਮੁਸਲਮਾਨਾਂ 'ਚ ਏਕਤਾ ਨਹੀਂ ਰਹੀ ਅਤੇ ਇਹ ਸਿਰਫ ਮੁਸਲਮਾਨ ਹੀ ਸਨ, ਜਿਨ੍ਹਾਂ ਵੱਖਰੇ ਮੁਲਕ ਦੀ ਮੰਗ ਰੱਖੀ। 'ਹਿੰਦੂ-ਰਾਸ਼ਟਰਵਾਦੀਆਂ' ਕੋਲ ਸਭ ਤੋਂ ਵੱਡਾ ਟੂਲ ਹੀ ਇਹੀ ਹੈ ਕਿ ਮੁਸਲਮਾਨਾਂ ਨੇ ਹੀ ਪਾਕਿਸਤਾਨ ਦੀ ਮੰਗ ਕੀਤੀ। ਇਹ ਤਸਵੀਰ ਦਾ ਇੱਕ ਪਾਸਾ ਹੈ। ਪਹਿਲੀ ਗੱਲ, ਅੱਡਰੇ ਦੇਸ਼ ਦੀ ਮੰਗ ਦਾ ਮੁੱਖ ਧਰਾਤਲ ਦੋ-ਕੌਮਾਂ ਦੀ ਥਿਊਰੀ ਬਣੀ ਅਤੇ ਪਹਿਲ-ਕਦਮੀ ਅਖੌਤੀ ਰਾਸ਼ਟਰਵਾਦੀਆਂ ਵੱਲੋਂ ਹੋਈ। ਦੂਜਾ, ਪਾਕਿਸਤਾਨ ਦੀ ਮੰਗ ਕਰਨ ਵਾਲਿਆਂ ਵਿੱਚ ਸਾਰੇ ਮੁਸਲਮਾਨ ਜਾਂ ਸਾਰੀਆਂ ਮੁਸਲਿਮ ਤਨਜ਼ੀਮਾਂ ਸ਼ਾਮਲ ਨਹੀਂ ਸਨ। ਉਨੀਵੀਂ ਸਦੀ ਦੇ ਪਹਿਲੇ ਚੌਥੇ ਵਿੱਚ ਭਾਰਤੀ ਰਾਸ਼ਟਰਵਾਦ ਨੂੰ ਹਿੰਦੂ-ਮੁਸਲਿਮ ਦੋ ਵੱਖ-ਵੱਖ ਕੌਮਾਂ ਵਿੱਚ ਵੰਡਣ ਦੀ ਪ੍ਰਤੀਕਿਰਿਆ ਸ਼ੁਰੂ ਹੋਈ, ਜਿਸ ਨੂੰ 1857 ਦੇ ਗ਼ਦਰ ਉਪਰੰਤ, ਜਿਸ ਵਿੱਚ ਭਾਰਤ ਦੇ ਸਾਰੀਆਂ ਧਿਰਾਂ ਵਿਸ਼ੇਸ਼ ਕਰਕੇ ਕਿਰਤੀ-ਸ਼ਿਲਪੀ ਸਾਂਝੇ ਲੜੇ, ਨੂੰ ਅੰਗਰੇਜ਼ਾਂ ਨੇ ਤੂਲ ਦਿੱਤੀ। ਉਹ ਸਮਝਦੇ ਸਨ ਕਿ ਜੇ ਭਾਰਤੀ ਇੱਕ-ਜੁੱਟ ਰਹੇ ਤਾਂ ਉਹ ਮਲੀਆਮੇਟ ਹੋ ਜਾਣਗੇ।

"ਰਾਸ਼ਟਰਵਾਦੀ" 1857 ਦੇ ਗ਼ਦਰ 'ਚ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵੱਲੋਂ 'ਕੱਠੇ ਹੋ ਕੇ, ਖਾਸ ਕਰਕੇ ਮੁਸਲਮਾਨਾਂ ਦੀ ਅਗਵਾਈ ਹੇਠ ਆਜ਼ਾਦੀ ਲਈ ਲੜੇ ਗਏ ਲਹੂ-ਵੀਟਵੇਂ ਯੁੱਧ ਨੂੰ ਭੁੱਲ ਜਾਂਦੇ ਹਨ। ਇਹੀ ਨਹੀਂ, ਉਹ 1757 ਦੇ ਪਲਾਸੀ ਯੁੱਧ ਤੋਂ 1947 ਤੱਕ ਜੰਗਿ-ਆਜ਼ਾਦੀ ਵਿੱਚ ਮੁਸਲਮਾਨਾਂ ਵੱਲੋਂ ਬਹੁਤੇ ਮੌਕਿਆਂ ਸਮੇਂ ਹਿੰਦੂਆਂ ਦੀ ਅਗਵਾਈ ਕਬੂਲ ਕੇ, ਕੀਤੀ ਜ਼ਾਹਰਾ ਜਾਂ ਮੂਕ ਕੁਰਬਾਨੀ ਨੂੰ ਤਾਂ ਬਿਲਕੁਲ ਹੀ ਵਿਸਾਰ ਦਿੰਦੇ ਹਨ। ਪਹਿਲਾ ਸਵਤੰਤਰ ਯੁੱਧ (1857-62) ਹਿੰਦੂ-ਸਿੱਖਾਂ ਅਤੇ ਮੁਸਲਿਮ ਏਕਤਾ ਦੀਆਂ ਪ੍ਰਤੱਖ ਸੱਚਾਈਆਂ ਸਮੋਈ ਬੈਠਾ ਹੈ। ਹਿੰਦੂ ਜੰਗ-ਏ-ਆਜ਼ਾਦੀ ਯੋਧਿਆਂ ਨੇ ਆਪਣਾ ਬਾਦਸ਼ਾਹ ਇੱਕ ਮੁਸਲਮਾਨ ਬਾਦਸ਼ਾਹ ਜਫਰ ਨੂੰ ਚੁਣਿਆ। ਦਿੱਲੀ ਸੈਨਾ ਦੀ ਕਮਾਂਡ ਗਿਰਧਾਰੀ ਲਾਲ, ਹੀਰਾ ਸਿੰਘ ਅਤੇ ਬਖਤ ਖਾਂ ਦੇ ਹੱਥ ਸੀ। ਰਾਣੀ ਝਾਂਸੀ ਦੇ ਤੋਪਖਾਨੇ ਦਾ ਕਮਾਂਡਰ ਗੌਂਸ ਖਾਨ ਸੀ ਅਤੇ ਪੈਦਲ ਸੈਨਾ ਦਾ ਖੁਦਾ ਬਖਸ਼। ਰਾਣੀ ਝਾਂਸੀ ਦੀ ਨਿੱਜੀ ਸੁਰੱਖਿਆ ਇੱਕ ਮੁਸਲਮ ਲੜਕੀ ਮੁੰਜਰ (ਮਹਿੰਦ) ਸੀ। ਮੱਧ ਪ੍ਰਾਂਤ 'ਚ ਤਾਂਤੀਆਂ ਟੋਪੇ, ਰਾਵ ਸਾਹਿਬ, ਫਿਰੋਜ਼ ਸ਼ਾਹ ਅਤੇ ਮੌਲਵੀ ਫਜ਼ਲ ਹੱਕ 'ਕੱਠੇ ਸਰਗਰਮ ਸਨ। ਕੋਟਾ (ਰਾਜਸਥਾਨ) ਵਿੱਚ ਅੰਗਰੇਜ਼ਾਂ ਦੇ ਪਿੱਠੂ ਮਹਾਰਾਵ ਵਿਰੁੱਧ ਮੁੱਖ ਦਰਬਾਰੀ ਜਯਦਿਆਲ ਭਟਨਾਗਰ ਅਤੇ ਮਹਾਂ ਯੋਧੇ ਮੇਹਰਬਾਨ ਨੇ 'ਕੱਠਿਆਂ ਹੀ ਬਗਾਵਤ ਕੀਤੀ ਸੀ। ਹਾਂਸੀ (ਹਰਿਆਣਾ) ਦੇ ਹੁਕਮ ਚੰਦ ਅਤੇ ਮੁਨੀਰ ਬੇਗ ਸਾਂਝੇ ਤੌਰ 'ਤੇ ਗੋਰਿਆਂ ਵਿਰੁੱਧ ਜੂਝ-ਮਰੇ। ਰੁਹੇਲਖੰਡ ਦਾ ਖਾਨ ਬਹਾਦੁਰ ਆਪਣੇ ਕ੍ਰਾਂਤੀਕਾਰੀ ਮਿੱਤਰ ਖੁਸ਼ੀ ਰਾਮ ਸਮੇਤ ਲੜਿਆ।

ਪਰ; ਉਹ ਕੁਝ ਵੀ ਕਹੀ ਜਾਣ, ਅਸੀਂ 1857 ਦੀਆਂ ਹਿੰਦੂ-ਮੁਸਲਿਮ ਵੀਰਾਂਗਣਾਂ ਅਸਗਰੀ ਦੇਵੀ, ਬੀਬੀ ਉਮਦਾ, ਹਬੀਬਾ, ਆਸ਼ਾ ਦੇਵੀ, ਭਗਵਤੀ, ਮਾਮ ਕੌਰ ਅਤੇ ਰਾਜ ਕੌਰ ਦੀ ਕੁਰਬਾਨੀ ਨੂੰ ਨਹੀਂ ਭੁੱਲ ਸਕਦੇ। ਜਿਹੜੀਆਂ ਰਣ ਖੇਤਰ ਵਿੱਚ ਜੂਝ ਗਈਆਂ। ਵੱਡੀ ਗੱਲ, ਜਦ ਹਨੂਮਾਨ ਗੜ੍ਹੀ ਅਯੁੱਧਿਆ ਦੇ ਮੁੱਖ ਪੁਜਾਰੀ ਰਾਮ ਚਰਨ ਦਾਸ ਨੇ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕੇ ਤਾਂ ਬਿਨਾਂ ਦੇਰੀ ਅਯੁੱਧਿਆ ਸਥਿਤ ਮੁਸਲਮਾਨਾਂ ਦਾ ਧਰਮ ਗੁਰੂ ਮੌਲਾਨਾ ਅਮੀਰ ਅਲੀ ਉਸ ਨਾਲ ਆ ਮਿਲਿਆ। ਫੜੇ ਜਾਣ ਉਪਰੰਤ ਦੋਵਾਂ ਨੂੰ ਇਕੱਠਿਆਂ ਹੀ ਸ਼ਰੇਆਮ ਉਸੇ ਸ਼ਹਿਰ ਦੇ ਕੁਬੇਰ ਟਿੱਲੇ ਦੇ ਵੱਡੇ ਇਮਲੀ ਦਰੱਖਤ ਨਾਲ ਫਾਹੇ ਟੰਗ ਦਿੱਤਾ। ਅਵਧ ਖੇਤਰ ਦੀਆਂ ਦੋ ਹੋਰ ਦਾਨਿਸ਼ਵਰਾਂ ਅੱਛਰ ਖਾਨ ਤੇ ਸ਼ੰਭੂ ਪ੍ਰਸਾਦ ਦੀ ਗੋਰਿਆਂ ਵਿਰੁੱਧ ਲਹੂ-ਵੀਟਵੀਂ ਲੜਾਈ ਨੂੰ ਅਸੀਂ ਤਾਂ ਭੁੱਲ ਨਹੀਂ ਸਕਦੇ, ਨਾ ਹੀ ਮੌਲਾਨਾ ਲਿਆਕਤ ਅਲੀ ਅਤੇ ਜਫਰ ਅਲੀ ਬਨੇਸਰੀ ਨੂੰ।

ਸਭ ਤੋਂ ਪਹਿਲਾਂ ਇੱਕ ਰਾਸ਼ਟਰਵਾਦੀ ਭਾਈ ਪਰਮਾਨੰਦ ਨੇ ਇਤਿਹਾਸ ਦੀ ਇੱਕ ਧਾਰਾ ਲੈਂਦਿਆਂ ਫੁਰਮਾਇਆ ਕਿ ਹਿੰਦੂ ਅਤੇ ਮੁਸਲਮਾਨ ਆਪਣੇ ਇਸ਼ਟ, ਧਰਮ ਅਤੇ ਨਾਇਕਾਂ ਵਜੋਂ ਅੱਡ-ਅੱਡ ਕੌਮਾਂ ਹਨ। ਪਰਮਾਨੰਦ ਦੇ ਇਲਾਹੀ ਕਥਨ ਤੋਂ ਬਾਅਦ ਤਾਂ ਚੱਲ ਸੋ ਚੱਲ। ਚਿੰਤਕ ਅਰਵਿੰਦ ਘੋਸ਼, ਨਾਨਾ ਰਾਜ ਨਰਾਇਣ ਬਾਸੂ, ਨਵਗੋਪਾਲ ਮਿੱਤਰ, ਅੰਸ਼ਿਕ ਰੂਪ 'ਚ ਬਾਲ ਗੰਗਾਧਰ ਤਿਲਕ ਤੇ ਲਾਲਾ ਲਾਜਪਤ ਰਾਏ ਅਤੇ ਲੁਕਵੇਂ ਰੂਪ 'ਚ ਸਰਦਾਰ ਪਟੇਲ ਤੇ ਰਾਜਗੋਪਾਲ ਅਚਾਰੀਆ ਜਾਂ ਹੋਰ ਮੱਧ-ਮਾਰਗੀ ਕਾਂਗਰਸੀ, ਭਾਈ ਪਰਮਾਨੰਦ, ਡਾ.ਬੀ ਐੱਸ ਮੂੰਜੇ, ਜਨਕ ਸਾਵਰਕਰ, ਐੱਮ ਐੱਮ ਐਨੀ, ਐੱਨ ਸੀ ਕੇਲਕਰ, ਬੀ ਡੀ ਸਾਵਰਕਰ, ਐੱਮ ਐੱਸ ਗੋਲਵਲਕਰ ਅਤੇ ਕੇ ਐੱਲ ਸੁਦਰਸ਼ਨ ਆਦਿ। ਫਿਰ ਹਿੰਦੂ ਜਥੇਬੰਦੀਆਂ, ਜਿਵੇਂ ਹਿੰਦੂ ਸੁਸਾਇਟੀ, ਮਹਾਂ ਹਿੰਦੂ ਸਮਿਤੀ, ਹਿੰਦੂ ਮਹਾਂ ਸਭਾ ਅਤੇ ਆਰ ਐੱਸ ਐੱਸ ਤੇ ਉਸ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ ਤਾਂ ਵਧੇਰੇ ਢੁਕਵੇਂ ਜਾਂ ਟੇਢੇ ਢੰਗ ਨਾਲ ਹਿੰਦੂ ਰਾਸ਼ਟਰ ਜਾਂ ਹਿੰਦੂ ਅੰਧ-ਵਿਚਾਰਧਾਰਾ ਲਈ ਸਰਗਰਮ ਰਹੀਆਂ ਸਨ/ਹਨ।

ਮਗਰੋਂ ਕਈ ਵਿਸ਼ੇਸ਼ ਰੁਤਬੀ ਮੁਸਲਮਾਨਾਂ ਖਾਸ ਕਰਕੇ ਮਿ: ਜਿਨਾਹ ਅਤੇ ਪ੍ਰਸਿੱਧ ਲੇਖਕ ਮੁਹੰਮਦ ਇਕਬਾਲ ਨੇ ਵੀ ਤਿੱਖੀ ਸੁਰ ਅਪਨਾ ਲਈ। ਪਹਿਲੀ ਗੱਲ, ਇਹ ਦੋਵੇਂ ਪਹਿਲਾਂ ਭਾਰਤੀ ਦੇਸ਼ ਪ੍ਰੇਮੀ ਵਜੋਂ ਹੀ ਆਜ਼ਾਦੀ ਲਈ ਸਰਗਰਮ ਸਨ, ਵਿਸ਼ੇਸ਼ ਕਰਕੇ ਕਾਂਗਰਸ ਦੇ ਭਿਆਲ ਵਜੋਂ ਵੀ। ਦੂਜਾ, ਹਿੰਦੂ ਰਾਸ਼ਟਰਵਾਦੀਆਂ ਦੇ ਦੋ-ਕੌਮ ਥਿਊਰੀ ਅਤੇ ਅੱਡ ਵਤਨ ਪ੍ਰਤੀ ਉਲਾਰ-ਬਿਰਤੀ ਦੇ ਸ਼ੁਰੂਆਤੀ ਪਰ ਤਿੱਖੇ ਤੇਵਰਾਂ ਉਪਰੰਤ ਵੀ ਤਕਰੀਬਨ ਤਿੰਨ ਦਹਾਕਿਆਂ ਬਾਅਦ ਹੀ ਇੰਡੀਅਨ ਮੁਸਲਿਮ ਲੀਗ ਦੇ ਪ੍ਰਮੁੱਖ ਨੇਤਾ ਮੁਹੰਮਦ ਅਲੀ ਜਿਨਾਹ ਨੇ ਹੀ ਭਾਈ ਪਰਮਾਨੰਦ ਅਤੇ ਮਗਰੋਂ ਦੇ ਹਿੰਦੂ ਕੱਟੜਪੰਥੀਆਂ, ਖਾਸ ਕਰਕੇ ਹਿੰਦੂ ਮਹਾਂ ਸਭਾ ਅਤੇ ਆਰ ਐੱਸ ਐੱਸ ਦੇ ਸੰਸਥਾਪਕਾਂ ਦੀ ਭਾਸ਼ਾ ਨੂੰ ਦੁਹਰਾਉਂਦਿਆਂ ਮੁਸਲਮਾਨਾਂ ਨੂੰ ਅੱਡ ਕੌਮ ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਮਗਰੋਂ ਵੱਖਰੇ ਮੁਲਕ ਦੀ ਹੀ ਮੰਗ ਰੱਖ ਦਿੱਤੀ।

ਦਰ-ਹਕੀਕਤ; ਮੁਸਲਮਾਨਾਂ ਦੇ ਇੱਕ ਪ੍ਰਭਾਵਸ਼ਾਲੀ ਵਰਗ ਵੱਲੋਂ ਦੋ-ਕੌਮਾਂ ਦਾ ਨਜ਼ਰੀਆ ਅਪਨਾਉਣ ਤੋਂ ਕਿਤੇ ਪਹਿਲਾਂ ਹੀ ਹਿੰਦੂ-ਰਾਸ਼ਟਰਵਾਦੀਆਂ ਨੇ ਇਸ ਸਿਧਾਂਤ ਦੀ ਸਿਰਜਣਾ ਕਰ ਦਿੱਤੀ ਸੀ। ਮੁਸਲਿਮ ਲੀਗ ਨੇ ਤਾਂ ਇਹ ਨਜ਼ਰੀਆ ਕੱਟੜ ਹਿੰਦੂਆਂ 'ਚੋਂ ਹੀ ਉਧਾਰ ਲਿਆ ਸੀ, ਪ੍ਰੰਤੂ ਸਾਰੇ ਮੁਸਲਿਮ ਨਾ ਤਾਂ ਦੋ-ਕੌਮਾਂ ਦੇ ਸਿਧਾਂਤ ਨਾਲ ਸਹਿਮਤ ਸਨ, ਨਾ ਹੀ ਮਗਰੋਂ ਅੱਡ ਦੇਸ਼ ਦੀ ਮੰਗ ਨਾਲ। ਅਕਤੂਬਰ 1937 ਤੱਕ ਤਾਂ ਮੁਹੰਮਦ ਅਲੀ ਜਿਨਾਹ ਖੁਦ ਮੁਸਲਮਾਨਾਂ ਨੂੰ ਸਿਰਫ ਇੱਕ ਮਹੱਤਵਪੂਰਨ ਧਿਰ ਮੰਨਦੇ ਸਨ, ਵੱਖਰੀ ਕੌਮ ਨਹੀਂ। ਇਹੀ ਨਹੀਂ, ਮਾਰਚ 1940 (ਲਾਹੌਰ ਸੰਮੇਲਨ) ਤੱਕ ਉਹਨਾਂ ਸਿਰਫ ਇਹੀ ਮੰਗ ਰੱਖੀ ਕਿ ਇੱਕ ਮੁਸਲਮਾਨ ਬਹੁਲ ਇਲਾਕਾ ਸਿਰਜਿਆ ਜਾਵੇ, ਜਿੱਥੇ ਮੁਸਲਮਾਨ ਆਪਣੇ ਅਕੀਦਿਆਂ ਦਾ ਆਨੰਦ ਮਾਣ ਸਕਣ, ਪ੍ਰੰਤੂ ਅਖੌਤੀ ਰਾਸ਼ਟਰਵਾਦੀਆਂ ਦੀਆਂ ਗਤੀਵਿਧੀਆਂ ਨੇ ਅਜਿਹੇ ਹਾਲਾਤ ਸਿਰਜ ਦਿੱਤੇ ਕਿ ਮੁਸਲਿਮ ਲੀਗ ਨੇ ਮਦਰਾਸ ਸੰਮੇਲਨ (1941) ਵਿੱਚ ਵੱਖਰੇ ਦੇਸ਼ ਦੀ ਮੰਗ ਕਰ ਦਿੱਤੀ।

ਮੁਸਲਮਾਨਾਂ ਦੇ ਕਈ ਸਿਰਕੱਢ ਆਗੂਆਂ, ਦਾਨਿਸ਼ਵਰਾਂ, ਪੇਸ਼ੇਵਰਾਂ, ਕਿਰਤੀਆਂ-ਸ਼ਿਲਪੀਆਂ ਅਤੇ ਕਿਸਾਨਾਂ ਦੇ ਆਗੂ ਜਿਵੇਂ; ਅੱਲਾ ਬਖਸ਼ ਸਿੰਧੂ, ਅਬਦੁਲ ਗੁਫਾਰ ਖਾਂ ਬਲੋਚਿਸਤਾਨ, ਖਾਨ ਅਬਦੁਲ ਖਾਂ, ਸੈਫੂਉਦੀਨ ਕਿਚਲੂ, ਆਸਫ ਅਲੀ, ਅਬਾਸ ਤੈਜਬੀ, ਯੂਸਫ ਮੇਹਰ ਅਲੀ, ਮੌਲਾਨਾ ਅਬਦੁਲ ਸਿੰਧੀ, ਖਿਜਰ ਟਿਵਾਣਾ, ਅਬਦੁੱਲ ਅਲਤਾਫੀ, ਅਨੀਸ ਕਿਦਵਈ, ਮਿਰਜ਼ਾਜਫਰ ਹੁਸੈਨ, ਇਨਾਇਤ ਉੱਲਾ ਖਾਂ ਮਸਰਿਕੀ, ਡਾ:ਅਸ਼ਰਫ, ਸ਼ੌਕਤ ਉੱਲਾ, ਸ਼ੌਕਤ ਅਨਸਾਰੀ, ਹਮਾਯੂ ਕਬੀਰ, ਮੁਖਤਾਰ ਅਹਿਮਦ ਅੰਸਾਰੀ , ਸੱਯਦ ਅਬਦੁੱਲਾ, ਮੌਲਾਨਾ ਹੁਸੈਨ ਅਹਿਮਦ, ਅਬਦੁੱਲ ਮਜੀਦ ਖਵਾਜਾ, ਸ਼ੇਖ ਅਬਦੁੱਲਾ ਅਤੇ ਖਾਨ ਅਬਦੁੱਲਾ ਗੁਫਾਰ ਖਾਂ ਆਦਿ ਅਤੇ ਮੁਸਲਿਮ ਤਨਜ਼ੀਮਾ, ਜਿਨ੍ਹਾਂ ਵਿੱਚੋਂ ਬਹੁਤੀਆਂ ਕਿਰਤੀਆਂ-ਸ਼ਿਲਪੀਆਂ ਅਤੇ ਕਿਸਾਨਾਂ ਵਿੱਚ ਵੀ ਵੱਡਾ ਆਧਾਰ ਰੱਖਦੀਆਂ ਸਨ, ਜਿਵੇਂ ਆਜ਼ਾਦ ਮੁਸਲਿਮ ਕਾਨਫਰੰਸ, ਮਜਲਿਸੇ-ਅਹਰਾਰ, ਸ਼ੀਆ ਕਾਨਫਰੰਸ, ਅਹਲੇ ਹਦੀਸ, ਪੰਜਾਬ ਯੂਨੀਅਸਟ ਪਾਰਟੀ, ਖਾਕਸਾਰ ਇਸਲਾਮੀ ਦਲ, ਜਮੀਅਤ ਉਲਮਾ-ਏ-ਹਿੰਦ, ਸ਼ੀਆ ਪੁਲੀਟੀਕਲਜ਼, ਖੁਦਾਈ ਖਿਤਮਿਤਦਾਰ, ਕ੍ਰਿਸ਼ਕ ਪਰਜਾ ਪਾਰਟੀ, ਮੁਸਲਿਮ ਪਾਰਲੀਮਾਨੀ ਬੋਰਡ, ਨੈਸ਼ਨਲ ਪਾਰਟੀ ਬਲੋਚ ਐਂਡ ਸਿੰਧ, ਅੰਜੂਮਨ ਵਤਨ, ਜਮੀਅਤ ਅਹਲੇ ਹਦੀਸ, ਮਜਲਿਸ ਅਹਰਾਰੇ ਇਸਲਾਮ ਆਦਿ ਸ਼ਾਮਲ ਸਨ, ਨੇ ਵੱਖਰੇ ਮੁਲਕ ਤੇ ਵੰਡੀਆਂ ਦਾ ਸਮੇਂ-ਸਮੇਂ ਵਿਰੋਧ ਕੀਤਾ। ਇਹ ਛੋਟੀਆਂ-ਵੱਡੀਆਂ ਜਥੇਬੰਦੀਆਂ ਸਾਰੇ ਮੁਲਕ ਵਿੱਚ ਫੈਲੀਆਂ-ਪਸਰੀਆਂ ਹੋਈਆਂ ਸਨ। ਦੱਖਣ ਵਿੱਚ ਵੀ ਪੱਛਮ ਵਿੱਚ ਵੀ। ਉੱਤਰੀ ਪੱਛਮੀ ਫਰੰਟੀਅਰ, ਸਿੰਧੂ, ਬਲੋਚਿਸਤਾਨ ਵਗੈਰਾ ਦੀਆਂ ਪਾਰਟੀਆਂ, ਜਿਵੇਂ ਆਜ਼ਾਦ ਮੁਸਲਿਮ ਕਾਨਫਰੰਸ, ਆਲ ਇੰਡੀਆ ਮੋਮਨ ਕਾਨਫਰੰਸ, ਅਜਹਾਰੇ ਕ੍ਰਿਸ਼ਕ, ਖੁਦਾਈ ਖਿਦਮਤਗਾਰ (ਸਰਹੱਦੀ ਗਾਂਧੀ) ਆਦਿ ਤਾਂ ਵੰਡ ਵਿਰੁੱਧ ਬਹੁਤ ਸਰਗਰਮ ਸਨ, ਪਰ ਸਮੇਂ ਦੇ ਵਹਿਣ ਅਤੇ ਕਈ ਹੋਰ ਕਾਰਨਾਂ ਕਰਕੇ ਪੇਸ਼ ਨਹੀਂ ਗਈ।

ਹੈਰਾਨੀ ਦੀ ਗੱਲ ਇਹ ਕਿ 1942 ਵਿੱਚ ਸਿੰਧ 'ਚ ਮੁਸਲਿਮ ਲੀਗ ਅਤੇ ਹਿੰਦੂ ਮਹਾਂ ਸਭਾ ਦੀ ਸਾਂਝੀ ਸਰਕਾਰ ਬਣੀ, ਉਸ ਆਜ਼ਾਦ ਮੁਸਲਿਮ ਕਾਨਫਰੰਸ (ਅੱਲਾ ਬਖਸ਼) ਨੂੰ ਗੋਰਿਆਂ ਦੀ ਮਦਦ ਨਾਲ ਢਾਹ ਕੇ ਜਿਹੜੀ ਕੱਟੜਪੰਥੀ ਅਤੇ ਅੱਡ ਮੁਲਕ ਦੀ ਘੋਰ ਵਿਰੋਧੀ ਸੀ। ਉਦੋਂ ਹਿੰਦੂ ਮਹਾਂ ਸਭਾ ਅਤੇ ਮੁਸਲਿਮ ਲੀਗ ਪਹਿਲਾਂ ਹੀ ਬੰਗਾਲ ਅਤੇ ਉੱਤਰੀ-ਪੱਛਮੀ ਸੀਮਾਂਤ ਪ੍ਰਾਂਤ (ਫਰੰਟੀਅਰ) ਵਿੱਚ ਗੱਠਬੰਧਨ ਸਰਕਾਰ ਚਲਾ ਰਹੇ ਸਨ।

1943 ਦੀ ਮੋਮਿਨ ਕਾਨਫਰੰਸ ਨੇ ਹੋਰ ਹਾਜ਼ਰ ਜਥੇਬੰਦੀਆਂ ਸਮੇਤ ਮਤਾ ਪਾਸ ਕੀਤਾ ਸੀ, 'ਅਸੀਂ ਵੱਖ ਦੇਸ਼ ਦੀ ਯੋਜਨਾ ਦੇ ਬਿਲਕੁੱਲ ਖਿਲਾਫ ਹਾਂ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਪੰਜਾਬ ਦਾ ਮੁਸਲਮਾਨ ਕਿਸਾਨ ਕਿਸੀ ਵੀ ਬਾਹਰੀ ਮੁਸਲਮਾਨ ਕਿਸਾਨ ਨਾਲੋਂ ਪੰਜਾਬ ਦੇ ਹਿੰਦੂ ਕਿਸਾਨ ਦੇ ਜ਼ਿਆਦਾ ਨੇੜੇ ਹੈ। ਇਵੇਂ ਹੀ ਬੰਗਾਲ ਦੇ ਹਿੰਦੂ ਕਿਰਤੀ ਦਾ ਸੰਬੰਧ ਬੰਗਾਲ ਦੇ ਮੁਸਲਿਮ ਕਿਰਤੀ ਨਾਲ, ਹੋਰ ਵੀ ਕਿਸੇ ਇਲਾਕੇ ਦੇ ਕਿਰਤੀਆਂ ਨਾਲੋਂ ਬੇਹੱਦ ਨੇੜਲਾ ਹੈ।' ਮਗਰੋਂ ਆਲ ਪਾਰਟੀ ਦੇਸ਼ ਭਗਤ ਮੁਸਲਿਮ ਕਾਨਫਰੰਸ ਨੇ ਕਿਹਾ, 'ਇਸਲਾਮ ਕਦੇ ਵੀ ਖਤਰੇ ਵਿੱਚ ਨਹੀਂ ਸੀ/ਹੈ, ਇਹ 'ਲੀਗ' ਹੀ ਹੈ, ਜਿਹੜੀ ਖਤਰੇ ਵਿੱਚ ਹੈ। ਇਵੇਂ ਹੀ ਹਿੰਦੂਆਂ ਨੂੰ ਖਤਰਾ ਮੁਸਲਮਾਨਾਂ ਤੋਂ ਨਹੀਂ, ਸਗੋਂ ਲੁਟੇਰੇ ਤੇ ਫਿਰਕਾਪ੍ਰਸਤ ਆਗੂਆਂ ਤੋਂ ਹੈ।' ਇਸ ਤੋਂ ਕਿਤੇ ਪਹਿਲਾਂ ਕਿਸਾਨ ਨੇਤਾ ਸਵਾਮੀ ਸਹਿਜਾਨੰਦ ਸਰਸਵਤੀ ਨੇ ਦੇਸ਼ ਭਗਤ ਖਾਸ ਕਰਕੇ ਕਿਰਤੀਆਂ-ਕਿਸਾਨਾਂ ਦੇ ਮੁਸਲਮ ਨੇਤਾਵਾਂ ਬਾਰੇ ਜਾਮਾ ਮਸਜਿਦ ਦਿੱਲੀ (22 ਅਪ੍ਰੈਲ 1940) 'ਚ ਹੋਈ ਇੱਕ ਕਾਨਫਰੰਸ ਵਿੱਚ ਬੁਲੰਦ ਆਵਾਜ਼ ਕਿਹਾ ਸੀ, 'ਉਹ ਨਿਰਣਾਇਕ ਤੌਰ 'ਤੇ ਬ੍ਰਿਟਿਸ਼ ਵਿਰੋਧੀ ਅਤੇ ਸਮਾਜਕ ਤੌਰ 'ਤੇ ਇਨਕਲਾਬ ਪਸੰਦ ਹਨ।' ਮੌਲਾਨਾ ਅਬਦੁੱਲ ਕਲਾਮ ਨੇ ਇੱਕ ਸਮੇਂ ਕਿਹਾ, 'ਪਾਕਿਸਤਾਨ ਸ਼ਬਦ ਤਾਂ ਮੇਰੇ ਗਲੋਂ ਹੀ ਨਹੀਂ ਉੱਤਰਦਾ। ਜਿਹੜਾ ਇਹ ਕਨਸੋਅ ਦਿੰਦਾ ਹੈ ਕਿ ਸਿਰਫ ਉਹੀ ਇਲਾਕਾ ਹੀ ਪਵਿੱਤਰ ਹੈ ਬਾਕੀ ਨਹੀਂ। ਧਰਤੀ ਦੇ ਕਿਸੇ ਹਿੱਸੇ ਨੂੰ ਪਾਕ ਕਹਿਣਾ ਅਤੇ ਦੂਜੇ ਨੂੰ ਨਹੀਂ, ਇਹ ਇਸਲਾਮੀ ਸ਼ਰਾ ਦੇ ਖਿਲਾਫ ਹੈ।'

ਆਓ! ਡਾ: ਭੀਮ ਰਾਓ ਅੰਬੇਡਕਰ ਦੇ ਇਹਨਾਂ ਲਫਜ਼ਾਂ ਨਾਲ ਇਸ ਲੇਖ ਨੂੰ ਸਮੇਟੀਏ, 'ਹੈਰਾਨੀ ਹੈ ਕਿ ਸਾਵਰਕਰ ਅਤੇ ਜਿਨਾਹ, ਇੱਕ ਕੌਮ ਬਨਾਮ ਦੋ ਕੌਮਾਂ ਅਤੇ ਇੱਕ ਰਾਸ਼ਟਰ ਬਨਾਮ ਦੋ ਰਾਸ਼ਟਰ ਦੇ ਸਵਾਲ ਉੱਤੇ ਇੱਕ-ਦੂਜੇ ਦੇ ਘੋਰ-ਵਿਰੋਧੀ ਹੁੰਦੇ ਹੋਏ ਵੀ ਇੱਕ ਦੂਜੇ ਦੇ ਪੂਰਕ ਹੀ ਸਨ। ...ਜਦੋਂ ਅਸੀਂ ਇਤਿਹਾਸ ਦਾ ਸਹੀ ਜਾਇਜ਼ਾ ਲਵਾਂਗੇ ਤਾਂ ਇਹ ਨਿੱਖਰ ਕੇ ਸਾਹਮਣੇ ਆ ਜਾਵੇਗਾ ਕਿ ਦੋ ਕੌਮਾਂ, ਦੋ ਰਾਸ਼ਟਰ ਦੇ ਸਿਧਾਂਤ ਦੇ ਉਸਰੱਈਏ ਹਿੰਦੂ ਅਤੇ ਮੁਸਲਮਾਨਾਂ ਦੇ ਕੱਟੜਪੰਥੀ ਫਿਰਕਾਪ੍ਰਸਤ ਆਗੂ ਅਤੇ ਅਖੌਤੀ ਮਾਰਗ-ਦਰਸ਼ਕ ਸਨ। ਅਸਲ ਸੱਚ ਇਹ ਹੈ ਕਿ ਇਸ ਦੀ ਸ਼ੁਰੂਆਤ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਹੋਈ।'

**# ਸੰਪਰਕ : 94634-39075**

# ਸ਼ਹੀਦ ਊਧਮ ਸਿੰਘ ਦਾ ਸਮਾਰਕ ਬਣਾਉਣ 'ਚ ਪ੍ਰੋ. ਚਰਨ ਸਿੰਘ ਦੀ ਤਿੰਨ ਦਹਾਕਿਆਂ ਦੀ ਤਪੱਸਿਆ



ਬਲਵਿੰਦਰ ਸਿੰਘ ਧਾਲੀਵਾਲ

ਸ਼ਹੀਦ-ਏ-ਆਜ਼ਮ ਊਧਮ ਸਿੰਘ ਦਾ ਨਾਂਅ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਵਿੱਚ ਹਮੇਸ਼ਾ ਸਤਿਕਾਰ ਨਾਲ ਲਿਆ ਜਾਵੇਗਾ। ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੈ ਕੇ ਉਨ੍ਹਾਂ ਨੇ ਸਾਮਰਾਜੀ ਹਕੂਮਤ ਨੂੰ ਇਹ ਸੰਦੇਸ਼ ਦਿੱਤਾ ਕਿ ਜ਼ੁਲਮ ਅਤੇ ਦਹਿਸ਼ਤ ਦੇ ਸਹਾਰੇ ਲੋਕਾਂ ਨੂੰ ਹਮੇਸ਼ਾ ਲਈ ਗੁਲਾਮ ਨਹੀਂ ਬਣਾਇਆ ਜਾ ਸਕਦਾ। 31 ਜੁਲਾਈ 1940 ਨੂੰ ਫਾਂਸੀ ਦੇ ਤਖ਼ਤੇ ਨੂੰ ਚੁੰਮਦਿਆਂ ਉਨ੍ਹਾਂ ਵੱਲੋਂ ਬੁਲੰਦ ਕੀਤੇ ਨਾਅਰੇ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜ ਮੁਰਦਾਬਾਦ' ਅੱਜ ਵੀ ਦੇਸ਼ ਦੇ ਮਿਹਨਤਕਸ਼ ਲੋਕਾਂ ਅਤੇ ਲੋਕਤੰਤਰੀ ਸ਼ਕਤੀਆਂ ਲਈ ਸੰਘਰਸ਼ ਦਾ ਰਾਹ ਰੌਸ਼ਨ ਕਰਦੇ ਹਨ।

ਸ਼ਹੀਦ ਊਧਮ ਸਿੰਘ ਦੀ ਯਾਦ ਨੂੰ ਸਥਾਈ ਰੂਪ ਦੇਣ ਲਈ ਸੁਲਤਾਨਪੁਰ ਲੋਧੀ ਦੇ ਲੋਕਾਂ ਨੇ ਤਿੰਨ ਦਹਾਕਿਆਂ ਤੋਂ ਵੀ ਪਹਿਲਾਂ ਇੱਕ ਇਤਿਹਾਸਕ ਪਹਿਲ ਕੀਤੀ। ਸਾਲ 1993-94 ਦੌਰਾਨ ਇਲਾਕੇ ਦੀਆਂ ਸਮਾਜਿਕ, ਸਾਹਿਤਕ, ਪੱਤਰਕਾਰੀ, ਕਾਨੂੰਨੀ ਅਤੇ ਹੋਰ ਜਨਤਕ ਸੰਸਥਾਵਾਂ ਦੇ ਸਹਿਯੋਗ ਨਾਲ ਵੱਡੇ ਇਕੱਠ ਕੀਤੇ ਗਏ।ਇਨ੍ਹਾਂ ਇਕੱਠਾਂ ਵਿੱਚ ਇਹ ਸਹਿਮਤੀ ਬਣੀ ਕਿ ਸ਼ਹੀਦ ਊਧਮ ਸਿੰਘ ਦਾ ਇੱਕ ਯਾਦਗਾਰੀ ਸਮਾਰਕ ਬਣਾਇਆ ਜਾਵੇ ਅਤੇ ਇਹ ਕੰਮ ਕਿਸੇ ਇੱਕ ਰਾਜਨੀਤਕ ਪਾਰਟੀ ਦਾ ਨਹੀਂ, ਸਗੋਂ ਸਮੁੱਚੇ ਇਲਾਕੇ ਦੇ ਲੋਕਾਂ ਦਾ ਸਾਂਝਾ ਮਿਸ਼ਨ ਹੋਵੇ।

ਇਸੇ ਉਦੇਸ਼ ਨਾਲ 1994 ਵਿੱਚ ਸਰਬਸੰਮਤੀ ਨਾਲ ਪ੍ਰੋਫੈਸਰ ਚਰਨ ਸਿੰਘ ਨੂੰ ਟਰੱਸਟ ਦਾ ਪਹਿਲਾ ਪ੍ਰਧਾਨ ਚੁਣਿਆ ਗਿਆ। ਇਹ ਚੋਣ ਕਿਸੇ ਰਾਜਨੀਤਕ ਆਧਾਰ 'ਤੇ ਨਹੀਂ, ਸਗੋਂ ਉਨ੍ਹਾਂ ਦੀ ਇਮਾਨਦਾਰੀ, ਸਮਾਜ ਸੇਵਾ, ਸੰਗਠਨਾਤਮਕ ਯੋਗਤਾ ਅਤੇ ਸ਼ਹੀਦਾਂ ਦੇ ਵਿਚਾਰਾਂ ਪ੍ਰਤੀ ਸਮਰਪਣ ਨੂੰ ਦੇਖਦਿਆਂ ਕੀਤੀ ਗਈ। ਉਸੇ ਬੈਠਕ ਵਿੱਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਟਰੱਸਟ ਨੂੰ ਹਰ ਰਾਜਨੀਤਕ ਪਾਰਟੀ ਅਤੇ ਹਰ ਵਰਗ ਤੋਂ ਉੱਪਰ ਰੱਖਿਆ ਜਾਵੇ, ਤਾਂ ਜੋ ਇਹ ਲੋਕਾਂ ਦੀ ਸਾਂਝੀ ਵਿਰਾਸਤ ਬਣੇ। ਇਸ ਸੰਸਥਾ ਦਾ ਨਾਂਅ 'ਸ਼ਹੀਦ ਊਧਮ ਸਿੰਘ ਚੈਰੀਟੇਬਲ ਟਰੱਸਟ, ਸੁਲਤਾਨਪੁਰ ਲੋਧੀ (ਪੰਜਾਬ)' ਰੱਖਿਆ ਗਿਆ।

ਪ੍ਰੋਫੈਸਰ ਚਰਨ ਸਿੰਘ ਦੀ ਅਗਵਾਈ ਹੇਠ ਟਰੱਸਟ ਨੇ ਲੋਕਾਂ ਦੇ ਸਹਿਯੋਗ ਨਾਲ ਸਮਾਰਕ ਸਥਾਪਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ। ਲਗਾਤਾਰ ਯਤਨਾਂ ਦੇ ਨਤੀਜੇ ਵਜੋਂ 17 ਅਗਸਤ 1997 ਨੂੰ ਸ਼ਹੀਦ ਸਮਾਰਕ, ਸੁਲਤਾਨਪੁਰ ਲੋਧੀ ਵਿਖੇ ਸ਼ਹੀਦ ਊਧਮ ਸਿੰਘ ਦਾ ਪਹਿਲਾ ਬੁੱਤ ਸਥਾਪਤ ਕੀਤਾ ਗਿਆ, ਪਰ ਲੋਕਾਂ ਦੀ ਇੱਛਾ ਸੀ ਕਿ ਮਹਾਨ ਸ਼ਹੀਦ ਦਾ ਇੱਕ ਸ਼ਾਨਦਾਰ ਆਦਮਕੱਦ ਬੁੱਤ ਲਗਾਇਆ ਜਾਵੇ। ਇਸ ਮੰਗ ਨੂੰ ਪੂਰਾ ਕਰਦਿਆਂ ਟਰੱਸਟ ਨੇ ਮੁੜ ਲੋਕਾਂ ਨੂੰ ਨਾਲ ਜੋੜਿਆ ਅਤੇ ਲੰਬੇ ਯਤਨਾਂ ਤੋਂ ਬਾਅਦ 24 ਸਤੰਬਰ 2006 ਨੂੰ ਸੱਤ ਧਾਤਾਂ ਦੇ ਮਿਸ਼ਰਣ ਨਾਲ ਤਿਆਰ ਕੀਤਾ ਗਿਆ ਸ਼ਹੀਦ ਊਧਮ ਸਿੰਘ ਦਾ ਆਦਮਕੱਦ ਬੁੱਤ ਸਥਾਪਤ ਕੀਤਾ ਗਿਆ। ਅੱਜ ਇਹ ਸਮਾਰਕ ਸੁਲਤਾਨਪੁਰ ਲੋਧੀ ਦੀ ਪਹਿਚਾਣ ਅਤੇ ਸ਼ਹੀਦਾਂ ਪ੍ਰਤੀ ਲੋਕਾਂ ਦੇ ਸਤਿਕਾਰ ਦਾ ਪ੍ਰਤੀਕ ਹੈ।

ਇਸ ਇਤਿਹਾਸਕ ਕਾਰਜ ਵਿੱਚ ਪ੍ਰੋਫੈਸਰ ਚਰਨ ਸਿੰਘ ਦੇ ਨਾਲ ਟਰੱਸਟ ਦੇ ਵਾਈਸ ਪ੍ਰਧਾਨ ਗੁਰਨਾਮ ਸਿੰਘ ਬੋਹੜਵਾਲਾ, ਜਨਰਲ ਸਕੱਤਰ ਐਡਵੋਕੇਟ ਸ਼ਿੰਗਾਰਾ ਸਿੰਘ ਅਤੇ ਅਨੇਕਾਂ ਸਮਾਜ ਸੇਵੀਆਂ ਨੇ ਅਥਾਹ ਮਿਹਨਤ ਕੀਤੀ। ਇਨ੍ਹਾਂ ਸਾਰਿਆਂ ਨੇ ਨਿੱਜੀ ਲਾਭ ਤੋਂ ਉੱਪਰ ਉੱਠ ਕੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਇਸ ਕਾਰਜ ਨੂੰ ਲੋਕ ਲਹਿਰ ਦਾ ਰੂਪ ਦਿੱਤਾ। ਬਦਕਿਸਮਤੀ ਨਾਲ ਗੁਰਨਾਮ ਸਿੰਘ ਬੋਹੜਵਾਲਾ ਅਤੇ ਐਡਵੋਕੇਟ ਸ਼ਿੰਗਾਰਾ ਸਿੰਘ, ਜਰਨੈਲ ਸਿੰਘ ਚੰਦੀ ਸਾਲਾਂਪੁਰ ਵਾਲੇ ਵੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਤੋਂ ਬਾਅਦ 29 ਦਸੰਬਰ 2025 ਨੂੰ ਪ੍ਰੋਫੈਸਰ ਚਰਨ ਸਿੰਘ ਵੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਦੇਹਾਂਤ ਟਰੱਸਟ ਅਤੇ ਇਲਾਕੇ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਪਰ ਉਨ੍ਹਾਂ ਵੱਲੋਂ ਖੜ੍ਹੀ ਕੀਤੀ ਸੰਸਥਾ ਅਤੇ ਸਮਾਰਕ ਅੱਜ ਵੀ ਉਨ੍ਹਾਂ ਦੀ ਸੋਚ ਅਤੇ ਸਮਰਪਣ ਦੀ ਜੀਵੰਤ ਨਿਸ਼ਾਨੀ ਹਨ।

ਇਸੇ ਕਰਕੇ 31 ਜੁਲਾਈ 2026 ਨੂੰ ਮਨਾਇਆ ਜਾ ਰਿਹਾ ਸ਼ਹੀਦ ਊਧਮ ਸਿੰਘ ਦਾ 86ਵਾਂ ਸ਼ਹੀਦੀ ਦਿਹਾੜਾ ਮਰਹੂਮ ਪ੍ਰੋਫੈਸਰ ਚਰਨ ਸਿੰਘ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ। ਇਹ ਸਮਾਗਮ ਸ਼ਹੀਦ ਊਧਮ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ, ਸੁਲਤਾਨਪੁਰ ਲੋਧੀ ਵੱਲੋਂ ਸਾਹਿਤ ਸਭਾ ਸੁਲਤਾਨਪੁਰ ਲੋਧੀ, ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਵਰਕਿੰਗ ਜਰਨਲਿਸਟ ਯੂਨੀਅਨ ਅਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਅੱਜ ਜਦੋਂ ਅਸੀਂ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ ਤਾਂ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸੁਪਨਾ ਸਿਰਫ਼ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਨਾ ਨਹੀਂ ਸੀ। ਉਹ ਅਜਿਹਾ ਭਾਰਤ ਚਾਹੁੰਦੇ ਸਨ, ਜਿੱਥੇ ਲੁੱਟ-ਖਸੁੱਟ, ਸਾਮਰਾਜੀ ਦਬਦਬਾ, ਸਮਾਜਿਕ ਵਿਤਕਰਾ ਅਤੇ ਮਨੁੱਖੀ ਸ਼ੋਸ਼ਣ ਦਾ ਅੰਤ ਹੋਵੇ। ਫਾਂਸੀ ਤੋਂ ਪਹਿਲਾਂ ਅਦਾਲਤ ਵਿੱਚ ਦਿੱਤੇ ਉਨ੍ਹਾਂ ਦੇ ਬਿਆਨ ਅਤੇ ਉਨ੍ਹਾਂ ਦੇ ਇਨਕਲਾਬੀ ਨਾਅਰੇ ਅੱਜ ਵੀ ਹਰ ਇਨਸਾਫ਼ਪਸੰਦ ਵਿਅਕਤੀ ਲਈ ਪ੍ਰੇਰਣਾ ਹਨ।

ਆਜ਼ਾਦੀ ਤੋਂ ਬਾਅਦ ਭਾਰਤ ਨੇ ਸੰਵਿਧਾਨ ਰਾਹੀਂ ਲੋਕਤੰਤਰ, ਸਮਾਨਤਾ ਅਤੇ ਨਾਗਰਿਕ ਅਧਿਕਾਰਾਂ ਦੀ ਨੀਂਹ ਰੱਖੀ, ਪਰ ਮਜ਼ਦੂਰਾਂ, ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਲੜਾਈ ਅਜੇ ਵੀ ਜਾਰੀ ਹੈ। ਖੱਬੇਪੱਖੀ ਅਤੇ ਜਨਤਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਪੂੰਜੀਵਾਦੀ ਨੀਤੀਆਂ ਨੇ ਆਰਥਿਕ ਅਸਮਾਨਤਾ ਨੂੰ ਹੋਰ ਡੂੰਘਾ ਕੀਤਾ ਹੈ। ਉਹ ਇਹ ਵੀ ਦਲੀਲ ਦਿੰਦੀਆਂ ਹਨ ਕਿ 2014 ਤੋਂ ਬਾਅਦ ਕੇਂਦਰ ਦੀਆਂ ਨੀਤੀਆਂ ਨੇ ਲੋਕਤੰਤਰ,



ਪ੍ਰੋਫੈਸਰ ਚਰਨ ਸਿੰਘ

ਸੰਵਿਧਾਨਕ ਸੰਸਥਾਵਾਂ ਅਤੇ ਨਾਗਰਿਕ ਅਧਿਕਾਰਾਂ ਬਾਰੇ ਨਵੀਆਂ ਚਿੰਤਾਵਾਂ ਪੈਦਾ ਕੀਤੀਆਂ ਹਨ, ਜਦਕਿ ਕੇਂਦਰ ਸਰਕਾਰ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦੀ ਹੈ ਅਤੇ ਆਪਣੇ ਕਦਮਾਂ ਨੂੰ ਰਾਸ਼ਟਰੀ ਹਿੱਤ ਵਿੱਚ ਦੱਸਦੀ ਹੈ।

ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਲੋਕਾਂ ਦੀ ਏਕਤਾ ਹੀ ਹਰ ਤਰ੍ਹਾਂ ਦੇ ਜ਼ੁਲਮ ਦਾ ਸਭ ਤੋਂ ਵੱਡਾ ਜਵਾਬ ਹੈ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਤਦੋਂ ਹੀ ਹੋਵੇਗੀ, ਜਦੋਂ ਅਸੀਂ ਲੋਕਤੰਤਰ, ਧਰਮ ਨਿਰਪੱਖਤਾ, ਸਮਾਜਿਕ ਨਿਆਂ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਲਗਾਤਾਰ ਸੰਘਰਸ਼ ਕਰਾਂਗੇ। ਇਹੀ ਸ਼ਹੀਦ ਊਧਮ ਸਿੰਘ ਦੇ ਸੁਪਨਿਆਂ ਵਾਲੇ ਭਾਰਤ ਵੱਲ ਵਧਣ ਦਾ ਰਾਹ ਹੈ।

**# ਸੰਪਰਕ : 99141-88618**

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ-ਸਾਮਰਾਜਵਾਦ ਨੂੰ ਭਾਰਤੀ ਕੌਮ ਦੀ ਲਲਕਾਰ


ਜਸਦੇਵ ਸਿੰਘ ਲਲਤੋਂ

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ । ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ, ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ । ਜਿੱਥੇ ਜਾ ਕੇ ਉਨ੍ਹਾ ਦੀ ਮੌਤ ਹੋ ਗਈ । ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ । 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ-ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ । ਊਧਮ ਸਿੰਘ ਤਾਕਤਵਰ, ਬੁੱਧੀ ਤੌਰ 'ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸ ਦਾ ਆਪਣਾ ਬਿਆਨ ਹੈ ਕਿ ਉਸ ਨੇ ਕੋਈ ਪੜ੍ਹਾਈ ਨਹੀਂ ਕੀਤੀ । ਬੇਸ਼ੱਕ ਉਹ ਤਿੰਨ ਬੋਲੀਆਂ- ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ, ਬੋਲਣ ਦਾ ਵਧੀਆ ਮਾਹਰ ਸੀ । ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ । ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ । 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ । ਯਤੀਮ ਘਰ ਦੀ ਸਹਾਇਤਾ ਨਾਲ ਉਹ ਉਤਰੀ-ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ । ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਕੈਨਿਕ ਦੀ ਨੌਕਰੀ ਕੀਤੀ 18 ਮਹੀਨੇ । ਜੂਨ 1919 ਨੂੰ ਭਾਰਤ ਵਾਪਸ ਆਇਆ । ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲ੍ਹਿਆਂ - ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ 'ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸ ਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ। ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ । (ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸ ਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ) ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿੱਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ 'ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਣੌਤੀ ਨਹੀਂ, ਸੋ ਇਸ ਨਾਲੋਂ ਨਾਤਾ ਤੋੜ ਲਿਆ । ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਪਰ ਫੜੋ-ਫੜੀ ਦਾ ਦੌਰ ਹੋਣ ਕਰਕੇ ਕੋਈ ਭੇਤ ਨਾ ਲੱਗ ਸਕਿਆ ।

ਕੁਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੂਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ । ਮੁੜ ਫੇਰ ਭਾਰਤ ਪਰਤ ਆਇਆ । ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ । 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊ ਯਾਰਕ ਵੀ । ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ






ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ । 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸ ਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ । ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ-ਸੰਬੰਧੀਆਂ ਨਾਲ ਮਿਲਣੀਆਂ ਕੀਤੀਆਂ । ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ, ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ । ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ । ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ । ਇੱਥੇ ਹੀ ਉਸ ਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ ।

ਇਸ ਤੋਂ ਬਾਅਦ ਊਧਮ ਸਿੰਘ ਬੱਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਅਜੀਤ ਸਿੰਘ ਮੁਲਾਕਾਤ ਹੋਈ । ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ । ਸੋ ਆਪ 1924 'ਚ ਅਮਰੀਕਾ ਪੁੱਜੇ । ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ । ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ 'ਆਜ਼ਾਦ ਪਾਰਟੀ' ਕਾਇਮ ਕੀਤੀ, ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ । ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ । 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ, ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸ ਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿਨ੍ਹਾਂ 'ਚ ਇੱਕ ਜਰਮਨ ਔਰਤ ਵੀ ਸੀ । ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵ੍ਹਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹਥਿਆਰ ਖਰੀਦੇ ਤੇ ਜਮ੍ਹਾਂ ਕੀਤੇ । ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਂਅ ਲੈ ਕੇ ਆਇਆ । ਆਪਣੇ ਜਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ । ਉਹ ਮੋਟਰ ਸਾਈਕਲ 'ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ। ਉਸ ਨੇ ਮਾਨਾਂਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ, ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ । 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਸ ਨੇ ਉਸ 'ਤੇ ਭਾਰੀ ਤਸ਼ੱਦਦ ਢਾਹਿਆ, ਪਰ ਉਹ ਆਪਣੇ ਮਿਸ਼ਨ 'ਤੇ ਅਡੋਲ ਰਿਹਾ । ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ । ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ । ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸੰਬੰਧ ਸਨ । ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸ ਨੇ ਗੁਪਤ ਭੇਦ ਹਾਸਲ ਕਰਨ ਲਈ ਜਨਰਲ ਡਾਇਰ ਦੀ ਲੜਕੀ ਨਾਲ ਸਮਾਜਿਕ ਸੰਬੰਧ ਸਥਾਪਤ ਕੀਤੇ ਤੇ ਆਪਣੇ ਸ਼ਿਕਾਰ ਓਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ । ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸੰਬੰਧ ਸਨ ।

ਜੂਨ 1932 'ਚ ਊਧਮ ਸਿੰਘ ਸਾਧੂ 'ਬਾਵਾ' ਦੇ ਭੇਸ 'ਚ ਜੰਮੂ ਤੋਂ ਨਗਰ ਪੈਦਲ ਗਿਆ । 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਂਅ 'ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ । 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇਨ੍ਹਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਂਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ । ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ । ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸੰਬੰਧ ਬਣਾਉਣ 'ਤੇ ਘੁੰਮਣ ਤੇ ਜ਼ੋਰ ਰੱਖਦਾ । 1937 'ਚ ਗੋਰਿਆਂ ਦੀ ਸੀ ਆਈ ਡੀ ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ

• ਬਾਕੀ ਸਫਾ 9 'ਤੇ

# ਸਫਾਈ ਕਾਮਿਆਂ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਮਿਲਿਆ ਭਰਪੂਰ ਹੁੰਗਾਰਾ


ਲੁਧਿਆਣਾ


ਮੋਗਾ


ਜਲਾਲਾਬਾਦ


ਪਟਿਆਲਾ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)** : ਯੂਨਾਈਟਿਡ ਫਰੰਟ ਆਫ ਟ੍ਰੇਡ ਯੂਨੀਅਨਜ ਲੁਧਿਆਣਾ, ਜਿਸ ਵਿੱਚ ਇੰਟਕ, ਏਟਕ, ਸੀਟੂ, ਐਕਟੂ ਅਤੇ ਸੀਟੀਯੂ ਪੰਜਾਬ ਸ਼ਾਮਲ ਹਨ, ਦੇ ਆਗੂਆਂ ਅਤੇ ਵਰਕਰਾਂ ਨੇ ਵੀਰਵਾਰ ਨੂੰ ਹੜਤਾਲ ਕਰ ਰਹੇ ਸਫ਼ਾਈ ਕਰਮਚਾਰੀਆਂ ਦੇ ਧਰਨੇ ਵਿੱਚ ਸ਼ਮੂਲੀਅਤ ਕਰਕੇ ਉਨ੍ਹਾਂ ਦੇ ਸੰਘਰਸ਼ ਨਾਲ ਪੂਰੀ ਏਕਤਾ ਅਤੇ ਸਮਰਥਨ ਦਾ ਪ੍ਰਗਟਾਵਾ ਕੀਤਾ।ਯੂਨਾਈਟਿਡ ਫਰੰਟ ਦੇ ਵਫ਼ਦ ਵਿੱਚ ਕਾਮਰੇਡ ਵਿਜੇ ਕੁਮਾਰ, ਗੁਰਜੀਤ ਸਿੰਘ ਜਗਪਾਲ, ਜਗਦੀਸ਼ ਚੰਦ, ਪਰਮਜੀਤ ਸਿੰਘ, ਮਦਨ ਲਾਲ, ਐਮ. ਐਸ. ਭਾਟੀਆ ਅਤੇ ਪਰਮਜੀਤ ਸਿੰਘ (ਪੀ.ਐੱਸ.ਐੱਫ.) ਸ਼ਾਮਲ ਸਨ।ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਵੱਖ-ਵੱਖ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਜਿਨ੍ਹਾਂ ਮੰਗਾਂ ਲਈ ਸੰਘਰਸ਼ ਕਰ ਰਹੀਆਂ ਹਨ, ਉਹ ਮੁੱਖ ਤੌਰ ’ਤੇ ਸਾਂਝੀਆਂ ਹਨ।ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਆਊਟਸੋਰਸ ਅਤੇ ਦਿਹਾੜੀਦਾਰ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇ, ਘੱਟੋ-ਘੱਟ ਉਜਰਤ 26,000 ਪ੍ਰਤੀ ਮਹੀਨਾ ਨਿਰਧਾਰਤ ਕੀਤੀ ਜਾਵੇ। ਯੂਨਾਈਟਿਡ ਫਰੰਟ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਮੰਨ ਕੇ ਚੱਲ ਰਹੇ ਸੰਘਰਸ਼ ਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ।

**ਮੋਗਾ (ਇਕਬਾਲ ਸਿੰਘ ਖਹਿਰਾ)** : ਪੰਜਾਬ ਸਰਕਾਰ ਵੱਲੋਂ ਨਗਰ ਨਿਗਮ ਨਗਰ ਕੌਂਸਲਾਂ ਦੇ ਕਾਮਿਆਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆਂ ਕਰਨ ਅਤੇ ਬਰਨਾਲਾ ਵਿੱਚ ਸਫਾਈ ਸੇਵਕ ਮਹਿਲਾਵਾਂ ਅਤੇ ਬਜ਼ੁਰਗਾਂ ’ਤੇ ਪੁਲਿਸ ਵੱਲੋਂ ਕੀਤੇ ਅੰਨੇ ਤਸ਼ਦਦ ਖਿਲਾਫ ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ ’ਤੇ ਪੰਜਾਬ ਬੰਦ ਦੀ ਕਾਲ ਅਨੁਸਾਰ ਮੋਗਾ ਵੀ ਪੂਰਨ ਤੌਰ ’ਤੇ ਬੰਦ ਰਿਹਾ। ਮਿਊਂਸੀਪਲ ਇੰਪਲਾਈਜ ਫੈਡਰੇਸ਼ਨ ਨਗਰ ਨਿਗਮ ਮੋਗਾ ਵੱਲੋਂ ਇੱਕ ਬਹੁਤ ਹੀ ਵੱਡਾ ਰੋਸ ਮਾਰਚ ਕੱਢਿਆ ਗਿਆ ਜਿਸ ਵਿੱਚ ਜਿਲੇ ਦੀਆਂ ਵੱਖ ਵੱਖ ਧਾਰਮਿਕ ਸਮਾਜਿਕ ਭਰਾਤਰੀ ਅਤੇ ਕ੍ਰਾਂਤੀਕਾਰੀ ਜਥੇਬੰਦੀਆਂ ਨੇ ਹਿੱਸਾ ਲਿਆ। ਮਿਊਂਸੀਪਲ ਇੰਪਲਾਈਜ ਫੈਡਰੇਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ, ਜਨਰਲ ਸਕੱਤਰ ਵਿੱਕੀ ਬੋਹਤ, ਚੇਅਰਮੈਨ ਸਿਕੰਦਰ ਗੁੱਲੂ, ਚੀਫ ਸਕੱਤਰ ਨਰੋਤਮ ਬੋਹਤ, ਕੈਸ਼ੀਅਰ ਜੋਗਿੰਦਰ ਭੁੱਲਰ, ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੋਮਨਾਥ ਚੋਬੜ, ਜਨਰਲ ਸਕੱਤਰ ਵਿਸ਼ਵਨਾਥ ਜੋਨੀ, ਚੇਅਰਮੈਨ ਰਜਿੰਦਰ ਬੋਹਤ, ਕੈਸ਼ੀਅਰ ਅਜੇ ਪੰਤਮੋਲੀ, ਚੀਫ ਸਕੱਤਰ ਰਵੀ ਸਾਰਵਾਨ, ਸੀਨੀਅਰ ਆਗੂ ਮਦਨ ਲਾਲ ਬੋਹਤ, ਰਿਟਾਇਰਮੈਂਟ ਯੂਨੀਅਨ ਦੇ ਪ੍ਰਧਾਨ ਹਰਕ੍ਰਿਸ਼ਨ ਬੋਹਤ, ਹਰਬੰਸ ਸਾਗਰ, ਸੰਯੁਕਤ ਅਫਸਰ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਚਾਵਰੀਆ, ਬੇਲਦਾਰ ਯੂਨੀਅਨ ਤੋਂ ਜਸਮੇਲ ਸਿੰਘ ਪ੍ਰਵੀਨ ਕੁਮਾਰ, ਸੀਵਰੇਜ ਯੂਨੀਅਨ ਤੋਂ ਸਤੀਸ਼ ਕੁਮਾਰ, ਜਸਪਾਲ ਰਾਜ ਕੁਮਾਰ ਚੰਡਾਲੀਆ, ਅਸ਼ੋਕ ਪੰਤਮੋਲੀ, ਰਘੂਵੀਰ ਅਨਾਰਿਆ, ਅਜੇ ਚਾਵਰੀਆ, ਕੁਲਵੰਤ ਰਾਏ, ਸੁਰੇਸ਼ ਕਰੋਤੀਆ, ਸੁਰੇਸ਼ ਰਾਜਪੂਤ, ਅਭੀਜੀਤ ਰਾਜਪੂਤ, ਵਾਲਮੀਕਿ ਸਭਾ ਦੇ ਪ੍ਰਧਾਨ ਹੈਪੀ ਚੋਬੜ, ਨਰੇਸ਼ ਦੁਲਗੱਚ, ਸ਼ੰਮੀ ਬੋਹਤ, ਅਸ਼ੋਕ ਸਫ਼ਰੀ, ਵਿਨੇ ਉਜੀਣਵਾਲ, ਸਾਹਿਲ ਉਜੀਣਵਾਲ, ਅਵਿਨਾਸ਼ ਉਜੀਣਵਾਲ, ਸੁਖੀ ਸਫ਼ਰੀ ਅਤੇ ਹੋਰ ਮੁਲਾਜ਼ਮ ਸਾਥੀਆਂ ਮਾਰਚ ਵਿੱਚ ਹਿੱਸਾ ਲਿਆ।

**ਜਲਾਲਾਬਾਦ (ਜੀਤ ਕੁਮਾਰ)** : ਸਫਾਈ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਚੱਲ ਰਹੀ ਰਾਜ ਵਿਆਪੀ ਹੜਤਾਲ ਦੌਰਾਨ ਬੀਤੇ ਦਿਨ ਬਰਨਾਲਾ ਵਿੱਚ ਔਰਤਾਂ ’ਤੇ ਹੋਏ ਪੁਲਿਸ ਲਾਠੀਚਾਰਜ ਦੇ ਵਿਰੋਧ ਵਿੱਚ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਜਲਾਲਾਬਾਦ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਦੇ ਫੈਸਲੇ ਤੋਂ ਬਾਅਦ ਜਲਾਲਾਬਾਦ ਸ਼ਹਿਰ ਸ਼ਾਮ 4 ਵਜੇ ਤੱਕ ਸ਼ਾਂਤੀਪੂਰਕ ਬੰਦ ਰਿਹਾ। ਸਫਾਈ ਕਰਮਚਾਰੀਆਂ ਨੂੰ ਜਲਾਲਾਬਾਦ ਵਪਾਰ ਮੰਡਲ, ਦੁਕਾਨਦਾਰਾਂ ਅਤੇ ਸ਼ਹਿਰਵਾਸੀਆਂ ਦਾ ਸਮਰਥਨ ਪ੍ਰਾਪਤ ਹੋਇਆ, ਵਪਾਰੀਆਂ ਨੇ ਆਪਣੀਆਂ ਦੁਕਾਨਾਂ ਬੰਦ ਰੱਖੀਆਂ, ਨਤੀਜੇ ਵਜੋਂ ਜਲਾਲਾਬਾਦ ਸ਼ਹਿਰ ਵਿੱਚ ਬੰਦ ਸ਼ਾਂਤੀਪੂਰਨ ਢੰਗ ਨਾਲ ਹੋਇਆ।

**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)** : ਪੰਜਾਬ ਵਿੱਚ ਪਿਛਲੇ ਕਰੀਬ 22 ਦਿਨਾਂ ਤੋਂ ਸਫ਼ਾਈ ਸੇਵਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੀ ਗਈ ਕੰਮਛੋੜ ਹੜਤਾਲ ਦੇ ਦੌਰਾਨ ਮੰਗਾਂ ਦੀ ਪੂਰਤੀ ਅਤੇ ਬਰਨਾਲਾ ਵਿਖੇ ਹੋਏ ਲਾਠੀਚਾਰਜ ਦੇ ਵਿਰੋਧ ’ਚ ਸਫ਼ਾਈ ਸੇਵਕ ਯੂਨੀਅਨ ਪੰਜਾਬ ਅਤੇ ਹੋਰ ਹਮਖਿਆਲੀ ਜੱਥੇਬੰਦੀਆਂ ਵੱਲੋਂ ਪੰਜਾਬ ਬੰਦ ਦੇ ਵੀਰਵਾਰ ਨੂੰ ਦਿੱਤੇ ਸੱਦੇ ਦੌਰਾਨ ਧੂਰੀ ਦੇ ਬਜਾਰ ਅਤੇ ਵਪਾਰਕ ਅਦਾਰੇ ਮੁਕੰਮਲ ਬੰਦ ਰਹੇ। ਇਸ ਦੌਰਾਨ ਸਥਾਨਕ ਨਗਰ ਕੌਂਸਲ ਦਫ਼ਤਰ ਦੇ ਸਾਹਮਣੇ ਸਫ਼ਾਈ ਸੇਵਕ ਯੂਨੀਅਨ ਦੀ ਪ੍ਰਧਾਨ ਮਨੋਜ ਰਾਣੀ, ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ ਨੇ ਪੰਜਾਬ ਸਰਕਾਰ ਵੱਲੋਂ ਸਫਾਈ ਸੇਵਕਾਂ ਦੀਆਂ ਮੰਗਾਂ ਪ੍ਰਤੀ ਨਾਂਹ ਪੱਖੀ ਰਵੱਈਏ ਅਤੇ ਬਰਨਾਲਾ ਪੁਲਿਸ ਤਸ਼ੱਦਦ ਦੀ ਨਿੰਦਾ ਕਰਦਿਆਂ ਸਫਾਈ ਸੇਵਕਾਂ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਦੇ ਪ੍ਰਧਾਨ ਰੱਤੀ ਰਾਮ ਨੇ ਕਿਹਾ ਕਿ ਜੇਕਰ ਸਫਾਈ ਸੇਵਕਾਂ ਦੀਆਂ ਮੰਗਾਂ ਦਾ ਜਲਦੀ ਹੱਲ ਨਾ ਕੀਤਾ ਗਿਆ ਤਾਂ ਪੰਜਾਬ ਸਰਕਾਰ ਨੂੰ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ।ਇਸ ਮੌਕੇ ਯੂਨੀਅਨ ਦੇ ਪ੍ਰਧਾਨ ਰੱਤੀ ਰਾਮ, ਹਰਪ੍ਰੀਤ ਸਿੰਘ (ਜਨਰਲ ਕੌਂਸਲ ਮੈਂਬਰ, ਪੰਜਾਬ), ਅਨਿਲ ਅਹੂਜਾ (ਸੋਨੂੰ) ਕੈਸ਼ੀਅਰ, ਬੂਟਾ ਸਿੰਘ ਕੈਸ਼ੀਅਰ, ਪੱਪੂ ਰਾਮ ਸਲਾਹਕਾਰ, ਸੀਨੀਅਰ ਮੈਂਬਰ ਸਫ਼ਾਈ ਸੈਨਿਕਾਂ ਦਾ ਦਰਜਾ ਦੇਣ, ਆਊਟਸੋਰਸਿੰਗ ਸਿਸਟਮ ਬੰਦ ਕਰਨ, ਕੱਚੇ ਮੁਲਾਜਮ ਪੱਕੇ ਕਰਨ ਸਮੇਤ ਹੋਰ ਹੱਕੀ ਮੰਗਾਂ ਮੰਨਣ ਦੀ ਅਪੀਲ ਕੀਤੀ।


ਮਮਦੋਟ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)** : ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਨਿਹਾਲ ਸਿੰਘ ਵਾਲਾ ਵਿੱਚ ਭਰਵਾਂ ਸਮਰਥਨ ਮਿਲਿਆ। ਬੰਦ ਦੇ ਸੱਦੇ ਤਹਿਤ ਨਿਹਾਲ ਸਿੰਘ ਵਾਲਾ ਸ਼ਹਿਰ ਮੁਕੰਮਲ ਬੰਦ ਰਿਹਾ ਅਤੇ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਸ਼ਹਿਰ ਦਾ ਸਮੁੱਚਾ ਬਾਜ਼ਾਰ ਬੰਦ ਦਿਖਾਈ ਦਿੱਤਾ।ਇਸ ਮੌਕੇ ਸਫਾਈ ਸੇਵਕ ਯੂਨੀਅਨ ਨਿਹਾਲ ਸਿੰਘ ਵਾਲਾ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਯੂਨੀਅਨ ਦੇ ਆਗੂਆਂ ਨੇ ਸਰਕਾਰ ਤੋਂ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਦਾ ਤੁਰੰਤ ਹੱਲ ਕਰਨ ਦੀ ਮੰਗ ਕੀਤੀ।... ਸੁਖਮੰਦਰ ਸਿੰਘ, ਰਜਿੰਦਰ, ਫਤਹਿ ਸਿੰਘ, ਮਨੋਜ ਕੁਮਾਰ, ਰਾਮਪਾਲ ਘਣਸਾਮ ਤੋਂ ਇਲਾਵਾ ਸਮੂਹ ਸਫ਼ਾਈ ਸੇਵਕ ਅਤੇ ਵੱਖ-ਵੱਖ ਰਾਜਨੀਤਕ ਆਗੂ, ਕੁਲਵੰਤ ਸਿੰਘ ਐਮ ਸੀ,ਗੋਪਾਲ ਮਿੱਤਲ ਕਾਂਗਰਸ ਯੂਥ ਆਗੂ, ਸਾਬਕਾ ਨਗਰ ਕੌਂਸਲ ਪ੍ਰਧਾਨ ਇੰਦਰਜੀਤ ਜੌਲੀ, ਲਖਵਿੰਦਰ ਸਿੰਘ ਗੋਪਾ ਐਮ ਸੀ ਜਪਸਿੰਦਰ ਸਿੰਘ ਜੂਪਾ ਐਮ ਸੀ, ਪੂਰਣ ਸਿੰਘ ਮਾਲਵਾ ਜੋਨ ਦੇ ਪ੍ਰਧਾਨ, ਹਰਜਿੰਦਰ ਸਿੰਘ ਜਵਾਹਰ ਸਿੰਘ ਵਾਲਾ, ਕੌਰ ਸਿੰਘ ਸੂਬੇਦਾਰ ਮਾਛੀਕੇ, ਕੇਵਲ ਸਿੰਘ ਸੈਦਕੋ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਸੇਵਕ ਸਿੰਘ ਮਾਣੂੰਕੇ ਇੰਚਾਰਜ ਜਿਲ੍ਹਾ ਮੋਗਾ, ਬੂਟਾ ਸਿੰਘ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਡਾਕਟਰ ਹਰਗੁਰਪ੍ਰਤਾਪ ਨਿਹਾਲ ਸਿੰਘ ਵਾਲਾ, ਜਗਮੋਹਣ ਸਿੰਘ ਸੈਦੋਕੇ ਪਿੰਡ ਪ੍ਰਧਾਨ,ਖ਼ਣਮੁੱਖ ਭਾਰਤੀ ਪੱਤੋਂ ਜਿਲ੍ਹਾਂ ਪ੍ਰਧਾਨ ਮੋਗਾ, ਵਿਜੇ ਕੁਮਾਰ ਸਰਕਲ ਪ੍ਰਧਾਨ ਨਿਹਾਲ ਸਿੰਘ ਵਾਲਾ, ਅੰਮ੍ਰਿਤਪਾਲ ਸਿੰਘ ਲੇਬਰ ਯੂਨੀਅਨ ਪ੍ਰਧਾਨ, ਪ੍ਰਮਿੰਦਰ ਸਿੰਘ ਡਿੰਪਲ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਅਧਿਆਪਕ ਦਲ ਪ੍ਰਧਾਨ ਹਰਜੰਟ ਸਿੰਘ, ਕੁਲਵਿੰਦਰ ਸਿੰਘ ਜਿਲ੍ਹਾਂ ਪ੍ਰਧਾਨ ਅਧਿਆਪਕ ਦਲ, ਪ੍ਰਿੰਸੀਪਲ ਸੁਖਚੈਨ ਨਿਹਾਲ ਸਿੰਘ ਵਾਲਾ, ਪੰਜਾਬ ਫੂਡ ਗਰੇਨ ਐਂਡ ਲਾਇਟ ਨਿਹਾਲ ਸਿੰਘ ਵਾਲਾ, ਮੰਗਤ ਸਿੰਘ ਕਾਮਰੇਡ, ਉਜਾਗਰ ਸਿੰਘ, ਗੁਰਮੁੱਖ ਸਿੰਘ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਜਗਤਾਰ ਸਿੰਘ ਰਾਮਾਂ, ਰਾਜਵਿੰਦਰ ਸਿੰਘ ਧਰਮਕੋਟ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਿਹਾਲ ਸਿੰਘ ਵਾਲਾ, ਸਰਪੰਚ ਰਣਧੀਰ ਸਿੰਘ ਥਰਾਜ਼, ਚਰਨਜੀਤ ਸਿੰਘ (ਡਾਲਾਂ) ਜਸਵਿੰਦਰ ਸਿੰਘ ਹਲਕਾ ਪ੍ਰਧਾਨ ਐਸ ਸੀ, ਜਗਜੀਤ ਸਿੰਘ ਕਾਮਰੇਡ ਨਿਹਾਲ ਸਿੰਘ ਵਾਲਾ, ਭੁਪਿੰਦਰ ਸਿੰਘ ਸਾਹਕੋ ਆਦਿ ਹਾਜ਼ਰ ਸਨ।


ਕੋਟ ਈਸੇ ਖਾਂ

**ਬਰੇਟਾ (ਗੀਤਵਾਲ)** : ਬੀਤੇ ਦਿਨੀਂ ਬਰਨਾਲਾ ਵਿੱਚ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਸਫ਼ਾਈ ਸੇਵਕਾਂ ਵੱਲੋਂ ਦਿੱਤੇ ਗਏ ‘ਪੰਜਾਬ ਬੰਦ’ ਦੇ ਸੱਦੇ ਦਾ ਵੀਰਵਾਰ ਨੂੰ ਵਿਆਪਕ ਅਸਰ ਦੇਖਣ ਨੂੰ ਮਿਲਿਆ।ਵੱਖ-ਵੱਖ ਜਥੇਬੰਦੀਆਂ ਵੱਲੋਂ ਬੰਦ ਦਾ ਸਮਰਥਨ ਕਰਨ ਦੀ ਅਪੀਲ ਤੋਂ ਬਾਅਦ ਬਰਨਾਲਾ ਲਾਠੀਚਾਰਜ ਦੇ ਵਿਰੋਧ ਵਿੱਚ ਸਫ਼ਾਈ ਸੇਵਕਾਂ ਵੱਲੋਂ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ।ਜਿਸ ਕਾਰਨ ਸ਼ਹਿਰ ਦੇ ਬਾਜ਼ਾਰ, ਦੁਕਾਨਾਂ ਅੱਜ ਮੁਕੰਮਲ ਬੰਦ ਰਹੇ। ਸਫ਼ਾਈ ਕਾਮਿਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਦਿੱਤੀ ਗਈ ਤਨਖ਼ਾਹ ਵਿੱਚ ਗੁਜ਼ਾਰਾ ਕਰਨਾ ਮੁਸ਼ਕਲ ਹੈ, ਜਿਸ ਕਾਰਨ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਤਾਜ਼ਾ ਆਫ਼ਰ ਨੂੰ ਰੱਦ ਕਰ ਦਿੱਤਾ ਹੈ ਅਤੇ ਹੜਤਾਲ ਜਾਰੀ ਰੱਖਣ ਦਾ ਐਲਾਨ ਕੀਤਾ।ਬੰਦ ਦੌਰਾਨ ਪ੍ਰਸ਼ਾਸਨ ਵੱਲੋਂ ਸ਼ਹਿਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ।ਵਪਾਰੀ ਵਰਗ ਅਤੇ ਆਮ ਲੋਕਾਂ ਨੇ ਵੀ ਇਸ ਬੰਦ ਦਾ ਸਮਰਥਨ ਕਰਦਿਆਂ ਆਪਣੇ ਅਦਾਰੇ ਬੰਦ ਰੱਖੇ। ਯੂਨੀਅਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

**ਮਮਦੋਟ (ਜਸਬੀਰ ਸਿੰਘ ਕੰਬੋਜ)** : ਬਰਨਾਲਾ ਵਿਚ ਸਫ਼ਾਈ ਕਰਮਚਾਰੀਆਂ ’ਤੇ ਹੋਏ ਪੁਲਿਸ ਲਾਠੀਚਾਰਜ ਦੇ ਵਿਰੋਧ ਵਿਚ ਪੰਜਾਬ ਭਰ ਦੀਆਂ ਸਫ਼ਾਈ ਕਰਮਚਾਰੀ ਜਥੇਬੰਦੀਆਂ ਵੱਲੋਂ ਦਿੱਤੇ ਬੰਦ ਦੇ ਸੱਦੇ ਨੂੰ ਕਸਬਾ ਮਮਦੋਟ ਵਿਚ ਭਰਵਾਂ ਹੁੰਗਾਰਾ ਮਿਲਿਆ। ਵੀਰਵਾਰ ਨੂੰ ਬੰਦ ਦੇ ਸੱਦੇ ’ਤੇ ਕਸਬਾ ਮਮਦੋਟ ਦੇ ਸਫਾਈ ਕਰਮਚਾਰੀਆਂ ਵੱਲੋਂ ਇੱਕ ਰੋਸ ਮਾਰਚ ਕੱਢਿਆ ਗਿਆ ਜੋ ਨਗਰ ਪੰਚਾਇਤ ਦਫਤਰ ਮਮਦੋਟ ਤੇ ਸ਼ੁਰੂ ਹੋ ਕੇ ਕਸਬੇ ਦੀਆਂ ਗੱਲੀਆਂ ਬਜਾਰਾਂ ਵਿੱਚੋ ਦੀ ਹੁੰਦਾ ਹੋਇਆ ਸਥਾਨਕ ਬਿਜਲੀ ਘਰ ਵਿਖੇ ਸਮਾਪਤ ਹੋਇਆ।

**ਕੋਟ ਈਸੇ ਖਾਂ (ਅਰੋੜਾ)** : ਸਫ਼ਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਅਤੇ ਬਰਨਾਲਾ ਵਿਖੇ ਸਫ਼ਾਈ ਮੁਲਾਜ਼ਮਾਂ ’ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਕੋਟ ਈਸੇ ਖਾਂ ਸ਼ਹਿਰ ਵਿੱਚ ਭਰਵਾਂ ਹੁੰਗਾਰਾ ਮਿਲਿਆ। ਬੰਦ ਦੇ ਸੱਦੇ ਦੇ ਮੱਦੇਨਜ਼ਰ ਵੀਰਵਾਰ ਨੂੰ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ ਅਤੇ ਵਪਾਰੀਆਂ ਤੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਸਫਾਈ ਸੇਵਕਾਂ ਦੇ ਸੰਘਰਸ਼ ਨੂੰ ਸਹਿਯੋਗ ਦਿੱਤਾ।ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿੱਚ ਸਾਰਾ ਦਿਨ ਸਨਾਟਾ ਛਾਇਆ ਰਿਹਾ, ਜਦ ਕਿ ਜ਼ਰੂਰੀ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਮੈਡੀਕਲ ਸਟੋਰ, ਕਲੀਨਿਕਾਂ ਅਤੇ ਆਵਾਜਾਈ ਸੇਵਾਵਾਂ ਨੂੰ ਬੰਦ ਤੋਂ ਛੋਟ ਦਿੱਤੀ ਗਈ, ਤਾਂ ਜੋ ਆਮ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਸਾਥੀਆਂ ਸਮੇਤ ਸਫਾਈ ਸੇਵਕਾਂ ਦੇ ਧਰਨੇ ਵਿੱਚ ਪਹੁੰਚੇ। ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਸਫ਼ਾਈ ਸੇਵਕਾਂ ਦੀਆਂ ਮੰਗਾਂ ਮੰਨ ਕੇ ਹੜਤਾਲ ਖਤਮ ਕਰਵਾਈ ਜਾਵੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਸਫਾਈ ਕਰਮਚਾਰੀ ਯੂਨੀਅਨਾਂ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦਾ ਅਸਰ ਪਟਿਆਲਾ ਸ਼ਹਿਰ ਵਿੱਚ ਵੀ ਵਿਆਪਕ ਰੂਪ ਵਿੱਚ ਦੇਖਣ ਨੂੰ ਮਿਲਿਆ। ਬੰਦ ਦੇ ਸੱਦੇ ਦੌਰਾਨ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਵਿੱਚ ਚਹਿਲ-ਪਹਿਲ ਗਾਇਬ ਰਹੀ ਅਤੇ ਜ਼ਿਆਦਾਤਰ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ।ਸਫਾਈ ਕਰਮਚਾਰੀਆਂ ਵੱਲੋਂ ਇਕੱਠੇ ਹੋ ਕੇ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਬਾਜ਼ਾਰਾਂ ਵਿੱਚ ਜ਼ੋਰਦਾਰ ਰੋਸ ਮਾਰਚ ਕੱਢਿਆ ਗਿਆ।ਪ੍ਰਦਰਸ਼ਨਕਾਰੀਆਂ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਰੋਸ ਮਾਰਚ ਦੌਰਾਨ ਜਿਨ੍ਹਾਂ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਸਨ। ਯੂਨੀਅਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਰਨਾਲਾ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਫਾਈ ਕਰਮਚਾਰੀਆਂ ’ਤੇ ਪੁਲਿਸ ਵੱਲੋਂ ਕੀਤਾ ਗਿਆ ਲਾਠੀਚਾਰਜ ਅਤਿਅੰਤ ਨਿੰਦਣਯੋਗ ਹੈ।

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** : ਸਫਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿਚ ਸਫਾਈ ਕਰਮਚਾਰੀਆਂ ਵਲੋਂ ਦਿੱਤੀ ਗਈ ਪੰਜਾਬ ਬੰਦ ਦੀ ਕਾਲ ਦਾ ਗੁਰੂਹਰਸਹਾਏ ਵਿੱਚ ਵਿਆਪਕ ਅਸਰ ਦੇਖਣ ਨੂੰ ਮਿਲਿਆ। ਬੰਦ ਦੇ ਸਮਰਥਨ ਵਿਚ ਮੁੱਖ ਬਾਜ਼ਾਰ ਪੂਰੀ ਤਰ੍ਹਾਂ ਬੰਦ ਰਹੇ, ਜਦ ਕਿ ਹਸਪਤਾਲਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਆਮ ਵਾਂਗ ਜਾਰੀ ਰਹੀਆਂ।ਸਫਾਈ ਕਰਮਚਾਰੀਆਂ ਵਲੋਂ ਰੋਸ ਮਾਰਚ ਕੱਢਿਆ ਗਿਆ। ।

**ਸਨੌਰ (ਰਾਜਿੰਦਰ ਸਿੰਘ ਥਿੰਦ)** : ਸਫਾਈ ਸੇਵਕ ਯੂਨੀਅਨ ਪੰਜਾਬ ਦੇ ਪੰਜਾਬ ਬੰਦ ਦੀ ਕਾਲ ’ਤੇ ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਸਨੌਰ ਦੇ ਪ੍ਰਧਾਨ ਨੰਦ ਲਾਲ ਦੀ ਅਗਵਾਈ ਵਿੱਚ ਸਨੌਰ ਅਤੇ ਸਮੂਹ ਐਸ ਸੀ ਭਾਈਚਾਰੇ ਵੱਲੋਂ ਸਨੌਰ ਸ਼ਹਿਰ ਵਿਖੇ ਸਾਰਾ ਹੀ ਬਾਜ਼ਾਰ ਬੰਦ ਕਰਾਇਆ ਗਿਆ ਅਤੇ ਪੰਜਾਬ ਸਰਕਾਰ ਅਤੇ ਪੰਜਾਬ ਸਰਕਾਰ ਖਿਲਾਫ ਰੋਸ ਰੈਲੀ ਕੱਢੀ ਗਈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਗੁਰਦੀਪ ਸਿੰਘ ਦੀਪਾ, ਬਹਾਦਰ ਸਿੰਘ, ਹਰਪਾਲ ਸਿੰਘ, ਅਵਤਾਰ ਸਿੰਘ, ਮੰਗਤ ਸਿੰਘ, ਗੁਰਸ਼ਰਨ ਸਿੰਘ, ਦਰਸ਼ਨ ਸਿੰਘ, ਭਾਰਤੀ ਵਾਲਮੀਕੀ ਸਮਾਜ ਦੇ ਚੇਅਰਮੈਨ ਪ੍ਰੇਮ ਚੰਦ, ਰਾਜਕੁਮਾਰ ਰਾਜੂ, ਰਾਜ ਕੁਮਾਰ ਡੰਮੀ, ਡਾਕਟਰ ਪੰਮੀ ਪ੍ਰਧਾਨ ਜੁਗਲਾਲ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਸੋਨੂ, ਤੇ ਉੱਗੇ ਸਮਾਜ ਸੇਵੀ ਰਕੇਸ਼ ਕੁਮਾਰ ਬੱਗਾ, ਕਰਮਚਾਰੀ ਦਲ ਤੋਂ ਕਰਮਜੀਤ ਸਿੰਘ, ਬਲਵਿੰਦਰ ਕੁਮਾਰ ਅਤੇ ਸਫਾਈ ਸੇਵਕ ਯੂਨੀਅਨ ਦੇ ਮੀਤ ਪ੍ਰਧਾਨ ਵਰਨ ਕੁਮਾਰ, ਕੈਸ਼ੀਅਰ ਦੀਪਕ ਕੁਮਾਰ ਸੈਕਟਰੀ ਰੋਕੀ ਅਟਵਾਲ, ਰਕੇਸ਼ ਕੁਮਾਰ, ਬੱਬੂ ਵੀਰਪਾਲ ਪੰਜੋਲਾ, ਸੁੰਦਰ ਸੋਨੀ, ਵਿੱਕੀ ਵਿਸ਼ਾਲ ਕੁਮਾਰ, ਨਰਿੰਦਰ ਸਿੰਘ ਹਸਨਪੁਰ, ਜਗਜੀਤ ਸਿੰਘ ਰਾਏਪੁਰ, ਗੁਰਜੀਤ ਸਿੰਘ ਸੰਕਰ ਪੁਰ, ਨਗਰ ਪੰਚਾਇਤ ਦੇਵੀਗੜ੍ਹ ਅਤੇ ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਦੇ ਮੈਂਬਰ ਹਾਜ਼ਰ ਸਨ।

**ਭਵਾਨੀਗੜ੍ਹ (ਰਾਜ ਖੁਰਮੀ)** : ਬਰਨਾਲਾ ਵਿਖੇ ਸ਼ਾਂਤਮਈ ਧਰਨੇ ਦੌਰਾਨ ਸਫਾਈ ਕਰਮਚਾਰੀਆਂ ’ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਪੰਜਾਬ ਭਰ ਦੀਆਂ ਸਫਾਈ ਕਰਮਚਾਰੀ ਜਥੇਬੰਦੀਆਂ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦਾ ਭਵਾਨੀਗੜ੍ਹ ਵਿੱਚ ਵਿਆਪਕ ਅਸਰ ਵੇਖਣ ਨੂੰ ਮਿਲਿਆ। ਸ਼ਹਿਰ ਦੇ ਜ਼ਿਆਦਾਤਰ ਬਾਜ਼ਾਰ, ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਰਹੇ, ਜਿਸ ਕਾਰਨ ਆਮ ਜਨ-ਜੀਵਨ ਵੀ ਪ੍ਰਭਾਵਿਤ ਹੋਇਆ।ਇਸ ਮੌਕੇ ਨਗਰ ਕੌਂਸਲ ਸਫਾਈ ਕਰਮਚਾਰੀ ਯੂਨੀਅਨ ਭਵਾਨੀਗੜ੍ਹ ਅਤੇ ਹੋਰ ਭਰਾਤਰੀ ਜਥੇਬੰਦੀਆਂ ਵੱਲੋਂ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ। ਯੂਨੀਅਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੱਕ ਬਰਨਾਲਾ ਲਾਠੀਚਾਰਜ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਸਫਾਈ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।


ਜਲਾਲਾਬਾਦ


ਨਿਹਾਲ ਸਿੰਘ ਵਾਲਾ


ਬਰੇਟਾ


ਗੁਰੂ ਹਰਸਹਾਏ

## ਕਾਤਰਾਂ

### ਨਸ਼ੇ ਦੀ ਹਾਲਤ ’ਚ ਘੁੰਮ ਰਿਹਾ ਵਿਅਕਤੀ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਨਸ਼ੇ ਦੀ ਹਾਲਤ ਵਿੱਚ ਘੁੰਮ ਰਹੇ ਮਨੀ ਉਰਫ ਬੱਗਾ ਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਕਾਬੂ ਕਰਕੇ ਉਸ ਦਾ ਡੋਪ ਟੈਸਟ ਕਰਵਾਇਆ।ਟੈਸਟ ਪਾਜ਼ੇਟਿਵ ਆਉਣ ਤੋਂ ਬਾਅਦ ਪੁਲਿਸ ਨੇ ਉਸ ਖ਼ਿਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਹੌਲਦਾਰ ਸ਼ਮਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਘੋੜਾ ਮੰਡੀ ਤੋਂ ਪਿੰਡ ਕਬਰਵਾਲਾ ਵੱਲ ਗਸ਼ਤ ਕਰ ਰਹੇ ਸੀ।ਇਸ ਦੌਰਾਨ ਘੋੜਾ ਮੰਡੀ ਅਤੇ ਪਿੰਡ ਕਬਰਵਾਲਾ ਦੇ ਵਿਚਕਾਰ ਪੁਲਿਸ ਪਾਰਟੀ ਨੂੰ ਪਿੰਡ ਕਬਰਵਾਲਾ ਵੱਲੋਂ ਇੱਕ ਮੋਨਾ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ, ਜੋ ਡਿੱਕ-ਡੋਲੇ ਖਾਂਦਾ ਹੋਇਆ ਚੱਲ ਰਿਹਾ ਸੀ।ਪੁੱਛਗਿੱਛ ਕਰਨ ’ਤੇ ਉਸ ਨੇ ਦੱਸਿਆ ਕਿ ਉਸ ਨੇ ਨਸ਼ਾ ਕੀਤਾ ਹੋਇਆ ਹੈ।

### ਰੇਲ ਗੱਡੀ ’ਚੋਂ ਡਿੱਗਣ ਕਾਰਨ ਅਣਪਛਾਤੇ ਯਾਤਰੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਰਹਿੰਦ-ਮੰਡੀ ਗੋਬਿੰਦਗੜ੍ਹ ਰੇਲ ਮਾਰਗ ਤੋਂ ਜੀ.ਆਰ.ਪੀ. ਥਾਣਾ ਸਰਹਿੰਦ ਦੀ ਪੁਲਿਸ ਨੂੰ ਇੱਕ ਅਣਪਛਾਤੀ ਲਾਸ਼ ਮਿਲਣ ਦੀ ਸੂਚਨਾ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀ.ਆਰ.ਪੀ. ਦੇ ਸਹਾਇਕ ਥਾਣੇਦਾਰ ਨਿਰਮਲ ਸਿੰਘ ਨੇ ਦੱਸਿਆ ਕਿ ਸਰਹਿੰਦ-ਮੰਡੀ ਗੋਬਿੰਦਗੜ੍ਹ ਦਰਮਿਆਨ ਰੇਲਵੇ ਕਿਲੋਮੀਟਰ ਨੰਬਰ 316/02 ਨੇੜਿਓਂ ਇੱਕ ਲਾਸ਼ ਬਰਾਮਦ ਹੋਈ ਹੈ, ਜਿਸ ਦੀ ਹਾਲੇ ਤੱਕ ਸ਼ਨਾਖਤ ਨਹੀਂ ਹੋ ਸਕੀ।ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਦੀ ਮੌਤ ਕਿਸੇ ਰੇਲਗੱਡੀ ਚੋਂ ਡਿੱਗਣ ਕਾਰਨ ਹੋਈ ਜਾਪਦੀ ਹੈ।ਮ੍ਰਿਤਕ ਦੀ ਉਮਰ ਕਰੀਬ 30/35 ਸਾਲ, ਰੰਗ ਸਾਂਵਲਾ, ਕੱਦ ਕਰੀਬ 5’5 ਹੈ ਤੇ ਮ੍ਰਿਤਕ ਦੀ ਬਾਂਹ ’ਤੇ ਹਿੰਦੀ ਵਿੱਚ ਮੁਕੇਸ਼ ਪੂਜਾ ਲਿਖਿਆ ਹੋਇਆ ਹੈ।

### ਹੈਰੋਇਨ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸਥਾਨਕ ਪੁਲਸ ਵੱਲੋਂ 11 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀਆਂ ਹਰਮਨਜੋਤ ਸਿੰਘ ਅਤੇ ਗੁਰਪ੍ਰੀਤ ਸਿੰਘ ਵਾਸੀਆਨ ਮਾਛੀਵਾੜਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਸਬ-ਇੰਸਪੈਕਟਰ ਚਰਨਜੀਤ ਸਿੰਘ ਨੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਵੱਲੋਂ ਅਚਿਆਣਾ ਰੋਡ ’ਤੇ ਗਸ਼ਤ ਕੀਤੀ ਜਾ ਰਹੀ ਸੀ ਕਿ ਇੱਕ ਕਾਰ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਸ਼ੱਕ ਦੇ ਅਧਾਰ ’ਤੇ ਰੋਕਿਆ ਗਿਆ। ਪੁਲਸ ਨੂੰ ਦੇਖ ਕੇ ਕਾਰ ਦਾ ਡਰਾਇਵਰ ਪਿੱਛੇ ਮੁੜਨ ਲੱਗਾ ਪਰ ਉਸ ਨੂੰ ਸਾਥੀਆਂ ਦੀ ਮੱਦਦ ਨਾਲ ਕਾਬੂ ਕਰ ਲਿਆ ਗਿਆ। ਕਾਰ ਵਿੱਚ ਬੈਠੇ ਦੋਵੇਂ ਨੌਜਵਾਨਾਂ ’ਚੋਂ ਇੱਕ ਨੇ ਆਪਣਾ ਨਾਮ ਹਰਮਨਜੋਤ ਸਿੰਘ ਤੇ ਦੂਜੇ ਨੇ ਗੁਰਪ੍ਰੀਤ ਸਿੰਘ ਨੇ ਦੱਸਿਆ। ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 11 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵਲੋਂ ਉਕਤ ਨੌਜਵਾਨਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ।

## ‘ਆਪ’ ਸ.ਫ਼ਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰੇ : ਪਾਸਲਾ



**ਫ਼ਰੀਦਕੋਟ (ਪੱਤਰ ਪ੍ਰੇਰਕ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਮਿਊਂਸਪਲ ਅਦਾਰਿਆਂ ’ਚ ਕੰਮ ਕਰਦੇ ਸਫਾਈ ਸੇਵਕਾਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦਾ ਪੁਰਜ਼ੋਰ ਸਮਰਥਨ ਕਰਨ ਪੁੱਜੇ।ਵਿਸ਼ਾਲ ਇਕੱਠ ’ਚ ਬੋਲਦਿਆਂ ਉਨ੍ਹਾਂ ਦੇਸ਼ ਤੇ ਸਮਾਜ ਦੀ ਅਤਿ ਉੱਤਮ ਸੇਵਾ ਕਰਨ ਵਾਲੇ ਸ.ਫ਼ਾਈ ਕਾਮਿਆਂ ਦੀਆਂ ਅਤਿ ਵਾਜਬ ਮੰਗਾਂ ’ਤੇ ਹੱਕੀ ਘੋਲ ਪ੍ਰਤੀ ਮੁਜ਼ਰਮਾਨਾ ਘੇਸਲ ਮਾਰੀ ਬੈਠੀ ਸੂਬੇ ਦੀ ‘ਆਪ’ ਸਰਕਾਰ ਦੀ ਕਰੜੀ ਨਿਖੇਧੀ ਕੀਤੀ।ਸਾਥੀ ਪਾਸਲਾ ਨੇ ਬਸਪਾ ਛੱਡ ਕੇ ‘ਆਪ’ ਨਾਲ ਜੁੜੇ ਤੇ ਆਪਣੇ ਆਪ ਨੂੰ ਦਲਿਤਾਂ ਦਾ ਮਸੀਹਾ ਦੱਸਣ ਵਾਲੇ ਜਸਵੀਰ ਸਿੰਘ ਗੜ੍ਹੀ ਨੂੰ ਸਵਾਲ ਕੀਤਾ ਕਿ ਬਰਨਾਲਾ ਵਿਖੇ ਸਫਾਈ ਸੇਵਕਾਂ, ਖਾਸ ਕਰਕੇ ਔਰਤਾਂ ਤੇ ਨੌਜਵਾਨਾਂ ’ਤੇ ਅਮਾਨਵੀ ਜਬਰ ਢਾਹੁਣ ਤੇ ਬਦਸਲੂਕੀ ਕਰਨ ਵਾਲੇ ਡੀਐਸਪੀ, ਐਸਐਚਓ ਤੇ ਹੋਰ ਮੁਲਾਜ਼ਮਾਂ ਖਿਲਾਫ਼ ਬਣਦੀ ਕਾਰਵਾਈ ਹੋਣ ਦੇ ਬਾਵਜੂਦ ਉਹ ਸਰਕਾਰ ਵੱਲੋਂ ਬਖਸ਼ੇ ਅਹੁਦੇ ਨਾਲ ਕਿਉਂ ਚਿੰਬੜੇ ਹੋਏ ਹਨ ? ਉਨ੍ਹਾਂ ਪੰਜਾਬ ਦੇ ਸਫ਼ਾਈ ਕ੍ਰਮਚਾਰੀ ਆਯੋਗ ਦੇ ਚੇਅਰਮੈਨ ਚੰਦਨ ਗ੍ਰੇਵਾਲ ਵਲੋਂ ਕੀਤੀ ਜਾ ਰਹੀ ਭਰਮਾਊ ਤੇ ਭੜਕਾਊ ਬਿਆਨਬਾਜ਼ੀ ਦਾ ਵੀ ਸਖ਼ਤ ਨੋਟਿਸ ਲਿਆ।ਪਾਸਲਾ ਨੇ ਕਿਹਾ ਕਿ ਅਜਿਹੇ ਆਗੂਆਂ ਦੇ ਮੌਕਾਪ੍ਰਸਤ ਕਿਰਦਾਰ ਤੋਂ ਕਿਰਤੀ ਕਾਮਿਆਂ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਣੇ ਚਾਹੀਦੇ ਹਨ।ਕਾਮਰੇਡ ਪਾਸਲਾ ਨੇ ਕਿਹਾ ਕਿ ਮਜ਼ਦੂਰਾਂ ਨੂੰ ਏਕਾ ਕਾਇਮ ਕਰਨਾ ਚਾਹੀਦਾ ਹੈ ਤੇ ਆਪਣੇ ਹੱਕ ਲੈਣ ਲਈ ਲੜਨਾ ਚਾਹੀਦਾ ਹੈ।ਉਨ੍ਹਾਂ ਪੰਜਾਬ ਸਰਕਾਰ ਵਲੋਂ ਕੀਤੇ ਉਜਰਤ ਵਾਧੇ ਨੂੰ ਨਾਕਾਫੀ ਦੱਸਿਆ ਅਤੇ ਮੰਗ ਕੀਤੀ ਕਿ ਪੱਕੇ ਕੀਤੇ ਜਾਣ ਸਮੇਤ ਸਫਾਈ ਸੇਵਕਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣ।ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਜਬਰ ਦੇ ਦੋਸ਼ੀ ਅਧਿਕਾਰੀਆਂ ਨੂੰ ਬਚਾਉਣ ਲੱਗੀ ਹੋਈ ਹੈ।ਸਾਥੀ ਪਾਸਲਾ ਨੇ ਫਾਰਮਾਸਿਸਟ ਭਰਤੀ ਦਾ ਪਰਚਾ ਲੀਕ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਮੋਦੀ ਤੇ ਮਾਨ ਸਰਕਾਰਾਂ ਇਕੋ ਜਿਹੀਆਂ ਦਾਗਦਾਰ ਹਨ।

## ਮਜ਼ਦੂਰੀ ਕਰਨ ਗਏ ਨਾਬਾਲਗ ਲੜਕੇ ਦੀ ਕੁੱਟਮਾਰ ਤੋਂ ਬਾਅਦ ਮੌਤ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਸਹਿਜੋ ਮਾਜਰਾ ਦੇ ਰਹਿਣ ਵਾਲੇ ਅਸ਼ੋਕ ਕੁਮਾਰ (16) ਜੋ ਮਜ਼ਦੂਰੀ ਕਰਨ ਲਈ ਠੇਕੇਦਾਰ ਨਾਲ ਡੇਰਾ ਬਾਬਾ ਨਾਨਕ ਗਿਆ ਸੀ, ਉੱਥੇ ਝਗੜੇ ਤੋਂ ਬਾਅਦ ਹੋਈ ਕੁੱਟਮਾਰ ਤੋਂ ਬਾਅਦ ਉਸਦੀ ਮੌਤ ਹੋ ਗਈ, ਜਿਸ ’ਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਪਿਤਾ ਗੰਗਾ ਰਾਮ ਨੇ ਦੱਸਿਆ ਕਿ ਉਸਦਾ ਪੁੱਤਰ ਅਸ਼ੋਕ ਕੁਮਾਰ ਕੱਲ੍ਹ ਠੇਕੇਦਾਰ ਨਾਲ ਡੇਰਾ ਬਾਬਾ ਨਾਨਕ (ਬਟਾਲਾ) ਵਿਖੇ ਗੁਦਾਮਾਂ ਵਿਚ ਕਣਕ ਦੀ ਢੋਆ-ਢੁਆਈ ਲਈ ਗਿਆ ਸੀ, ਉੱਥੇ ਆਪਸ ਵਿਚ ਮਜ਼ਦੂਰ ਲੜ ਪਏ, ਜਿਸ ਕਾਰਨ ਅਸ਼ੋਕ ਕੁਮਾਰ ਦੇ ਗੁੱਝੀਆਂ ਸੱਟਾਂ ਲੱਗੀਆਂ। ਇਲਾਜ ਲਈ ਉਸ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਮੁੱਢਲੀ ਸਹਾਇਤਾ ਦੌਰਾਨ ਉਸ ਨੂੰ ਛੁੱਟੀ ਦੇ ਦਿੱਤੀ ਗਈ। ਅਸ਼ੋਕ ਕੁਮਾਰ ਕੱਲ੍ਹ ਦੇਰ ਸ਼ਾਮ ਮਜ਼ਦੂਰੀ ਕਰਨ ਤੋਂ ਬਾਅਦ ਵਾਪਸ ਘਰ ਆ ਗਿਆ ਤੇ ਅੱਜ ਸਵੇਰੇ ਉਸਦੀ ਘਰ ਵਿਚ ਹੀ ਮੌਤ ਹੋ ਗਈ। ਪਰਵਾਰ ਨੇ ਦੱਸਿਆ ਕਿ ਲੜਾਈ ਦੌਰਾਨ ਉਸਦੇ ਸਰੀਰ ਅੰਦਰ ਗੁੱਝੀਆਂ ਸੱਟਾਂ ਲੱਗੀਆਂ, ਜਿਸ ਕਾਰਨ ਉਸਦੀ ਮੌਤ ਹੋਈ। ਇਸ ਸਬੰਧੀ ਮਾਛੀਵਾੜਾ ਪੁਲਸ ਨੂੰ ਸੂਚਨਾ ਦਿੱਤੀ ਗਈ ਤੇ ਮੌਕੇ ’ਤੇ ਡੀ.ਐੱਸ.ਪੀ. ਸਮਰਾਲਾ ਅਤੇ ਥਾਣਾ ਮੁਖੀ ਮਾਛੀਵਾੜਾ ਸਬ-ਇੰਸਪੈਕਟਰ ਚਰਨਜੀਤ ਸਿੰਘ ਵੀ ਪੁੱਜੇ ਜਿਨ੍ਹਾਂ ਨੇ ਲਾਸ਼ ਨੂੰ ਕਬਜੇ ਵਿਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਸਬ-ਇੰਸਪੈਕਟਰ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ ਘਟਨਾ ਸਬੰਧੀ ਡੇਰਾ ਬਾਬਾ ਨਾਨਕ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਤੇ ਉਹ ਜਲਦ ਹੀ ਮੌਕੇ ’ਤੇ ਪਹੁੰਚ ਰਹੇ ਹਨ।



## ਵੱਖ-ਵੱਖ ਆਗੂਆਂ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ ਦੇ 87ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੰਬੋਜ ਮਹਾਂ ਸਭਾ ਬਲਾਕ ਭੁੰਨਹੇੜੀ ਵੱਲੋਂ ਹਰ ਸਾਲ ਵਾਂਗ ਇਸ ਵਾਰ ਵੀ ਕੰਬੋਜ ਮਹਾਂ ਸਭਾ ਬਲਾਕ ਭੁੰਨਰਹੇੜੀ ਵੱਲੋਂ ਸ਼ਹੀਦ ਉਧਮ ਸਿੰਘ ਦਾ ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਕਾਂਗਰਸ ਦੇ ਆਗੂ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਰਾਜਿੰਦਰ ਸਿੰਘ ਸਮਾਣਾ, ਮਦਨ ਲਾਲ ਜਲਾਲ ਪੁਰ, ਹਰਿੰਦਰ ਪਾਲ ਸਿੰਘ ਹੈਰੀਮਾਨ, ਗੁਰਸ਼ਰਨ ਕੌਰ ਰੰਧਾਵਾ,ਅਸ਼ਵਨੀ ਬੱਤਾ, ਜੋਗਿੰਦਰ ਸਿੰਘ ਕਾਕੜਾ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂਆਂ ਵਲੋਂ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ! ਇਸ ਮੌਕੇ ਰਾਜਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਉਧਮ ਸਿੰਘ ਦੀ ਲਾਸਾਨੀ ਕੁਰਬਾਨੀ ਨੂੰ ਸਦਾ ਯਾਦ ਰੱਖਿਆ ਜਾਵੇਗਾ! ਇਸ ਮੌਕੇ ਵੱਖ-ਵੱਖ ਡਾਕਟਰਾਂ ਦੀਆਂ ਟੀਮਾਂ ਵੱਲੋਂ ਅੱਖਾਂ ਦੀ ਜਾਂਚ ਕੈਂਪ, ਖੂਨਦਾਨ ਕੈਂਪ, ਦੰਦਾਂ ਦਾ ਕੈਂਪ ਅਤੇ ਵਰਲਡ ਕੈਂਸਰ ਕੇਅਰ ਦੀ ਟੀਮ ਵੱਲੋਂ ਮਾਲਵਾ ਫਰੀ ਮੈਗਾ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਟੈਸਟ ਕਰਨ ਉਪਰੰਤ ਫਰੀ ਦਵਾਈਆਂ ਤਕਸੀਮ ਕੀਤੀਆਂ ਗਈਆਂ। ਇਹ ਕੈਂਪ ਡਾ ਕੁਲਵੰਤ ਸਿੰਘ ਧਾਲੀਵਾਲ ਗਲੋਬਲ ਅੰਬੈਸਡਰ ਆਫ ਵਰਲਡ ਕੈਂਸਰ ਕੇਅਰ ਦੀ ਟੀਮ ਵੱਲੋਂ ਸ ਭੁਪਿੰਦਰ ਸਿੰਘ ਪ੍ਰਧਾਨ ਗਲੋਬਲ ਕੰਬੋਜ ਔਰਗਨਾਈਜੇਸ਼ਨ ਪੰਜਾਬ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਮੌਕੇ ਕੰਬੋਜ ਮਹਾ ਸਭਾ ਦੇ ਪ੍ਰਧਾਨ ਸੁਵਿੰਦਰ ਸਿੰਘ ਧੰਜੂ ਨੇ ਕਿਹਾ ਕਿ 31 ਜੁਲਾਈ ਨੂੰ ਮਹਾਨ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਹਰ ਸਾਲ ਪੂਰੇ ਦੇਸ਼ ਵਿੱਚ ਸ਼ਰਧਾ, ਸਤਿਕਾਰ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਜਾਂਦਾ ਹੈ।ਇਸ ਮੌਕੇ ਹਲਕਾ ਸਨੌਰ ਦੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ , ਬੀ ਜੇ ਪੀ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਦੀ ਸਮੁੱਚੀ ਟੀਮ ਤੋਂ ਇਲਾਵਾ ਆੜ੍ਹਤੀਆ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਪਿਰਥੀ ਪਾਲ ਸਿੰਘ ਧਾਦੀਆਂ ਪ੍ਰਧਾਨ ਜੋਗਿੰਦਰ ਸਿੰਘ ਕਾਕੜਾ ਮਹਿਕ ਸਿੰਘ ਗਰੇਵਾਲ ਤੋਂ ਇਲਾਵਾ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਜਰਨੈਲ ਸਿੰਘ ਕਰਤਾਰਪੁਰ, ਇੰਦਰਜੀਤ ਸਿੰਘ ਸੰਧੂ ਵਾਈਸ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਅਤੇ ਵੇਅਰਹਾਊਸਿੰਗ ਪੰਜਾਬ ਵੱਲੋਂ ਸ਼ਹੀਦ ਉਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਭੁਪਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਸਾਡੀ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਸਾਨੂੰ ਇਹਨਾਂ ਦੇ ਪਾਏ ਪੂਰਨਿਆਂ ਅਤੇ ਦਰਸਾਏ ਮਾਰਗ ਤੇ ਚੱਲਣ ਦੀ ਲੋੜ ਹੈ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੁਵਿੰਦਰ ਸਿੰਘ ਪ੍ਰਧਾਨ ਕੰਬੋਜ ਮਹਾਂਸਭਾ ਜੀਤ ਸਿੰਘ ਮੀਰਾਂਪੁਰ ਖਜਾਨਚੀ ਰਾਜਵਿੰਦਰ ਸਿੰਘ ਹਡਾਣਾ ਸਾਬਕਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਦੇਵੀਗੜ੍ਹ ਡਾਕਟਰ ਜਗਜੀਤ ਸਿੰਘ ਕੰਬੋਜ ਮਹਾਂ ਸਭਾ , ਭੁਪਿੰਦਰ ਸਿੰਘ ਪਟਵਾਰੀ ਰਾਮਗੜ੍ਹ ਗੁਰਮੇਲ ਸਿੰਘ ਫਰੀਦਕੋਟ ਬਿਕਰਮ ਸਿੰਘ ਫਰੀਦਕੋਟ ਡਾਕਟਰ ਗੁਰਮੀਤ ਸਿੰਘ ਬਿੱਟੂ ਦਵਿੰਦਰ ਸਿੰਘ ਮਾੜੂ ਜਨਰਲ ਸਕੱਤਰ ਗੁਰਭੇਜ ਸਿੰਘ ਆੜ੍ਹਤੀ,ਭੁੰਨਰਹੇੜੀ ਮਾਸਟਰ ਗੁਰਮੇਜ ਸਿੰਘ ਸਾਬਕਾ ਅੱਡਾ ਪ੍ਰਧਾਨ ਭੁੰਨਰਹੇੜੀ,ਮੇਜਰ ਸਿੰਘ ਭੁੱਨਰਹੇੜੀ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਮੌਜੂਦ ਸਨ।

## ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ : ਬਲਿਹਾਰ ਸਮਸ਼ਪੁਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਸੀਨੀਅਰ ਨੇਤਾ ਬਲਿਹਾਰ ਸਿੰਘ ਸਮਸਪੁਰ ਨੇ ਆਖਿਆ ਕਿ ਮਹਾਨ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਇਸ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਸਾਨੂੰ ਯਾਦ ਰੱਖਣਾ ਚਾਹੀਦਾ ਹੈ।ਬਲਿਹਾਰ ਸਮਸਪੁਰ ਨੇ ਇਹ ਪ੍ਰਗਟਾਵਾ ਸ਼ਹੀਦ-ਏ-ਆਜ਼ਮ ਊਧਮ ਸਿੰਘ ਦੇ 87ਵੇਂ ਸ਼ਹੀਦੀ ਦਿਵਸ ਮੌਕੇ ਕੰਬੋਜ ਮਹਾਸਭਾ ਵੱਲੋਂ ਟੁਰਨਾ ਪੈਲੇਸ ਵਿਖੇ ਕਰਵਾਏ ਪ੍ਰੋਗਰਾਮ ’ਚ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਨਾਲ ਪ੍ਰੇਮ ਸਿੰਘ ਚੌਧਰੀ ਸਾਬਕਾ ਸਰਪੰਚ, ਅਰਸ਼ਦੀਪ ਸਿੰਘ, ਪ੍ਰਧਾਨ ਜ਼ਿਲਾ ਯੂਥ ਕਾਂਗਰਸ ਵੀ ਮੌਜੂਦ ਸਨ।ਬਲਿਹਾਰ ਸਮੈਸ਼ਪੁਰ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲੱਖਾਂ ਮਹਾਨ ਯੋਧਿਆਂ ਅਤੇ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਨਤੀਜਾ ਹੈ। ਅੱਜ ਅਸੀਂ ਜਿਸ ਆਜ਼ਾਦੀ ਨਾਲ ਘੁੰਮ ਰਹੇ ਹਾਂ, ਉਹ ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਸੰਭਵ ਹੋਇਆ ਹੈ। ਇਸ ਮੌਕੇ ਉਨ੍ਹਾਂ ਨਾਲ ਹਰਦੀਪ ਸਿੰਘ ਜੋਸਨ, ਜੀਤ ਸਿੰਘ ਮੀਰਾਂਪੁਰ, ਬਲਵਿੰਦਰ ਸਿੰਘ ਕਰਤਾਰਪੁਰ, ਦਲੀਪ, ਬਿਕਰ ਸਿੰਘ, ਕੁਲਵਿੰਦਰ ਸਿੰਘ ਨੋਨੀ, ਅੰਮ੍ਰਿਤਪਾਲ ਸਿੰਘ ਬਲਾਕ ਪ੍ਰਧਾਨ, ਅਮਿਤ ਸਿੰਘ ਆਦਿ ਮੌਜੂਦ ਸਨ।

## ਨੌਜਵਾਨਾਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜ ਰਹੀ ਹੈ ਮਾਛੀਵਾੜਾ ਦੀ ਲਾਇਬ੍ਰੇਰੀ



**ਸਮਰਾਲਾ (ਸੁਰਜੀਤ ਸਿੰਘ)** ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨਾਂ ਦਾ ਰੁਝਾਨ ਪੁਸਤਕ ਸੱਭਿਆਚਾਰ ਤੋਂ ਹਟ ਕੇ ਮੋਬਾਈਲ ਵੱਲ ਵਧ ਗਿਆ ਹੈ, ਤਾਂ ਇਹ ਆਦਤ ਹੌਲੀ-ਹੌਲੀ ਇੱਕ ਤਰ੍ਹਾਂ ਦੇ ਨਸ਼ੇ ਦਾ ਰੂਪ ਧਾਰਦੀ ਜਾ ਰਹੀ ਹੈ। ਪ੍ਰਸਿੱਧ ਕਹਾਣੀਕਾਰ ਸੁਖਜੀਤ ਨੇ ਨੌਜਵਾਨਾਂ ਨੂੰ ਮੁੜ ਪੁਸਤਕ ਸੱਭਿਆਚਾਰ ਨਾਲ ਜੋੜਨ ਦੇ ਉਦੇਸ਼ ਨਾਲ ਮਾਛੀਵਾੜਾ ਸਾਹਿਬ ਵਿੱਚ ‘ਸ਼ਬਦ ਲਾਇਬ੍ਰੇਰੀ’ ਦੀ ਸਥਾਪਨਾ ਕੀਤੀ ਸੀ।ਹਾਲੇ ਇਹ ਮਿਸ਼ਨ ਅੱਗੇ ਵਧ ਹੀ ਰਿਹਾ ਸੀ ਕਿ ਉਨ੍ਹਾਂ ਦੇ ਅਕਾਲ ਚਲਾਣੇ ਨੇ ਇਸ ਯਤਨ ਨੂੰ ਝਟਕਾ ਦਿੱਤਾ।ਇਸ ਤੋਂ ਬਾਅਦ ਇਹ ਜ਼ਿੰਮੇਵਾਰੀ ਉਨ੍ਹਾਂ ਦੀ ਪਤਨੀ ਗੁਰਦੀਪ ਕੌਰ, ਧੀ ਜਪੁਜੀ, ਪੱਤਰਕਾਰ ਅੰਮ੍ਰਿਤਪਾਲ ਅਤੇ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਸੰਭਾਲ ਲਈ।

ਮੋਹਿਤ ਕੁੰਦਰਾ ਨੇ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕਰਾਇਆ। ਖਿੱਲਰੀਆਂ ਪਈਆਂ ਪੁਸਤਕਾਂ ਨੂੰ ਸੁਚੱਜੇ ਢੰਗ ਨਾਲ ਸਜਵਾਇਆ ਤੇ ਇੱਕ ਲਾਇਬ੍ਰੇਰੀਅਨ ਦੀ ਵੀ ਵਿਵਸਥਾ ਕੀਤੀ।ਕਹਾਣੀਕਾਰ ਸੁਖਜੀਤ ਭਾਵੇਂ ਸਰੀਰਕ ਤੌਰ ’ਤੇ ਪਾਠਕਾਂ ਵਿਚ ਨਹੀਂ ਹਨ, ਪਰ ਉਨ੍ਹਾਂ ਦੀਆਂ ਕਹਾਣੀਆਂ, ਵਿਚਾਰ ਤੇ ਸਾਹਿਤਕ ਰਚਨਾਵਾਂ ਅੱਜ ਵੀ ਪਾਠਕਾਂ ਦੇ ਦਿਲਾਂ ਵਿੱਚ ਜ਼ਿੰਦਾ ਹਨ।

ਸੁਖਜੀਤ ਦੀ ਬੇਵਕਤੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਨੂੰ ਸਦੀਵੀ ਯਾਦਗਾਰ ਬਣਾਉਣ ਲਈ ਇਸ ਲਾਇਬ੍ਰੇਰੀ ਦਾ ਨਾਂਅ ਬਦਲ ਕੇ ‘ਸੁਖਜੀਤ ਯਾਦਗਾਰੀ ਸ਼ਬਦ ਲਾਇਬ੍ਰੇਰੀ’ ਰੱਖ ਦਿੱਤਾ ਗਿਆ।ਲਾਇਬ੍ਰੇਰੀ ਨੂੰ ਹੋਰ ਸੁੰਦਰ ਤੇ ਆਕਰਸ਼ਕ ਬਣਾਉਣ ਵਿੱਚ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਸੁਖਜੀਤ ਦੀ ਯਾਦ ਨੂੰ ਸਮਰਪਤ ਇਸ ਸਾਹਿਤਕ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਉਨ੍ਹਾਂ ਦੇ ਪਰਵਾਰ ਅਤੇ ਪੰਜਾਬ ਭਰ ਦੇ ਸਾਹਿਤ ਪ੍ਰੇਮੀਆਂ ਵੱਲੋਂ ਸਮੇਂ-ਸਮੇਂ ’ਤੇ ਲਾਇਬ੍ਰੇਰੀ ਨੂੰ ਕੀਮਤੀ ਪੁਸਤਕਾਂ ਭੇਟ ਕੀਤੀਆਂ ਜਾਂਦੀਆਂ ਰਹੀਆਂ ਹਨ।ਇਸ ਲੜੀ ਨੂੰ ਹੋਰ ਮਜ਼ਬੂਤ ਕਰਦਿਆਂ ਸੁਖਜੀਤ ਦੀ ਪਤਨੀ ਗੁਰਦੀਪ ਕੌਰ ਤੇ ਧੀ ਜਪੁਜੀ ਨੇ ਲਾਇਬ੍ਰੇਰੀ ਨੂੰ 1100 ਪੁਸਤਕਾਂ ਦਾ ਸੈੱਟ ਭੇਂਟ ਕੀਤਾ, ਜਿਸ ਵਿੱਚ ਮੁੱਖ ਤੌਰ ’ਤੇ ਸਾਹਿਤ ਨਾਲ ਸਬੰਧਤ ਪੁਸਤਕਾਂ ਦੇ ਨਾਲ-ਨਾਲ ਵਿਦਿਆਰਥੀਆਂ ਦੇ ਪਾਠਕ੍ਰਮ ਨਾਲ ਸਬੰਧਤ ਕਿਤਾਬਾਂ ਵੀ ਸ਼ਾਮਲ ਹਨ।ਕਹਾਣੀਕਾਰ ਸੁਖਜੀਤ ਦੀ ਪਤਨੀ ਗੁਰਦੀਪ ਕੌਰ ਅਤੇ ਧੀ ਜਪੁਜੀ ਨੇ ਦੱਸਿਆ ਕਿ ਇਸ ਲਾਇਬ੍ਰੇਰੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਢੁਕਵਾਂ ਮਾਹੌਲ ਮੁਹੱਈਆ ਕਰਾਉਣਾ ਹੈ, ਤਾਂ ਜੁ ਉਹ ਯੂ.ਪੀ.ਐੱਸ.ਸੀ. ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਸਕਣ।

## ਮਾਡਰਨ ਸੈਕੂਲਰ ਸਕੂਲ ਭੀਖੀ ’ਚ ਕਾਰਗਿਲ ਵਿਜੇ ਦਿਵਸ ਮਨਾਇਆ



**ਭੀਖੀ (ਗੁਰਿੰਦਰ ਸਿੰਘ ਔਲਖ)** ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਮਾਡਰਨ ਸੈਕੂਲਰ ਪਬਲਿਕ ਸਕੂਲ ਭੀਖੀ ਵਿਖੇ ਕਾਰਗਿਲ ਵਿਜੇ ਦਿਵਸ ਸ਼ਰਧਾ, ਸਤਿਕਾਰ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਵੱਖ-ਵੱਖ ਦੇਸ਼ ਭਗਤੀ ਭਰਪੂਰ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਦੇਸ਼ ਪ੍ਰੇਮ, ਫਰਜ਼ ਪ੍ਰਤੀ ਨਿਸ਼ਠਾ ਅਤੇ ਸ਼ਹੀਦਾਂ ਦੇ ਬਲੀਦਾਨ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨਾ ਸੀ।ਸਮਾਗਮ ਦੀ ਸ਼ੁਰੂਆਤ ਦੇਸ਼ ਭਗਤੀ ਗੀਤਾਂ ਅਤੇ ਕਵਿਤਾਵਾਂ ਨਾਲ ਹੋਈ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਕਾਰਗਿਲ ਦੇ ਅਮਰ ਸ਼ਹੀਦਾਂ ਨੂੰ ਸਮਰਪਿਤ ਇੱਕ ਭਾਵਪੂਰਣ ਟ੍ਰਿਬਿਊਟ ਕੋਰੀਓਗ੍ਰਾਫੀ ਪੇਸ਼ ਕੀਤੀ ਗਈ, ਜਿਸ ਨੇ ਹਾਜ਼ਰ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਅਦੁੱਤੀ ਕੁਰਬਾਨੀਆਂ ਨੂੰ ਨਮਨ ਕੀਤਾ ਗਿਆ।ਇਸ ਮੌਕੇ ਪੋਸਟਰ ਮੇਕਿੰਗ ਗਤੀਵਿਧੀ ਵੀ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਭਾਰਤੀ ਫੌਜ ਦੀ ਬਹਾਦਰੀ, ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਨੂੰ ਆਪਣੀ ਕਲਾ ਰਾਹੀਂ ਸੁੰਦਰ ਢੰਗ ਨਾਲ ਦਰਸਾਇਆ। ਸਮਾਗਮ ਦੇ ਅੰਤ ਵਿੱਚ ਮੋਮਬੱਤੀਆਂ ਜਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਦੋਦਰੀਆ ਨੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਰਾਸ਼ਟਰ ਸੇਵਾ ਲਈ ਹਮੇਸ਼ਾ ਤਤਪਰ ਰਹਿਣ ਦਾ ਸੰਦੇਸ਼ ਦਿੱਤਾ।

## ਅੰਦਾਜ਼ ਕੌਰ ਬਰਾੜ ਨੇ ਛੋਟੀ ਉਮਰੇ ਬਣਾਏ ਵਰਲਡ ਰਿਕਾਰਡ ਤੇ ਭਾਰਤ ਰਿਕਾਰਡ



**ਸ੍ਰੀ ਮੁਕਤਸਰ ਸਾਹਿਬ (ਕੁਲ ਭੂਸ਼ਨ ਚਾਵਲਾ)**-ਐਡਵੋਕੇਟ ਨਾਲ ਜੁੜੇ ਜਗਜੀਤ ਸਿੰਘ ਮਾਨ ਤੇ ਪਰਮਿੰਦਰ ਕੌਰ ਮਾਨ ਦੀ ਦੋਹਤੀ ਅਤੇ ਜਿੰਦਪ੍ਰੀਤ ਮਾਨ ਅਤੇ ਸੰਦੀਪ ਸਿੰਘ ਬਰਾੜ ਦੀ ਧੀ ਅੰਦਾਜ਼ ਕੌਰ ਬਰਾੜ ਨੇ ਮਹਿਜ਼ 11 ਸਾਲ ਦੀ ਉਮਰੇ ਆਪਣੀ ਵਿਲੱਖਣ ਪ੍ਰਤਿਭਾ ਅਤੇ ਬਹੁ-ਪੱਖੀ ਸ਼ਖਸੀਅਤ ਦੇ ਦਮ 'ਤੇ ਸਾਹਸਿਕ ਗਤੀਵਿਧੀਆਂ, ਸੱਭਿਆਚਾਰ, ਦੇਸ਼ ਭਗਤੀ, ਖੇਡਾਂ ਅਤੇ ਸਮਾਜ ਸੇਵਾ ਵਿੱਚ ਉੱਤਮਤਾ ਸ਼੍ਰੇਣੀ ਤਹਿਤ 'ਇਨਕ੍ਰੈਡੀਬਲ ਬੁੱਕ ਆਫ ਵਰਲਡ ਰਿਕਾਰਡਜ਼' ਅਤੇ 'ਭਾਰਤ ਰਿਕਾਰਡ ਬੁੱਕ' ਵਿੱਚ ਆਪਣਾ ਨਾਂਅ ਦਰਜ ਕਰਾਉਣ ਦਾ ਮਾਣ ਹਾਸਲ ਕੀਤਾ ਹੈ। ਸੰਸਥਾ ਵੱਲੋਂ ਉਸ ਨੂੰ ਸਰਟੀਫਿਕੇਟ, ਸ਼ੀਲਡ, ਲਾਕਟ, ਪੈਨ ਤੇ ਹੋਰ ਸਨਮਾਨ ਸਮੱਗਰੀ ਭੇਟ ਕੀਤੀ ਹੈ।ਜਾਣਕਾਰੀ ਦਿੰਦਿਆਂ ਜਗਜੀਤ ਸਿੰਘ ਮਾਨ ਨੇ ਦੱਸਿਆ ਕਿ ਅੰਦਾਜ਼ ਕੌਰ ਬਰਾੜ ਦਾ ਜਨਮ ਆਸਟ੍ਰੇਲੀਆ ਦਾ ਹੈ, ਉਹ ਕੈਨੇਡਾ ਦੀ ਪੱਕੀ ਰਿਹਾਇਸ਼ੀ ਹੈ ਅਤੇ ਉਸ ਕੋਲ ਭਾਰਤੀ ਪਾਸਪੋਰਟ ਹੈ। ਉਹ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਹੋਰ ਵਿਦੇਸ਼ੀ ਭਾਸ਼ਾਵਾਂ ਦਾ ਵੀ ਗਿਆਨ ਰੱਖਦੀ ਹੈ। ਅੰਦਾਜ਼ ਕੌਰ ਬਰਾੜ ਨੇ ਮਹਿਜ਼ 11 ਮਹੀਨੇ ਅਤੇ 13 ਦਿਨਾਂ ਦੀ ਉਮਰ ਵਿੱਚ ਹਵਾਈ ਛਾਲ (ਪੈਰਾਸੇਲਿੰਗ) ਵਿੱਚ ਹਿੱਸਾ ਲੈ ਕੇ ਆਪਣੀ ਨਿਡਰਤਾ ਦਾ ਪ੍ਰਗਟਾਵਾ ਕੀਤਾ।

## ਨਰੇਗਾ ਮਜ਼ਦੂਰਾਂ ਨੂੰ ਤੁਰੰਤ ਕੰਮ ਦਿੱਤਾ ਜਾਵੇ : ਜਗਸੀਰ ਖੋਸਾ, ਕੁਲਦੀਪ ਭੋਲਾ

**ਮੋਗਾ (ਇਕਬਾਲ ਸਿੰਘ ਖਹਿਰਾ)**



ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੀ ਬਲਾਕ ਮੋਗਾ ਦੀ ਅਹਿਮ ਮੀਟਿੰਗ ਸਾਥੀ ਸ਼ੇਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਮੀਟਿੰਗ ਵਿੱਚ ਨਰੇਗਾ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ, ਵਿਕਸਤ ਭਾਰਤ ਜੀ.ਆਰ.ਜੀ. ਤਹਿਤ ਰੁਜ਼ਗਾਰ ਦੀ ਸਥਿਤੀ, ਬਕਾਇਆ ਮਜ਼ਦੂਰੀ, ਕੰਮ ਦੀ ਘਾਟ ਅਤੇ ਯੂਨੀਅਨ ਦੀਆਂ ਭਵਿੱਖੀ ਸੰਘਰਸ਼ਕਾਰੀ ਗਤੀਵਿਧੀਆਂ ਬਾਰੇ ਵਿਚਾਰ-ਚਰਚਾ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ ਅਤੇ ਯੂਨੀਅਨ ਦੇ ਸਲਾਹਕਾਰ ਕੁਲਦੀਪ ਭੋਲਾ ਨੇ ਕਿਹਾ ਕਿ ਪੰਜਾਬ ਦੇ ਨਰੇਗਾ ਮਜ਼ਦੂਰ ਇਸ ਵੇਲੇ ਬਹੁਤ ਹੀ ਮਾੜੇ ਹਾਲਾਤ ਵਿੱਚੋਂ ਗੁਜ਼ਰ ਰਹੇ ਹਨ। ਇੱਕ ਪਾਸੇ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਲੋੜ ਅਨੁਸਾਰ ਰੁਜ਼ਗਾਰ ਨਹੀਂ ਮਿਲ ਰਿਹਾ, ਦੂਜੇ ਪਾਸੇ ਨਰੇਗਾ ਕਰਮਚਾਰੀ ਆਪਣੀਆਂ ਜਾਇਜ਼ ਮੰਗਾਂ ਅਤੇ ਹੱਕਾਂ ਲਈ ਸੰਘਰਸ਼ ਕਰਦੇ ਹੋਏ ਹੜਤਾਲ 'ਤੇ ਹਨ। ਇਸ ਕਾਰਨ ਪਿੰਡਾਂ ਦੇ ਗਰੀਬ ਅਤੇ ਮਿਹਨਤਕਸ਼ ਪਰਵਾਰਾਂ ਦਾ ਜੀਵਨ ਹੋਰ ਵੀ ਮੁਸ਼ਕਲ ਬਣਦਾ ਜਾ ਰਿਹਾ ਹੈ।ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਮੰਨ ਕੇ ਹੜਤਾਲ ਦਾ ਹੱਲ ਕੀਤਾ ਜਾਵੇ, ਤਾਂ ਜੋ ਪਿੰਡਾਂ ਦੇ ਮਜ਼ਦੂਰਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਕੰਮ ਮਿਲ ਸਕੇ।ਆਗੂਆਂ ਨੇ ਕਿਹਾ ਕਿ ਭਾਵੇਂ ਨਰੇਗਾ ਯੋਜਨਾ ਦਾ ਨਾਮ ਬਦਲ ਕੇ ਵਿਕਸਤ ਭਾਰਤ ਜੀ.ਰਾਮ.ਜੀ. ਰੱਖ ਦਿੱਤਾ ਗਿਆ ਹੈ, ਪਰ ਕਾਨੂੰਨ ਅਧੀਨ ਮਜ਼ਦੂਰਾਂ ਦੇ ਹੱਕਾਂ ਵਿੱਚ ਕੋਈ ਤਬਦੀਲੀ ਨਹੀਂ ਆਈ। ਕਾਨੂੰਨ ਅਨੁਸਾਰ ਕੰਮ ਦੀ ਮੰਗ ਕਰਨ ਤੋਂ ਬਾਅਦ 15 ਦਿਨਾਂ ਦੇ ਅੰਦਰ ਰੁਜ਼ਗਾਰ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਜੇਕਰ ਇਸ ਸਮੇਂ ਦੌਰਾਨ ਕੰਮ ਨਹੀਂ ਦਿੱਤਾ ਜਾਂਦਾ ਤਾਂ ਮਜ਼ਦੂਰ ਬੇਰੁਜ਼ਗਾਰੀ ਭੱਤੇ ਦੇ ਹੱਕਦਾਰ ਹਨ। ਉਨ੍ਹਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕਾਨੂੰਨੀ ਹੱਕਾਂ ਪ੍ਰਤੀ ਜਾਗਰੂਕ ਹੋਣ, ਯੂਨੀਅਨ ਨਾਲ ਸੰਗਠਿਤ ਹੋਣ ਅਤੇ ਹਰ ਪਿੰਡ ਵਿੱਚ ਸਮੂਹਿਕ ਤੌਰ 'ਤੇ ਕੰਮ ਦੀ ਮੰਗ ਕਰਨ, ਤਾਂ ਜੋ ਕਾਨੂੰਨ ਅਧੀਨ ਮਿਲਦੇ ਸਾਰੇ ਹੱਕ ਹਾਸਲ ਕੀਤੇ ਜਾ ਸਕਣ।ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਨਰੇਗਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਪਿੰਡ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਅਤੇ ਲੋੜ ਪੈਣ 'ਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਨਾਲ ਹੀ ਨਰੇਗਾ ਕਰਮਚਾਰੀਆਂ, ਸਫ਼ਾਈ ਕਰਮਚਾਰੀਆਂ ਅਤੇ ਬਿਜਲੀ ਕਾਮਿਆਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਲਈ ਚਲਾਏ ਜਾ ਰਹੇ ਸੰਘਰਸ਼ਾਂ ਦੀ ਭਰਪੂਰ ਹਮਾਇਤ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ।

ਮੀਟਿੰਗ ਵਿੱਚ ਹਾਜ਼ਰ ਮਜ਼ਦੂਰਾਂ ਨੇ ਇੱਕਜੁੱਟ ਹੋ ਕੇ ਨਰੇਗਾ ਕਾਨੂੰਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ, ਹਰ ਲੋੜਵੰਦ ਪਰਿਵਾਰ ਨੂੰ ਸਮੇਂ ਸਿਰ ਰੁਜ਼ਗਾਰ ਦੇਣ ਅਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਲਗਾਤਾਰ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਲਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੂ ਮਹੇਸ਼ਰੀ, ਅਮਰੀਕ ਸਿੰਘ ਖੁਖਰਾਣਾ, ਪੂਜਾ ਕੌਰ ਖੋਸਾ, ਸਰਬਜੀਤ ਕੌਰ, ਰਵਿੰਦਰ ਕੌਰ ਮਹੇਸ਼ਰੀ, ਰਮਨਦੀਪ ਕੌਰ ਦੌਲਤਪੁਰਾ ਉੱਚਾ, ਗੁਰਦੀਪ ਸਿੰਘ ਅਤੇ ਜਸ਼ਨਦੀਪ ਕੌਰ ਵੀ ਹਾਜ਼ਰ ਸਨ।

## ਸੈਂਟੀਨਲ ਸਕੂਲ ਫਾਈਨਲ ਜਿੱਤ ਕੇ ਕ੍ਰਿਕਟ 'ਚ ਬਣਿਆ ਚੈਂਪੀਅਨ



**ਸਮਰਾਲਾ (ਸੁਰਜੀਤ ਸਿੰਘ)**-ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਪੰਜਾਬ ਸਕੂਲ ਖੇਡ ਮੁਕਾਬਲਿਆਂ ਅਧੀਨ ਹੋਏ ਇੰਟਰ-ਸਕੂਲ ਜ਼ੋਨਲ ਅੰਡਰ-17 ਕ੍ਰਿਕਟ ਟੂਰਨਾਮੈਂਟ ਵਿੱਚ ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀ ਕ੍ਰਿਕਟ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਈਨਲ ਮੁਕਾਬਲਾ ਜਿੱਤ ਕੇ ਚੈਂਪੀਅਨਸ਼ਿਪ ਆਪਣੇ ਨਾਂਅ ਕਰ ਲਈ।ਸੈਮੀ ਫਾਈਨਲ ਮੁਕਾਬਲੇ ਵਿੱਚ ਸਕੂਲ ਦਾ ਮੁਕਾਬਲਾ ਸੈਕਰਡ ਹਾਰਟ ਕਾਨਵੈਂਟ ਸਕੂਲ, ਉਟਾਲਾਂ ਨਾਲ ਹੋਇਆ।ਇਸ ਰੋਮਾਂਚਕ ਮੈਚ ਵਿੱਚ ਸਕੂਲ ਦੇ ਖਿਡਾਰੀਆਂ ਨੇ ਆਖਰੀ ਗੇਂਦ 'ਤੇ ਛੱਕਾ ਮਾਰ ਕੇ ਸੈਕਰਡ ਹਾਰਟ ਕਾਨਵੈਂਟ ਸਕੂਲ, ਉਟਾਲਾਂ ਨੂੰ ਹਰਾਇਆ ਤੇ ਆਪਣੀ ਜਿੱਤ ਪੱਕੀ ਕੀਤੀ।ਫਿਰ ਫਾਈਨਲ ਮੁਕਾਬਲੇ ਵਿੱਚ ਸਕੂਲ ਦੀ ਟੀਮ ਨੇ ਸੰਤ ਕਿਰਪਾਲ ਸਿੰਘ ਸੇਵਾ ਪੰਥੀ ਪਬਲਿਕ ਸਕੂਲ, ਨੀਲੋਂ ਨੂੰ ਖੇਡ ਦੇ ਹਰ ਵਿਭਾਗ ਵਿੱਚ ਪਛਾੜਦਿਆਂ ਸ਼ਾਨਦਾਰ ਜਿੱਤ ਦਰਜ ਕੀਤੀ ਅਤੇ ਅੰਡਰ-17 ਕ੍ਰਿਕਟ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।ਟੂਰਨਾਮੈਂਟ ਦੌਰਾਨ ਸਕੂਲ ਦੇ ਖਿਡਾਰੀਆਂ ਨੇ ਬੱਲੇਬਾਜ਼ੀ, ਗੇਂਦਬਾਜ਼ੀ ਤੇ ਫੀਲਡਿੰਗ ਤਿੰਨਾਂ ਹੀ ਵਿਭਾਗਾਂ ਵਿੱਚ ਉੱਤਮ ਪ੍ਰਦਰਸ਼ਨ ਕੀਤਾ।ਬੱਲੇਬਾਜ਼ਾਂ ਨੇ ਜ਼ਿੰਮੇਵਾਰੀ ਅਤੇ ਆਕ੍ਰਮਕ ਪਾਰੀਆਂ ਖੇਡੀਆਂ, ਜਦਕਿ ਗੇਂਦਬਾਜ਼ਾਂ ਨੇ ਸਟੀਕ ਲਾਈਨ ਅਤੇ ਲੈਂਥ ਰਾਹੀਂ ਵਿਰੋਧੀ ਟੀਮ 'ਤੇ ਲਗਾਤਾਰ ਦਬਾਅ ਬਣਾਈ ਰੱਖਿਆ।ਫੀਲਡਰਾਂ ਦੀ ਚੁਸਤੀ, ਫੁਰਤੀ, ਸ਼ਾਨਦਾਰ ਕੈਚਾਂ ਤੇ ਰਨ ਆਊਟਾਂ ਨੇ ਟੀਮ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ।ਪੂਰੇ ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਅਨੁਸ਼ਾਸਨ, ਟੀਮ ਭਾਵਨਾ ਤੇ ਖੇਡ ਜਜ਼ਬੇ ਦੀ ਮਿਸਾਲ ਪੇਸ਼ ਕੀਤੀ।ਸਕੂਲ ਦੀ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਜੇਤੂ ਟੀਮ, ਕੋਚਾਂ ਤੇ ਸਮੂਹ ਖੇਡ ਵਿਭਾਗ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਉਪਲਬਧੀ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਕੋਚਾਂ ਦੀ ਨਿਰੰਤਰ ਸਿਖਲਾਈ ਤੇ ਸਕੂਲ ਵੱਲੋਂ ਖੇਡਾਂ ਨੂੰ ਦਿੱਤੇ ਜਾ ਰਹੇ ਉਤਸ਼ਾਹ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਕਰਵਾਏ ਜਾਂਦੇ ਅਜਿਹੇ ਖੇਡ ਮੁਕਾਬਲੇ ਵਿਦਿਆਰਥੀਆਂ ਦੀਆਂ ਖੇਡ ਪ੍ਰਤਿਭਾਵਾਂ ਨੂੰ ਨਿਖਾਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ ਤੇ ਟੀਮ ਭਾਵਨਾ ਦਾ ਵਿਕਾਸ ਕਰਦੇ ਹਨ।ਕ੍ਰਿਕਟ ਟੀਮ ਦੇ ਕੋਚ ਹਰਕੇਸ਼ ਸਿੰਘ ਤੇ ਜਗਦੀਪ ਸਿੰਘ ਨੇ ਕਿਹਾ ਕਿ ਖਿਡਾਰੀਆਂ ਨੇ ਪੂਰੇ ਟੂਰਨਾਮੈਂਟ ਦੌਰਾਨ ਬੇਹਤਰੀਨ ਟੀਮ ਵਰਕ, ਲਗਨ ਤੇ ਦ੍ਰਿੜ੍ਹ ਇਰਾਦੇ ਦਾ ਪ੍ਰਦਰਸ਼ਨ ਕੀਤਾ, ਜਿਸ ਦਾ ਨਤੀਜਾ ਚੈਂਪੀਅਨਸ਼ਿਪ ਦੇ ਰੂਪ ਵਿੱਚ ਸਾਹਮਣੇ ਆਇਆ।

## ਬਾਲ ਮਜ਼ਦੂਰੀ ਦੀ ਰੋਕਥਾਮ ਲਈ ਸਾਂਝੀ ਚੈਕਿੰਗ ਮੁਹਿੰਮ ਚਲਾਈ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸੰਗਰੂਰ ਪ੍ਰਦੀਪ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਸੁਨਾਮ ਸ਼ਹਿਰ ਵਿਖੇ ਬਾਲ ਮਜ਼ਦੂਰੀ ਦੀ ਰੋਕਥਾਮ ਲਈ ਸਾਂਝੀ ਚੈਕਿੰਗ ਮੁਹਿੰਮ ਚਲਾਈ ਗਈ। ਇਸ ਸਾਂਝੀ ਚੈਕਿੰਗ ਟੀਮ ਵਿੱਚ ਲੇਬਰ ਵਿਭਾਗ ਦੇ ਲੇਬਰ ਇੰਸਪੈਕਟਰ ਕੁਲਦੀਪ ਸਿੰਘ, ਸਿੱਖਿਆ ਵਿਭਾਗ ਤੋਂ ਪਵਨਦੀਪ, ਜ਼ਿਲ੍ਹਾ ਬਾਲ ਸੁਰੱਖਿਆ ਇਕਾਈ ਤੋਂ ਨਿਰਮਲ ਕੌਰ ਅਤੇ ਪੁਲਸ ਵਿਭਾਗ ਤੋਂ ਸਤਗੁਰ ਸਿੰਘ ਸ਼ਾਮਲ ਸਨ। ਟੀਮ ਵੱਲੋਂ ਸ਼ਹਿਰ ਦੇ ਵੱਖ-ਵੱਖ ਵਪਾਰਕ ਅਦਾਰਿਆਂ, ਹੋਟਲਾਂ, ਢਾਬਿਆਂ, ਵਰਕਸ਼ਾਪਾਂ, ਦੁਕਾਨਾਂ ਅਤੇ ਹੋਰ ਜਨਤਕ ਸਥਾਨਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਕਿਸੇ ਵੀ ਸਥਾਨ 'ਤੇ ਕੋਈ ਬੱਚਾ ਬਾਲ ਮਜ਼ਦੂਰੀ ਕਰਦਾ ਨਹੀਂ ਪਾਇਆ ਗਿਆ । ਇਸ ਮੌਕੇ ਸਾਂਝੀ ਟੀਮ ਵੱਲੋਂ ਦੁਕਾਨਦਾਰਾਂ, ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਬਾਲ ਮਜ਼ਦੂਰੀ ਦੀ ਰੋਕਥਾਮ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਨੂੰ ਬੱਚਿਆਂ ਨੂੰ ਸਿੱਖਿਆ ਨਾਲ ਜੋੜਨ, ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਬਾਲ ਮਜ਼ਦੂਰੀ ਵਰਗੀ ਸਮਾਜਿਕ ਬੁਰਾਈ ਨੂੰ ਖਤਮ ਕਰਨ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਗਈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪ੍ਰਦੀਪ ਸਿੰਘ ਗਿੱਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਬਾਲ ਮਜ਼ਦੂਰੀ ਦੇ ਖਾਤਮੇ ਅਤੇ ਬੱਚਿਆਂ ਦੇ ਸਰਵੋਤਮ ਹਿੱਤਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਰਾਸ਼ਨ ਡਿਪੂ ਹੋਲਡਰਾਂ ਨੇ ਖੁਰਾਕ ਮੰਤਰੀ ਨਾਲ ਕੀਤੀ ਮੀਟਿੰਗ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਰਾਸ਼ਨ ਡਿਪੂ ਹੋਲਡਰ ਫੈਡਰੇਸ਼ਨ ਪੰਜਾਬ (ਰਜਿ:) ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਦੀ ਅਗਵਾਈ ਹੇਠ ਜਥੇਬੰਦੀ ਦੇ ਸੂਬਾ ਪੱਧਰੀ ਵਫ਼ਦ ਨੇ ਪੰਜਾਬ ਦੇ ਖੁਰਾਕ ਤੇ ਨਾਗਰਿਕ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨਾਲ ਅਹਿਮ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਫੈਡਰੇਸ਼ਨ ਵੱਲੋਂ ਸੂਬੇ ਦੇ ਹਜ਼ਾਰਾਂ ਡਿਪੂ ਹੋਲਡਰਾਂ ਨੂੰ ਦਰਪੇਸ਼ ਗੰਭੀਰ ਆਰਥਿਕ, ਤਕਨੀਕੀ ਤੇ ਪ੍ਰਸ਼ਾਸਨਿਕ ਸਮੱਸਿਆਵਾਂ ਨੂੰ ਮੰਤਰੀ ਸਾਹਮਣੇ ਪੂਰੀ ਮਜ਼ਬੂਤੀ ਨਾਲ ਚੁੱਕਿਆ ਗਿਆ ਤੇ ਉਨ੍ਹਾਂ ਦੀ ਬਾਂਹ ਫੜਨ ਦੀ ਮੰਗ ਕੀਤੀ ਗਈ। ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਨੇ ਮੁੱਖ ਮੰਗਾਂ ਰੱਖਦਿਆਂ ਮੰਗ ਕੀਤੀ ਕਿ ਮਾਰਕਫੈਡ ਦੇ ਡਿੱਪੂਆਂ ਦੀ ਤਰਜ਼ 'ਤੇ ਬਿਜਲੀ ਦਾ ਬਿੱਲ, ਦੁਕਾਨ ਦਾ ਕਿਰਾਇਆ ਤੇ 68,000 ਰੁਪਏ ਪ੍ਰਤੀ ਮਹੀਨਾ ਨਿਸ਼ਚਿਤ ਮਾਣਭੱਤਾ ਦਿੱਤਾ ਜਾਵੇ।ਇਸ ਤੋਂ ਇਲਾਵਾ ਹਰੇਕ ਡਿੱਪੂ ਹੋਲਡਰ ਨੂੰ ਘੱਟੋ-ਘੱਟ 500 ਰਾਸ਼ਨ ਕਾਰਡ ਅਲਾਟ ਕੀਤੇ ਜਾਣ, ਕਿਸੇ ਹੋਰ ਕਾਰਨਾਂ ਤੋਂ ਸਪਲਾਈ ਵਿੱਚ ਦੇਰ ਨਾ ਕੀਤੀ ਜਾਵੇ, ਪਾਲਿਸੀ ਤੋਂ ਬਾਹਰ ਜਾ ਕੇ ਬਣਾਏ ਨਵੇਂ ਡਿੱਪੂਆਂ ਦੀ ਸਮੀਖਿਆ ਕੀਤੀ ਜਾਵੇ ਤੇ 2020-21 ਵਾਲੇ ਡਿੱਪੂਆਂ ਦੀ ਬਹਾਲੀ ਯਕੀਨੀ ਬਣਾਈ ਜਾਵੇ।ਡਿਪੂ ਹੋਲਡਰਾਂ ਦੇ ਮਿਹਨਤਾਨੇ ਵਿੱਚ ਵਾਧੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਰਾਸ਼ਨ ਕਿੱਟਾਂ ਵੰਡਣ ਸਬੰਧੀ ਮਜ਼ਦੂਰੀ ਬਹੁਤ ਘੱਟ ਹੈ, ਜਿਸ ਵਿੱਚ ਵਾਧਾ ਕਰਨਾ ਜ਼ਰੂਰੀ ਹੈ।ਇਸ ਤੋਂ ਇਲਾਵਾ ਲੋਡਿੰਗ, ਅਣਲੋਡਿੰਗ, ਟਰਾਂਸਪੋਰਟ ਤੇ ਲੇਬਰ ਦਾ ਪੈਸਾ ਜੋ ਇਸ ਵੇਲੇ ਠੇਕੇਦਾਰਾਂ ਨੂੰ ਦਿੱਤਾ ਜਾਂਦਾ ਹੈ, ਉਹ ਸਿੱਧਾ ਡਿਪੂ ਹੋਲਡਰਾਂ ਨੂੰ ਮਿਲਣਾ ਚਾਹੀਦਾ ਹੈ। ਆਂਗਣਵਾੜੀ ਵਰਕਰਾਂ ਵਾਂਗ ਹੀ ਈਕੇਵਾਈਸੀ ਦੇ ਕੰਮ ਦਾ ਮਿਹਨਤਾਨਾ ਵੀ ਡਿਪੂ ਹੋਲਡਰਾਂ ਨੂੰ ਅਦਾ ਕੀਤਾ ਜਾਵੇ। ਤਕਨੀਕੀ ਤੇ ਵਿਹਾਰਕ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਸਰਕਾਰ 12% ਨਮੀ 'ਤੇ ਕਣਕ ਖਰੀਦਦੀ ਹੈ, ਪਰ ਡਿਪੂ ਹੋਲਡਰਾਂ ਨੂੰ 17-18% ਨਮੀ 'ਤੇ ਮਿਲਦੀ ਹੈ, ਜਿਸ ਕਾਰਨ ਕਣਕ ਦੀ ਘਾਟ (ਸ਼ਾਰਟੇਜ) ਆਉਂਦੀ ਹੈ, ਇਸ ਲਈ ਇਹ ਸ਼ਾਰਟੇਜ ਡਿਪੂ ਹੋਲਡਰਾਂ ਨੂੰ ਦਿੱਤੀ ਜਾਵੇ।ਰਾਸ਼ਨ ਵੰਡਣ ਵੇਲੇ 5 ਵੱਖ-ਵੱਖ ਪਰਚੀਆਂ ਦੀ ਥਾਂ 1 ਹੀ ਪਰਚੀ ਜਾਰੀ ਕੀਤੀ ਜਾਵੇ ਤਾਂ ਜੁ ਸਮਾਂ ਬਚ ਸਕੇ।ਈਪੋਸ਼ ਮਸ਼ੀਨ ਦਾ 21 ਰੁਪਏ ਪ੍ਰਤੀ ਕੁਇੰਟਲ ਕਿਰਾਇਆ ਦਿੱਤਾ ਜਾਵੇ ਅਤੇ ਪ੍ਰਾਈਵੇਟ ਕਰਿੰਦਿਆਂ ਦੀ ਥਾਂ ਫੂਡ ਇੰਸਪੈਕਟਰਾਂ ਦੀ ਹਾਜ਼ਰੀ ਵਿੱਚ ਕਣਕ ਦੀ ਚੁਕਾਈ ਯਕੀਨੀ ਬਣਾਈ ਜਾਵੇ।

## ਹਰਜਿੰਦਰ ਕੌਰ ਨੇ ਵੇਟ ਲਿਫਟਿੰਗ 'ਚ ਜਿੱਤਿਆ ਚਾਂਦੀ ਦਾ ਤਗ਼ਮਾ



**ਪਟਿਆਲਾ (ਰਜਿੰਦਰ ਸਿੰਘ ਥਿੰਦ)** ਪਿੰਡ ਮੈਹਸ ਦੀ ਜੰਮਪਲ ਹਰਜਿੰਦਰ ਕੌਰ ਨੇ ਗਲਾਸਗੋ ਵਿਖੇ ਖੇਡੀਆਂ ਜਾ ਰਹੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਦਾ ਨਾਂਅ ਰੌਸ਼ਨ ਕਰਦੇ ਹੋਏ ਵੇਟ ਲਿਫਟਿੰਗ ਵਿੱਚ ਚਾਂਦੀ ਦਾ ਤਗ਼ਮਾ ਪ੍ਰਾਪਤ ਕੀਤਾ।ਭਾਰਤ ਦੇ ਸਮੇਂ ਅਨੁਸਾਰ ਰਾਤ 1 ਵਜੇ ਨਤੀਜੇ ਘੋਸ਼ਿਤ ਹੁੰਦਿਆਂ ਹੀ ਨਾਭਾ ਵਿਖੇ ਪਰਿਵਾਰ ਨੂੰ ਵਧਾਈਆਂ ਆਉਣੀਆਂ ਸ਼ੁਰੂ ਹੋ ਗਈਆਂ। 69 ਕਿੱਲੋ ਸ਼੍ਰੇਣੀ ਦੀ ਖਿਡਾਰਣ ਹਰਜਿੰਦਰ ਕੌਰ ਨੇ ਦੋ ਗੇੜਾਂ (ਸਨੈਚ ਤੇ ਕਲੀਨ, ਜਰਕ) 'ਚ ਕੁੱਲ 227 ਕਿੱਲੋ ਭਾਰ ਚੁੱਕਿਆ। ਕੈਨੇਡਾ ਦੀ ਚਰਲੋਟ ਸੀਮੋਨ ਨੇ ਕੁੱਲ 240 ਕਿੱਲੋ ਭਾਰ ਚੁੱਕ ਕੇ ਸੋਨੇ ਦਾ ਤਗ਼ਮਾ ਜਿੱਤਿਆ ਤੇ ਆਸਟ੍ਰੇਲੀਆ ਦੀ ਨਯਾ ਵੇਬ ਹੇਮਨ ਨੇ 218 ਕਿੱਲੋ ਭਾਰ ਚੁੱਕ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਹਰਜਿੰਦਰ ਕੌਰ ਦੇ ਪਿਤਾ ਸਾਹਿਬ ਸਿੰਘ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਹਰਜਿੰਦਰ ਕੌਰ ਦੀ ਕੜੀ ਮਿਹਨਤ ਨੂੰ ਸਲਾਹਿਆ।ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਵਿੱਚ ਔਰਤਾਂ ਦੇ 69 ਕਿਲੋਗ੍ਰਾਮ ਵੇਟਲਿਫਟਿੰਗ ਮੁਕਾਬਲੇ ਵਿੱਚ ਚਾਂਦੀ ਦਾ ਤਗ਼ਮਾ ਜਿੱਤਣ 'ਤੇ ਦੇਸ਼ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੇਟਲਿਫਟਰ ਹਰਜਿੰਦਰ ਕੌਰ ਨੂੰ ਵਧਾਈਆਂ ਦਿੱਤੀਆਂ ਹਨ।ਰਾਸ਼ਟਰਪਤੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹਰਜਿੰਦਰ ਕੌਰ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰੇ ਦੇਸ਼ ਦਾ ਮਾਣ ਵਧਾਇਆ ਹੈ ਤੇ ਉਹ ਕਾਮਨਾ ਕਰਦੇ ਹਨ ਕਿ ਉਹ ਭਵਿੱਖ ਵਿੱਚ ਵੀ ਸਫਲਤਾ ਦੀਆਂ ਨਵੀਆਂ ਬੁਲੰਦੀਆਂ ਹਾਸਲ ਕਰੇ।ਮੁਕਾਬਲੇ ਦੇ ਪਲੇਟਫਾਰਮ 'ਤੇ ਕਦਮ ਰੱਖਣ ਤੋਂ ਕੁਝ ਘੰਟੇ ਪਹਿਲਾਂ ਹੀ ਹਰਜਿੰਦਰ ਨੇ ਆਪਣੇ ਭਰਾ ਪ੍ਰਿਤਪਾਲ ਸਿੰਘ ਨੂੰ ਫ਼ੋਨ ਕਰਕੇ ਆਪਣੀ ਤਿਆਰੀ ਬਾਰੇ ਪੂਰਾ ਭਰੋਸਾ ਪ੍ਰਗਟਾਇਆ ਸੀ।ਪ੍ਰਿਤਪਾਲ ਨੇ ਯਾਦ ਕਰਦਿਆਂ ਕਿਹਾ ਕਿ ਉਸ ਨੇ ਮੈਨੂੰ ਦੱਸਿਆ ਸੀ ਕਿ ਉਹ ਤੰਦਰੁਸਤ ਹੈ ਤੇ ਸੋਨੇ ਜਾਂ ਚਾਂਦੀ ਦਾ ਤਗ਼ਮਾ ਜਿੱਤਣ ਬਾਰੇ ਪੂਰੀ ਤਰ੍ਹਾਂ ਯਕੀਨੀ ਹੈ।ਉਸ ਦਾ ਵਿਸ਼ਵਾਸ ਸਹੀ ਸਾਬਤ ਹੋਇਆ, ਜਦੋਂ ਉਹ ਪੋਡੀਅਮ 'ਤੇ ਸਥਾਨ ਪ੍ਰਾਪਤ ਕਰਕੇ ਪਰਤੀ।ਪ੍ਰਿਤਪਾਲ ਨੇ ਕਿਹਾ ਕਿ ਸਾਡੇ ਪਿਤਾ ਜੀ ਨੇ ਸਾਨੂੰ ਹਮੇਸ਼ਾ ਸਾਡੀ ਆਰਥਿਕ ਸਥਿਤੀ ਦੀ ਪ੍ਰਵਾਹ ਕੀਤੇ ਬਿਨਾਂ ਚੰਗੀ ਤਰ੍ਹਾਂ ਪੜ੍ਹਨ ਲਈ ਕਿਹਾ।ਭਾਵੇਂ ਪੈਸਾ ਬਹੁਤ ਘੱਟ ਸੀ, ਸਾਡੇ ਮਾਤਾ-ਪਿਤਾ ਨੇ ਸਾਨੂੰ ਭਰੋਸਾ ਦਿਵਾਇਆ ਕਿ ਉਹ ਸਾਡੀ ਪੜ੍ਹਾਈ ਅਤੇ ਸੁਪਨਿਆਂ ਨੂੰ ਸਮਰਥਨ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਹਰਜਿੰਦਰ ਨੂੰ ਤਾਕਤ ਵਾਲੀਆਂ ਖੇਡਾਂ ਪ੍ਰਤੀ ਜਨੂੰਨ ਵਿਰਸੇ ਵਿੱਚ ਮਿਲਿਆ ਹੈ।ਆਪਣੇ ਜਵਾਨ ਦਿਨਾਂ ਵਿੱਚ ਸਾਹਿਬ ਸਿੰਘ ਖੁਦ ਪਿੰਡ ਪੱਧਰ ਦੇ ਵੇਟਲਿਫਟਿੰਗ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਸਨ।

## ਡੀ ਏ ਵੀ ਸੈਂਟਨਰੀ ਸਕੂਲ ਵਿਖੇ ਲੇਖ ਮੁਕਾਬਲੇ ਕਰਵਾਏ



**ਜਗਰਾਉਂ (ਅਮਿਤ ਖੰਨਾ)**-ਡੀ. ਏ. ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਉਂ ਵਿਖੇ ਵੇਦ ਪ੍ਰਚਾਰ ਮੰਡਲ ਦੇ ਤਹਿਤ ਵਿਦਿਆਰਥੀਆਂ ਵਿੱਚ ਵੈਦਿਕ ਸੱਭਿਆਚਾਰ, ਨੈਤਿਕ ਕਦਰਾਂ-ਕੀਮਤਾਂ ਅਤੇ ਲਿਖਣ ਕੌਸ਼ਲ ਦੇ ਵਿਕਾਸ ਦੇ ਉਦੇਸ਼ ਨਾਲ 28 ਜੁਲਾਈ ਨੂੰ ਲੇਖ ਲਿਖਣ ਮੁਕਾਬਲੇ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਵੇਦ ਦਾ ਅਸਲ ਸਰੂਪ, ਗੀਤਾ ਦਾ ਰਹੱਸ - ਕਰਮ, ਆਧੁਨਿਕ ਉਪਕਰਨਾਂ ਦਾ ਸਦਉਪਯੋਗ, ਧਰਤੀ ਦਾ ਆਧਾਰ - ਨਾਰੀ ਅਤੇ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਉਪਯੋਗਤਾ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਆਪਣੇ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ। ਜੇਤੂ ਵਿਦਿਆਰਥੀਆਂ ਨੂੰ ਵੇਦ ਪ੍ਰਚਾਰ ਮੰਡਲ ਵੱਲੋਂ ਸਨਮਾਨਤ ਅਤੇ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਵੇਦ ਵ੍ਰਤ ਪਲਾਹ ਨੇ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਵਿਅਕਤੀਤਵ ਵਿਕਾਸ, ਸਿਰਜਣਾਤਮਕ ਸੋਚ, ਚਿੰਤਨ ਸ਼ਕਤੀ ਅਤੇ ਲੇਖਣ ਕੌਸ਼ਲ ਨੂੰ ਨਿਖਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਪ੍ਰਿਯਾਂਕ ਕਾਨੂੰਨਗੋ ਨੇ ਸ਼ਿਕਾਇਤਾਂ ਸੁਣੀਆਂ



**ਬਿਲਾਸਪੁਰ (ਲਵਲੀ ਕੁਮਾਰ)**-ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਯਾਂਕ ਕਾਨੂੰਨਗੋ ਨੇ ਵਿਸ਼ੇਸ਼ ਜਨ ਸੁਣਵਾਈ ਦੌਰਾਨ ਨਿਹਾਲ ਸਿੰਘ ਵਾਲਾ ਹਲਕਿਆਂ ਦੇ ਪਿੰਡਾਂ ਤੋਂ ਪੁੱਜੇ ਲੋਕਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਧਿਆਨ ਨਾਲ ਸੁਣੀਆਂ।ਵੱਡੀ ਗਿਣਤੀ ਵਿੱਚ ਲੋਕ ਆਪਣੀਆਂ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਤੇ ਪ੍ਰਸ਼ਾਸਨਿਕ ਮਾਮਲਿਆਂ ਦੀਆਂ ਸ਼ਿਕਾਇਤਾਂ ਲੈ ਕੇ ਪੁੱਜੇ।ਪ੍ਰਿਯਾਂਕ ਕਾਨੂੰਨਗੋ ਨੇ ਕਿਹਾ ਕਿ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਹਰ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਲਈ ਵਚਨਬੱਧ ਹੈ ਤੇ ਕਿਸੇ ਵੀ ਵਿਅਕਤੀ ਨਾਲ ਬੇਇਨਸਾਫ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਰਪੱਖ ਤੇ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ।ਸੁਣਵਾਈ ਦੌਰਾਨ ਮੌਕੇ 'ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਈ ਮਾਮਲਿਆਂ ਸੰਬੰਧੀ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।ਕਈ ਸ਼ਿਕਾਇਤਾਂ ਦਾ ਨਿਪਟਾਰਾ ਮੌਕੇ 'ਤੇ ਹੀ ਕਰ ਦਿੱਤਾ ਗਿਆ, ਜਦਕਿ ਬਾਕੀ ਮਾਮਲਿਆਂ ਦੀ ਜਲਦੀ ਜਾਂਚ ਕਰਕੇ ਯੋਗ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ।

## ਭਾਜਪਾ ਨੇ ਸਰਕਾਰ ਖ਼ਿਲਾਫ਼ ਖੋਲ੍ਹਿਆ ਮੋਰਚਾ, ਡੀ ਸੀ ਨੂੰ ਸੌਂਪਿਆ ਮੰਗ ਪੱਤਰ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**



ਪੰਜਾਬ ਵਿੱਚ ਫਾਰਮੇਸੀ ਅਫ਼ਸਰ ਭਰਤੀ ਪ੍ਰੀਖਿਆ ਦੌਰਾਨ ਸਾਹਮਣੇ ਆਏ ਕਥਿਤ ਪੇਪਰ ਲੀਕ ਤੇ ਵਿਆਪਕ ਨਕਲ ਮਾਮਲੇ ਨੂੰ ਲੈ ਕੇ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ।ਭਾਰਤੀ ਜਨਤਾ ਪਾਰਟੀ ਨੇ ਇਸ ਮੁੱਦੇ 'ਤੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੂੰ ਇੱਕ ਮੰਗ ਪੱਤਰ ਸੌਂਪਿਆ।

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਦੀ ਅਗਵਾਈ ਹੇਠ ਇਕੱਠੇ ਹੋਏ ਪਾਰਟੀ ਆਗੂਆਂ ਨੇ ਪ੍ਰੀਖਿਆਵਾਂ ਦੀ ਪਵਿੱਤਰਤਾ ਤੇ ਪਾਰਦਰਸ਼ਤਾ ਬਰਕਰਾਰ ਰੱਖਣ 'ਚ ਨਾਕਾਮ ਰਹਿਣ ਦੇ ਗੰਭੀਰ ਦੋਸ਼ ਲਾਉਂਦਿਆਂ ਸੂਬੇ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ।ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਤੇ ਭਾਜਪਾ ਆਗੂਆਂ ਨੇ ਦੱਸਿਆ ਕਿ 19 ਜੁਲਾਈ ਨੂੰ 454 ਫਾਰਮੇਸੀ ਅਫ਼ਸਰਾਂ ਦੀਆਂ ਅਸਾਮੀਆਂ ਲਈ ਕਰਵਾਈ ਗਈ ਇਸ ਪ੍ਰੀਖਿਆ ਵਿੱਚ ਲਗਭਗ 7,000 ਉਮੀਦਵਾਰਾਂ ਨੇ ਭਾਗ ਲਿਆ ਸੀ।ਉਨ੍ਹਾਂ ਦੋਸ਼ ਲਾਇਆ ਕਿ ਪ੍ਰੀਖਿਆ ਕੇਂਦਰ ਦੇ ਅੰਦਰੋਂ ਹੀ ਪ੍ਰਸ਼ਨ ਪੱਤਰ ਸਕੈਨ ਕਰਕੇ ਬਾਹਰ ਭੇਜਿਆ ਗਿਆ, ਜਿੱਥੇ ਇਸ ਨੂੰ ਹੱਲ ਕਰਕੇ ਬਲੂਟੂਥ ਉਪਕਰਨਾਂ ਰਾਹੀਂ ਪ੍ਰੀਖਿਆਰਥੀਆਂ ਤੱਕ ਉੱਤਰ ਪੁਚਾਏ ਗਏ।

ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਰਜਿਸਟਰਾਰ ਨੇ ਖ਼ੁਦ ਮੰਨਿਆ ਸੀ ਕਿ ਪ੍ਰੀਖਿਆ ਦੌਰਾਨ ਇਲੈਕਟ੍ਰਾਨਿਕ ਉਪਕਰਨਾਂ ਦੀ ਵਰਤੋਂ ਸਬੰਧੀ ਖ਼ੁਫ਼ੀਆ ਜਾਣਕਾਰੀ ਪਹਿਲਾਂ ਹੀ ਪ੍ਰਾਪਤ ਸੀ।ਇਸ ਦੇ ਬਾਵਜੂਦ ਸਰਕਾਰ ਵੱਲੋਂ ਨਾ ਤਾਂ ਜੈਮਰ ਲਾਏ ਗਏ ਤੇ ਨਾ ਹੀ ਲੋੜੀਂਦੇ ਸੁਰੱਖਿਆ ਪ੍ਰਬੰਧ ਕੀਤੇ ਗਏ, ਜੋ ਸਰਕਾਰ ਦੀ ਨੀਅਤ ਤੇ ਤਿਆਰੀ 'ਤੇ ਗੰਭੀਰ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।ਭਾਜਪਾ ਆਗੂਆਂ ਨੇ ਆਖਿਆ ਕਿ ਇਹ ਕੋਈ ਇਕੱਲੀ ਘਟਨਾ ਨਹੀਂ ਹੈ, ਸਗੋਂ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਸਾਹਮਣੇ ਆਇਆ ਇਹ ਛੇਵਾਂ ਵੱਡਾ ਭਰਤੀ ਘਪਲਾ ਹੈ।ਇਸ ਤੋਂ ਪਹਿਲਾਂ ਵੀ ਨਾਇਬ ਤਹਿਸੀਲਦਾਰ ਭਰਤੀ ਪ੍ਰੀਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦਾ ਅੰਗਰੇਜ਼ੀ ਦਾ ਪੇਪਰ ਲੀਕ, ਪੀ.ਐੱਸ.ਟੀ.ਈ.ਟੀਵਿਵਾਦ ਤੇ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੀਆਂ ਭਰਤੀਆਂ 'ਚ ਬੇਨਿਯਮੀਆਂ ਵਰਗੇ ਮਾਮਲੇ ਸਾਹਮਣੇ ਆ ਚੁੱਕੇ ਹਨ।

## ਹੋਲੀ ਹਾਰਟ ਸਕੂਲ 'ਚ ਪਾਣੀ ਦੀ ਸੰਭਾਲ ਦਾ ਦਿੱਤਾ ਸੰਦੇਸ਼



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿਦਿਅਕ ਸੰਸਥਾ ਹੋਲੀ ਹਾਰਟ ਸਕੂਲ, ਅਜੀਤਵਾਲ ਵਿਖੇ ਵਿਦਿਆਰਥੀਆਂ ਵਿੱਚ ਪਾਣੀ ਦੀ ਮਹੱਤਤਾ, ਵਾਤਾਵਰਣ ਸੰਭਾਲ ਅਤੇ ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ 'ਸੇਵ ਵਾਟਰ-ਡੈਕੋਰੇਟ ਯੂਅਰ ਵਾਟਰ ਬੋਤਲ ਐਕਟੀਵਿਟੀ' ਦਾ ਆਯੋਜਨ ਕੀਤਾ ਗਿਆ।ਇਸ ਗਤੀਵਿਧੀ ਵਿੱਚ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਭਾਗ ਲਿਆ।ਬੱਚਿਆਂ ਨੇ ਆਪਣੀਆਂ ਪਾਣੀ ਦੀਆਂ ਬੋਤਲਾਂ ਨੂੰ ਰੰਗ-ਬਿਰੰਗੇ ਕਾਗਜ਼, ਰਿਬਨ, ਸਟਿੱਕਰ, ਫੁੱਲਾਂ ਅਤੇ ਹੋਰ ਸਜਾਵਟੀ ਸਮੱਗਰੀ ਨਾਲ ਸੁੰਦਰ ਢੰਗ ਨਾਲ ਸਜਾਇਆ।ਇਸ ਦੇ ਨਾਲ-ਨਾਲ ਬੋਤਲਾਂ 'ਤੇ 'ਜਲ ਹੀ ਜੀਵਨ ਹੈ, ਪਾਣੀ ਬਚਾਓ, ਹਰ ਬੂੰਦ ਕੀਮਤੀ ਹੈ' ਵਰਗੇ ਪ੍ਰੇਰਨਾਦਾਇਕ ਸੰਦੇਸ਼ ਵੀ ਲਿਖੇ, ਜਿਨ੍ਹਾਂ ਨੇ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਿਆ।ਇਸ ਮੌਕੇ ਲਗਾਈ ਗਈ ਪ੍ਰਦਰਸ਼ਨੀ ਨੇ ਸਾਰੇ ਅਧਿਆਪਕਾਂ ਅਤੇ ਮਾਪਿਆਂ ਨੂੰ ਪ੍ਰਭਾਵਿਤ ਕੀਤਾ ਅਤੇ ਬੱਚਿਆਂ ਦੀ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਵਿੱਚ ਸਮਾਜਿਕ ਅਤੇ ਵਾਤਾਵਰਣਕ ਜ਼ਿੰਮੇਵਾਰੀ ਦੀ ਭਾਵਨਾ ਵੀ ਵਿਕਸਿਤ ਕਰਨਾ ਵੀ ਹੈ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ, ਸ਼ਿਵਾਨੀ ਅਰੋੜਾ, ਰਮਨ ਅਰੋੜਾ ਨੇ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇਸ ਉਪਰਾਲੇ ਲਈ ਭਰਪੂਰ ਪ੍ਰਸ਼ੰਸਾ ਕੀਤੀ।

## 2027 'ਚ ਫਿਰ ਤੋਂ ਆਪ ਦੀ ਸਰਕਾਰ ਬਣੇਗੀ : ਬੈਂਸ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਭੁਪਿੰਦਰ ਸਿੰਘ ਬੈਂਸ, ਜਗਜੀਤ ਸਿੰਘ ਬੈਂਸ ਨੇ ਕਿਹਾ ਕਿ 2027 ਵਿੱਚ ਸੂਬੇ ਵਿੱਚ ਫਿਰ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਮੁੱਚੀ ਕੈਬਨਿਟ ਬਹੁਤ ਵਧੀਆ ਕੰਮ ਕਰ ਰਹੀ ਹੈ। ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਹਨਾਂ ਨੂੰ ਪੂਰਾ ਕਰਦਿਆਂ ਹੋਇਆਂ ਲੋਕ ਭਲਾਈ ਸਕੀਮਾਂ ਜਾਰੀ ਕਰ ਰਹੀ ਹੈ ਜਿਸ ਦਾ ਲੋਕ ਵੱਡੀ ਗਿਣਤੀ ਵਿੱਚ ਲਾਭ ਲੈ ਰਹੇ ਹਨ। ਉਹਨਾਂ ਕਿਹਾ ਕਿ ਜੋ ਵੀ ਵਿਕਾਸ ਪਿੰਡਾਂ ਤੇ ਸ਼ਹਿਰਾਂ ਦਾ ਹੋਇਆ ਹੈ ਉਹ ਕਿਸੇ ਵੀ ਸਰਕਾਰ ਸਮੇਂ ਨਹੀਂ ਹੋਇਆ ਜਿਸ ਕਰਕੇ ਲੋਕ ਹੁਣ ਵੀ ਆਮ ਆਦਮੀ ਪਾਰਟੀ ਦੇ ਨਾਲ ਖੜ੍ਹੇ ਹਨ ਅਤੇ ਆਉਣ ਵਾਲੀ ਸਰਕਾਰ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਬਣੇਗੀ। ਉਹਨਾਂ ਕਿਹਾ ਕਿ ਮੁਫਤ ਬਿਜਲੀ, ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਤੇ ਮਹਿਲਾਵਾਂ ਨੂੰ 1000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਮਹਿਲਾਵਾਂ ਨੂੰ 1500 ਰੁਪਏ ਮਹੀਨਾ ਸਮੇਤ ਸਾਰੀਆਂ ਹੀ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ।ਉਹਨਾਂ ਕਿਹਾ ਕਿ ਸਿਹਤ ਬੀਮਾ ਯੋਜਨਾ ਦੇ ਤਹਿਤ ਪੰਜਾਬ ਦੇ ਵਾਸੀ 10 ਲੱਖ ਰੁਪਏ ਦਾ ਮੁਫਤ ਇਲਾਜ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਕਰਵਾ ਰਹੇ ਹਨ। ਉਹਨਾਂ ਕਿਹਾ ਕਿ ਲੋਕ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਖੁਸ਼ ਅਤੇ ਸੰਤੁਸ਼ਟ ਹਨ ਤੇ ਆਉਣ ਵਾਲੀ 2027 ਵਿੱਚ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣਗੇ।

## 650ਵੇਂ ਜਨਮ ਦਿਹਾੜੇ ਨੂੰ ਸਮਰਪਤ ਮੰਦਰ 'ਚ ਬੂਟੇ ਵੰਡੇ



**ਮੂਣਕ (ਰਾਜਪਾਲ ਸਿੰਗਲਾ)**-ਸ੍ਰੀ ਗੁਰੂ ਰਵਿਦਾਸ ਮੰਦਰ ਸਲੇਮਗੜ੍ਹ (ਮੂਣਕ) ਵਿੱਚ 650ਵੇਂ ਜਨਮ ਦਿਹਾੜੇ ਨੂੰ ਸਮਰਪਤ ਮੰਦਰ ਵਿੱਚ ਬੂਟੇ ਵੰਡੇ ਗਏ। ਗੁਰੂ ਰਵਿਦਾਸ ਮਹਾਰਾਜ ਦੇ ਦੱਸੇ ਮਾਰਗ ਅਨੁਸਾਰ ਕੁਦਰਤ ਨੂੰ ਹਰੇ ਭਰੇ ਰੱਖਣ ਦਾ ਸੰਦੇਸ਼ ਲੋਕ ਆਪਦੇ ਘਰ ਬੂਟੇ ਲਾਉਣ ਲਈ ਵਧ ਚੜ੍ਹ ਕੇ ਲੈ ਕੇ ਗਏ।ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸੱਚੀ ਸ਼ਰਧਾਂਜਲੀ ਬੂਟੇ ਵੰਡ ਕੇ ਦਿੱਤੀ ਗਈ।ਪੂਰਨਮਾਸ਼ੀ ਨੂੰ ਮਨਾਉਂਦੇ ਹੋਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਦੇ ਵਿੱਚ ਗੁਰੂ ਦੀਆਂ ਦੇਗਾਂ ਲਾਈਆਂ ਗਈਆਂ।ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੇਵਾਦਾਰ ਰਾਜਵੀਰ ਸਿੰਘ ਰਾਜੂ, ਜਗਸੀਰ ਸਿੰਘ, ਸਤਪਾਲ ਸਿੰਘ, ਪੰਜਾਬ ਦੇ ਸੀਨੀਅਰ ਆਗੂ ਗਿਆਨ ਚੰਦ ਬੀਜੇਪੀ, ਪ੍ਰਵੀਨ ਸ਼ਰਮਾ ਮੂਣਕ, ਗੁਰਸੇਵਕ ਸਿੰਘ, ਨਵੀ ਸਿੰਘ, ਲਾਡੀ ਸਿੰਘ ਸਮੂਹ ਸੰਗਤ ਹਾਜ਼ਰ ਸੀ।

## ਸਫਾਈ ਕਰਮਚਾਰੀਆਂ ਦੀਆਂ ਮੰਗਾਂ ਜਾਇਜ਼, ਅਣਡਿੱਠ ਕਰਨਾ ਮੰਦਭਾਗਾ : ਅਮਨ ਸਿੰਗਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਸ ਆਈ ਆਰ ਕੋਆਰਡੀਨੇਟਰ ਅਮਨ ਸਿੰਗਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ ਰਵੱਈਆ ਦਿਨੋ-ਦਿਨ ਲੋਕ ਵਿਰੋਧੀ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਫਾਈ ਕਰਮਚਾਰੀ ਆਪਣੀਆਂ ਵਾਜਬ ਅਤੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ ਉਨ੍ਹਾਂ ਦੀ ਆਵਾਜ਼ ਨੂੰ ਲਗਾਤਾਰ ਅਣਡਿੱਠਾ ਕੀਤਾ ਜਾ ਰਿਹਾ ਹੈ, ਜੋ ਕਿ ਬਹੁਤ ਹੀ ਮੰਦਭਾਗਾ ਹੈ। ਸਿੰਗਲਾ ਨੇ ਕਿਹਾ ਕਿ ਸਫ਼ਾਈ ਕਰਮਚਾਰੀ ਸਮਾਜ ਦਾ ਅਹਿਮ ਹਿੱਸਾ ਹਨ। ਉਹ ਹਰ ਰੋਜ਼ ਆਪਣੀ ਜਾਨ ਨੂੰ ਜੋਖ਼ਮ 'ਚ ਪਾ ਕੇ ਸ਼ਹਿਰਾਂ ਅਤੇ ਪਿੰਡਾਂ ਨੂੰ ਸਾਫ਼-ਸੁਥਰਾ ਰੱਖਣ ਲਈ ਦਿਨ-ਰਾਤ ਮਿਹਨਤ ਕਰਦੇ ਹਨ। ਅਜਿਹੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਕਿਸੇ ਵੀ ਲੋਕਤੰਤਰੀ ਸਰਕਾਰ ਲਈ ਠੀਕ ਨਹੀਂ ਹੈ।ਉਨ੍ਹਾਂ ਕਿਹਾ ਕਿ ਹਰ ਮਿਹਨਤੀ ਕਰਮਚਾਰੀ ਨੂੰ ਸਤਿਕਾਰ, ਸਮਾਜਿਕ ਸੁਰੱਖਿਆ, ਇਨਸਾਫ਼ ਅਤੇ ਆਪਣੇ ਹੱਕਾਂ ਦੀ ਪੂਰੀ ਗਾਰੰਟੀ ਮਿਲਣੀ ਚਾਹੀਦੀ ਹੈ। ਸਿੰਗਲਾ ਨੇ ਸਰਕਾਰ ਨੂੰ ਕੋਸਦਿਆਂ ਕਿ ਜੇਕਰ ਸਰਕਾਰ ਸਮੇਂ ਸਿਰ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਇਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਵੀ ਭੁਗਤਣਾ ਪੈ ਸਕਦਾ ਹੈ। ਉਹਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਸਫ਼ਾਈ ਕਰਮਚਾਰੀਆਂ ਦੇ ਨੁਮਾਇੰਦਿਆਂ ਨਾਲ ਤੁਰੰਤ ਗੱਲਬਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ, ਤਾਂ ਜੋ ਉਹ ਨਿਸਚਿੰਤ ਹੋ ਕੇ ਆਪਣੀਆਂ ਸੇਵਾਵਾਂ ਜਾਰੀ ਰੱਖ ਸਕਣ।

## ਆਟੋ ਯੂਨੀਅਨ ਦੇ ਪ੍ਰਧਾਨ ਆਪਣੀ ਸਮੁੱਚੀ ਟੀਮ ਤੇ 50 ਤੋਂ ਵੱਧ ਪਰਵਾਰਾਂ ਸਮੇਤ ਭਾਜਪਾ 'ਚ ਹੋਏ ਸ਼ਾਮਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਖਾਈ ਫੇਮੇ ਕੇ ਵਿਖੇ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਆਟੋ ਯੂਨੀਅਨ ਦੇ ਪ੍ਰਧਾਨ ਜੀਤ ਨੇ ਆਪਣੀ ਸਮੁੱਚੀ ਟੀਮ ਅਤੇ 50 ਤੋਂ ਵੱਧ ਪਰਵਾਰਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸਾਰੇ ਨਵੇਂ ਸਾਥੀਆਂ ਦਾ ਭਾਜਪਾ ਪਰਵਾਰ ਵਿਚ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਰ ਵਰਗ ਦੀ ਪਾਰਟੀ ਹੈ ਅਤੇ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਨੂੰ ਬਣਦਾ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਜੀਤ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਪਾਰਟੀ ਵਿਚ ਯੋਗ ਸਥਾਨ ਅਤੇ ਪੂਰਾ ਸਨਮਾਨ ਮਿਲੇਗਾ। ਇਸ ਮੌਕੇ ਭਾਜਪਾ ਦੇ ਹੋਰ ਆਗੂ ਅਤੇ ਵਰਕਰ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਬਰਸਟ ਵੱਲੋਂ 7.70 ਕਰੋੜ ਦੇ ਸੜਕੀ ਪ੍ਰੋਜੈਕਟਾਂ ਦਾ ਉਦਘਾਟਨ

**ਸਮਾਣਾ (ਗੁਰਪਿਆਰ ਸਿੰਘ ਬੱਲ)**



ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕੁੱਲ 7.70 ਕਰੋੜ ਰੁਪਏ ਦੀ ਲਾਗਤ ਵਾਲੇ ਸੜਕੀ ਵਿਕਾਸ ਪ੍ਰੋਜੈਕਟਾਂ ਦਾ ਰਿਬਨ ਕੱਟ ਕੇ ਸ਼ੁਭ ਆਰੰਭ ਕੀਤਾ ਗਿਆ।ਬਰਸਟ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ ਅਤੇ ਹਰ ਖੇਤਰ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ ਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ।ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਸਭ ਤੋਂ ਪਹਿਲਾਂ ਪਿੰਡ ਖੇੜੀ ਬਰਨਾ ਵਿਖੇ ਕਰੀਬ 88 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਾਈ।ਉਨ੍ਹਾਂ ਦੱਸਿਆ ਕਿ ਇਲਾਕਾ ਨਿਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਖੇੜੀ ਬਰਨਾ ਤੋਂ ਡੇਰਾ ਬਾਬਾ ਸਿੱਧ ਜੀ ਤੱਕ ਲਗਭਗ 1.50 ਕਿਲੋਮੀਟਰ ਲੰਬਾਈ ਵਾਲੀ ਇਸ ਸੜਕ ਦੀ ਉਸਾਰੀ ਦੀ ਮੰਗ ਕੀਤੀ ਜਾ ਰਹੀ ਸੀ।ਹੁਣ ਇਸ ਸੜਕ ਦੇ ਬਣਨ ਨਾਲ ਨਾ ਸਿਰਫ਼ ਪਿੰਡ ਵਾਸੀਆਂ ਨੂੰ ਆਵਾਜਾਈ ਦੀ ਬਿਹਤਰ ਸਹੂਲਤ ਮਿਲੇਗੀ, ਸਗੋਂ ਡੇਰਾ ਬਾਬਾ ਸਿੱਧ ਜੀ ਵਿਖੇ ਆਉਣ ਵਾਲੀਆਂ ਨੂੰ ਵੀ ਸੁਵਿਧਾਜਨਕ ਅਤੇ ਸੁਰੱਖਿਅਤ ਰਸਤਾ ਉਪਲਬਧ ਹੋਵੇਗਾ।

ਬਰਸਟ ਨੇ ਪਿੰਡ ਮੱਵੀ ਸੱਪਾਂ ਵਿਖੇ 6.82 ਕਰੋੜ ਰੁਪਏ ਦੀ ਲਾਗਤ ਵਾਲੇ ਮਹੱਤਵਪੂਰਨ ਸੜਕੀ ਪ੍ਰੋਜੈਕਟ ਦਾ ਰਿਬਨ ਕੱਟ ਕੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਾਈ।ਉਨ੍ਹਾਂ ਦੱਸਿਆ ਕਿ ਤਰੈਂ ਤੋਂ ਪਟਿਆਲਾ-ਸਮਾਣਾ-ਗੁਹਲਾ ਰੋਡ ਵਾਇਆ ਮੱਦੋਮਾਜਰਾ, ਮੱਵੀ ਸੱਪਾਂ ਤੇ ਧਨੌਰੀ ਨਾਲ ਜੁੜਦੀ ਇਸ 11.50 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ ਕੀਤਾ ਜਾਵੇਗਾ। ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਖੇਤਰ ਦੇ ਕਈ ਪਿੰਡਾਂ ਦੀ ਆਪਸੀ ਕਨੈਕਟੀਵਿਟੀ ਮਜ਼ਬੂਤ ਹੋਵੇਗੀ, ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀਆਂ ਤੱਕ ਪੁਚਾਉਣ ਵਿੱਚ ਆਸਾਨੀ ਹੋਵੇਗੀ ਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਲੋਕਾਂ, ਵਿਦਿਆਰਥੀਆਂ ਤੇ ਵਪਾਰੀਆਂ ਨੂੰ ਵੀ ਵੱਡੀ ਰਾਹਤ ਮਿਲੇਗੀ।ਉਨ੍ਹਾਂ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ।

## ਸਫਾਈ ਕ੍ਰਮਚਾਰੀਆਂ ਦੀਆਂ ਜਾਇਜ ਮੰਗਾਂ ਮੰਨੀਆਂ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਮੁੱਚੇ ਪੰਜਾਬ ਵਿਚ ਆਪਣੀਆ ਮੰਗਾਂ ਦੇ ਹੱਕ ਵਿਚ ਸੰਘਰਸ਼ ਕਰ ਰਹੇ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਦੀ ਪੂਰਨ ਹਮਾਇਤ ਕਰਦੇ ਹੋਏ ਕਿਹਾ ਹੈ ਕਿ ਕਿੰਨੀ ਸ਼ਰਮਨਾਕ ਗੱਲ ਹੈ ਕਿ ਡੀ ਐਸ ਪੀ ਪੱਧਰ ਦੇ ਅਧਿਕਾਰੀਆਂ ਵੱਲੋਂ ਸਾਡੀਆਂ ਬੀਬੀਆਂ ਉਤੇ ਵੀ ਬਹੁਤ ਹੀ ਭੱਦੇ ਢੰਗ ਨਾਲ ਲਾਠੀਚਾਰਜ ਕਰਦੇ ਹੋਏ ਜ਼ਬਰ ਢਾਹਿਆ ਗਿਆ ਜਿਸ ਦੀ ਕਿ ਨਾ ਤਾਂ ਕਾਨੂੰਨ ਇਜਾਜਤ ਦਿੰਦਾ ਹੈ ਅਤੇ ਨਾ ਹੀ ਇਖਲਾਕ ਇਜਾਜਤ ਦਿੰਦਾ ਹੈ ।

ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਪੰਜਾਬ ਦੀ ਸ. ਭਗਵੰਤ ਸਿੰਘ ਮਾਨ ਸਰਕਾਰ ਸਫਾਈ ਕਰਮਚਾਰੀਆਂ ਦੀਆਂ ਜਾਇਜ ਮੰਗਾਂ ਦੀ ਤੁਰੰਤ ਪੂਰਤੀ ਕਰਕੇ ਪੰਜਾਬ ਵਿਚ ਬਣਦੇ ਜਾ ਰਹੇ ਨਾਖੁਸ਼ਗਵਾਰ ਹਾਲਾਤ ਨੂੰ ਸਹੀ ਕਰਨ ਵਿਚ ਭੂਮਿਕਾ ਨਿਭਾਉਣਗੇ ਅਤੇ ਜਿਨ੍ਹਾਂ ਅਧਿਕਾਰੀਆ ਨੇ ਜ਼ਬਰ ਢਾਹਿਆ ਹੈ, ਉਨ੍ਹਾਂ ਵਿਰੁੱਧ ਕਾਨੂੰਨੀ ਅਮਲ ਕਰਦੇ ਹੋਏ ਇਨਸਾਫ਼ ਦੇਣਗੇ ।

## ਭਾਕਿਯੂ ਸਿੱਧੂਪੁਰ ਦੀ ਮੀਟਿੰਗ 'ਚ ਕਿਸਾਨਾਂ ਨਾਲ ਬੇਇਨਸਾਫੀ ਦਾ ਨੋਟਿਸ ਲਿਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਬਲਾਕ ਮਹਿਲ ਕਲਾਂ ਦੀ ਬਲਾਕ ਪੱਧਰੀ ਮੀਟਿੰਗ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਹੋਈ । ਇਸ ਮੌਕੇ ਆਗੂਆਂ ਜਸਪਾਲ ਸਿੰਘ ਕਲਾਲ ਮਾਜਰਾ, ਕਰਨੈਲ ਸਿੰਘ ਗਾਂਧੀ, ਨਛੱਤਰ ਸਿੰਘ ਸਹੌਰ, ਬਲਵਿੰਦਰ ਸਿੰਘ ਬਿੰਦੂ, ਅਮਰਜੀਤ ਸਿੰਘ ਭੋਲਾ, ਗਿਆਨ ਸਿੰਘ ਬਾਜਵਾ ਨੇ ਕਿਹਾ ਕਿ ਭਾਕਿਯੂ ਸਿੱਧੂਪੁਰ ਸੂਬਾ ਲੀਡਰਸ਼ਿਪ ਦੀ ਅਗਵਾਈ ਹੇਠ ਪੂਰੀ ਤਨਦੇਹੀ ਨਾਲ ਕਿਸਾਨਾਂ ਦੇ ਆਰਥਿਕ, ਸਮਾਜਿਕ ਅਤੇ ਖੇਤੀਬਾੜੀ ਨਾਲ ਜੁੜੇ ਹੱਕਾਂ ਦੀ ਰੱਖਿਆ ਲਈ ਲਗਾਤਾਰ ਸੰਘਰਸ਼ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਇੱਕ ਗੈਰ-ਰਾਜਨੀਤਿਕ ਕਿਸਾਨ ਜਥੇਬੰਦੀ ਹੈ, ਜੋ ਕਿਸੇ ਵੀ ਸਿਆਸੀ ਪਾਰਟੀ ਦੇ ਪ੍ਰਭਾਵ ਤੋਂ ਉੱਪਰ ਉੱਠ ਕੇ ਸਿਰਫ਼ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਸਮਾਜ ਦੇ ਹੱਕਾਂ ਲਈ ਲੜਦੀ ਆ ਰਹੀ ਹੈ । ਮੀਟਿੰਗ ਵਿੱਚ ਪਿੰਡ ਹਰੀ ਨੌਂ ਦੇ ਕਿਸਾਨਾਂ ਨਾਲ ਹੋ ਰਹੀ ਬੇਇਨਸਾਫ਼ੀ ਅਤੇ ਬੈਂਕਾਂ ਵੱਲੋਂ ਕੀਤੀਆਂ ਜਾ ਰਹੀਆਂ ਗੈਰ-ਕਾਨੂੰਨੀ ਕਾਰਵਾਈਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

## ਸੇਵਾ ਮੁਕਤੀ 'ਤੇ ਪ੍ਰੀਤਮ ਸਿੰਘ ਨੂੰ ਬਲੌਸਮਜ਼ ਕਾਨਵੈਂਟ ਸਕੂਲ ਵੱਲੋਂ ਨਿੱਘੀ ਵਿਦਾਇਗੀ



**ਜਗਰਾਉਂ (ਅਮਿਤ ਖੰਨਾ)**-ਬਲੌਸਮਜ਼ ਕਾਨਵੈਂਟ ਸਕੂਲ, ਲੀਲਾਂ ਮੇਘ ਸਿੰਘ ਵਿਖੇ ਪਿਛਲੇ 12 ਸਾਲਾਂ ਤੋਂ ਬਤੌਰ ਮਾਲੀ ਸੇਵਾਵਾਂ ਨਿਭਾ ਰਹੇ ਪ੍ਰੀਤਮ ਸਿੰਘ ਨੂੰ ਉਨ੍ਹਾਂ ਦੀ ਸੇਵਾਮੁਕਤੀ ਦੇ ਮੌਕੇ 'ਤੇ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਮੂਹ ਅਧਿਆਪਕਾਂ ਵੱਲੋਂ ਨਿੱਘੀ ਅਤੇ ਭਾਵੁਕ ਵਿਦਾਇਗੀ ਦਿੱਤੀ ਗਈ।ਇਸ ਮੌਕੇ ਕਰਵਾਏ ਗਏ ਵਿਦਾਇਗੀ ਸਮਾਗਮ ਵਿੱਚ ਪ੍ਰੀਤਮ ਸਿੰਘ ਦੀਆਂ ਲੰਬੀਆਂ, ਨਿਸ਼ਠਾਵਾਨ ਅਤੇ ਸਮਰਪਿਤ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ।ਅੰਤ ਵਿੱਚ ਪ੍ਰੀਤਮ ਸਿੰਘ ਨੇ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਲੌਸਮਜ਼ ਕਾਨਵੈਂਟ ਸਕੂਲ ਨਾਲ ਜੁੜੇ ਇਹ 12 ਸਾਲ ਉਨ੍ਹਾਂ ਦੇ ਜੀਵਨ ਦੀਆਂ ਸਭ ਤੋਂ ਸੁਨਹਿਰੀ ਅਤੇ ਅਭੁੱਲ ਯਾਦਾਂ ਵਜੋਂ ਹਮੇਸ਼ਾ ਉਨ੍ਹਾਂ ਦੇ ਨਾਲ ਰਹਿਣਗੇ।

## ਚੰਡੀਗੜ੍ਹ ਰੈਲੀ ਲਈ ਰੇਡੀਓਗ੍ਰਾਫਰ ਐਸੋਸੀਏਸ਼ਨ ਪੰਜਾਬ ਨੇ ਕੀਤੀ ਤਿਆਰੀ

**ਫ਼ਿਰੋਜ਼ਪੁਰ (ਗੁਰਬਚਨ ਸਿੰਘ)**

ਰੇਡੀਓਗ੍ਰਾਫਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਅਹੁਦੇਦਾਰਾਂ ਦੀ ਅਹਿਮ ਮੀਟਿੰਗ ਹੋਈ।ਮੀਟਿੰਗ ਦੌਰਾਨ 7 ਅਗਸਤ ਨੂੰ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਬਠਿੰਡਾ ਤੋਂ ਵਿਸ਼ੇਸ਼ ਬੱਸਾਂ ਚੰਡੀਗੜ੍ਹ ਲਈ ਰਵਾਨਾ ਕੀਤੀਆਂ ਜਾਣਗੀਆਂ।ਆਗੂਆਂ ਨੇ ਕਿਹਾ ਕਿ ਪੰਜਾਬ ਦੇ ਸਾਰੇ ਰੇਡੀਓਗ੍ਰਾਫਰ ਆਪਣੇ ਹੱਕਾਂ ਤੇ ਮੰਗਾਂ ਦੀ ਆਵਾਜ਼ ਬੁਲੰਦ ਕਰਨ ਲਈ ਇਸ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਮੀਟਿੰਗ ਦੇ ਅੰਤ ਵਿੱਚ ਜਥੇਬੰਦੀ ਦੇ ਆਗੂਆਂ ਨੇ ਸਮੂਹ ਰੇਡੀਓਗ੍ਰਾਫਰਾਂ ਨੂੰ 7 ਅਗਸਤ ਦੀ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਏਕਤਾ ਹੀ ਜਥੇਬੰਦੀ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਾਰਿਆਂ ਦਾ ਇਕੱਠੇ ਹੋਣਾ ਬਹੁਤ ਜ਼ਰੂਰੀ ਹੈ।

## ਜੌੜਾਮਾਜਰਾ ਨੇ ਦੋਵੇਂ ਬਲਾਕਾਂ ਦੀਆਂ ਪੰਚਾਇਤ ਯੂਨੀਅਨ 'ਤੇ ਬਣਾਏ ਪ੍ਰਧਾਨ



**ਸਮਾਣਾ (ਇਕਬਾਲ ਸਿੰਘ ਬੱਲ)**

ਸਮਾਣਾ ਹਲਕੇ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡਾ ਸਿਆਸੀ ਫੇਰਬਦਲ ਦੇਖਣ ਨੂੰ ਮਿਲਿਆ, ਜਦੋਂ ਪਟਿਆਲਾ ਬਲਾਕ ਦੀ ਸਰਪੰਚ ਪੰਚਾਇਤ ਯੂਨੀਅਨ ਦੀਆਂ ਨਵੀਆਂ ਕਾਰਜਕਾਰੀ ਟੀਮਾਂ ਦਾ ਗਠਨ ਕੀਤਾ ਗਿਆ।ਪਟਿਆਲਾ ਬਲਾਕ ਵਿੱਚ ਪੈਂਦੇ ਕਰੀਬ 83 ਪਿੰਡਾਂ ਵਿੱਚੋਂ 70 ਪਿੰਡਾਂ ਦੇ ਸਰਪੰਚਾਂ ਨੇ ਇਕਜੁਟਤਾ ਦਿਖਾਉਂਦੇ ਹੋਏ ਨਵੀਂ ਯੂਨੀਅਨ ਦਾ ਗਠਨ ਕੀਤਾ ਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੂੰ ਪੂਰਨ ਤੌਰ 'ਤੇ ਸਮਰਥਨ ਦੇਣ ਦਾ ਐਲਾਨ ਕੀਤਾ।

ਇਸ ਫੈਸਲੇ ਨਾਲ ਇਲਾਕੇ 'ਚ ਰੱਖੜਾ ਗਰੁੱਪ ਨੂੰ ਵੱਡਾ ਸਿਆਸੀ ਝਟਕਾ ਲੱਗਾ ਹੈ, ਜਦਕਿ ਵਿਧਾਇਕ ਜੌੜਾਮਾਜਰਾ ਦਾ ਸਿਆਸੀ ਆਧਾਰ ਹੋਰ ਮਜ਼ਬੂਤ ਹੋ ਕੇ ਸਾਹਮਣੇ ਆਇਆ ਹੈ।ਜ਼ਿਕਰਯੋਗ ਹੈ ਕਿ ਹਲਕਾ ਸਮਾਣਾ ਵਿੱਚ ਕਰੀਬ 158 ਪਿੰਡ ਆਉਂਦੇ ਹਨ, ਜਿਨ੍ਹਾਂ ਵਿੱਚੋਂ 75 ਪਿੰਡ ਸਮਾਣਾ ਬਲਾਕ ਵਿੱਚ ਅਤੇ 83 ਪਿੰਡ ਪਟਿਆਲਾ ਬਲਾਕ ਵਿੱਚ ਪੈਂਦੇ ਹਨ।ਸਮਾਣਾ ਬਲਾਕ ਦੇ 75 ਪਿੰਡਾਂ ਵਿੱਚੋਂ 60 ਪਿੰਡਾਂ ਦੇ ਸਰਪੰਚਾਂ ਨੇ ਪਹਿਲਾਂ ਹੀ ਸਰਪੰਚ ਕਮਲਜੀਤ ਸਿੰਘ ਖਾਨਪੁਰ ਦੀ ਅਗਵਾਈ ਹੇਠ ਵਿਧਾਇਕ ਜੌੜਾਮਾਜਰਾ ਦੇ ਹੱਕ ਵਿੱਚ ਡਟਵਾਂ ਸਮਰਥਨ ਦਿੱਤਾ ਹੋਇਆ ਹੈ।ਹੁਣ ਪਟਿਆਲਾ ਬਲਾਕ ਦੇ 83 ਵਿੱਚੋਂ 70 ਪਿੰਡਾਂ ਦੇ ਸਰਪੰਚਾਂ ਵੱਲੋਂ ਵੀ ਨਵੇਂ ਚੁਣੇ ਪ੍ਰਧਾਨ ਤਰਲੋਚਨ ਸਿੰਘ ਰੱਖੜਾ ਤੇ ਸਰਪ੍ਰਸਤ ਨਰਿੰਦਰ ਸਿੰਘ ਬਰਸਟ ਦੀ ਅਗਵਾਈ ਹੇਠ ਵਿਧਾਇਕ ਕੀਰਤਨ ਸਿੰਘ ਜੌੜਾਮਾਜਰਾ ਦੇ ਹੱਕ ਵਿੱਚ ਆਉਣ ਨਾਲ ਦੋਵਾਂ ਬਲਾਕਾਂ ਦੇ ਕਰੀਬ 158 ਪਿੰਡਾਂ ਵਿੱਚੋਂ 130 ਪਿੰਡਾਂ ਦੇ ਸਰਪੰਚਾਂ ਦਾ ਸਮਰਥਨ ਵਿਧਾਇਕ ਨੂੰ ਮਿਲ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਸਿਆਸੀ ਗ੍ਰਾਫ਼ ਬਹੁਤ ਉੱਪਰ ਚਲਾ ਗਿਆ ਹੈ।ਨਵੀਂ ਗਠਿਤ ਕੀਤੀ ਗਈ ਪਟਿਆਲਾ ਬਲਾਕ ਸਰਪੰਚ ਪੰਚਾਇਤ ਯੂਨੀਅਨ ਵਿੱਚ ਨਰਿੰਦਰ ਸਿੰਘ ਬਰਸਟ ਨੂੰ ਸਰਪ੍ਰਸਤ, ਤਰਲੋਚਨ ਸਿੰਘ ਰੱਖੜਾ ਨੂੰ ਪ੍ਰਧਾਨ, ਗੁਰਦੀਪ ਕੌਰ ਨੂੰ ਮੀਤ ਪ੍ਰਧਾਨ, ਅਮਨਪ੍ਰੀਤ ਸਿੰਘ ਡਕਾਲਾ ਨੂੰ ਸੈਕਟਰੀ, ਜਗਮਿੰਦਰ ਸਿੰਘ ਕੌਰਜੀਵਾਲਾ ਨੂੰ ਜੁਆਇੰਟ ਸੈਕਰਟਰੀ ਤੇ ਗੁਰਵਿੰਦਰ ਸਿੰਘ ਡਰੋਲੀ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਜਗਤਾਰ ਸਿੰਘ ਸੇਖੂਪੁਰ, ਅਮਰੀਕ ਸਿੰਘ ਭਾਨਰੀ, ਯਾਦਵਿੰਦਰ ਸਿੰਘ ਪਸਿਆਣਾ, ਲਖਵਿੰਦਰ ਸਿੰਘ ਖੇੜੀਬਰਨਾ ਅਤੇ ਨਰਵਿੰਦਰ ਕੌਰ ਲਲੋਛੀ ਨੂੰ ਯੂਨੀਅਨ ਦੇ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ।

ਯੂਨੀਅਨ ਦੇ ਨਵੇਂ ਬਣੇ ਪ੍ਰਧਾਨ ਤਰਲੋਚਨ ਸਿੰਘ ਰੱਖੜਾ ਤੇ ਸਰਪ੍ਰਸਤ ਨਰਿੰਦਰ ਸਿੰਘ ਬਰਸਟ ਨੇ ਆਖਿਆ ਕਿ ਉਨ੍ਹਾਂ ਦੀ ਸਰਪੰਚ ਯੂਨੀਅਨ ਪੂਰੀ ਤਰ੍ਹਾਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਨਾਲ ਹੈ ਅਤੇ ਇਲਾਕੇ ਦੇ ਵਿਕਾਸ ਲਈ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਰਹੇਗੀ।ਬਲਾਕ ਦੇ ਪ੍ਰਧਾਨ ਕਮਲਜੀਤ ਸਿੰਘ ਖਾਨਪੁਰ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਸਰਪੰਚਾਂ ਅਤੇ ਪੰਚਾਂ ਨੇ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਉਮੀਦ ਜਤਾਈ ਕਿ ਇਹ ਟੀਮ ਪੰਚਾਇਤਾਂ ਦੀਆਂ ਸਮੱਸਿਆਵਾਂ ਦੇ ਹੱਲ, ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਏਗੀ।

## ਸ਼੍ਰੀ ਰਾਮ ਸ਼ਰਣਮ ਆਸ਼ਰਮ ਵਿਖੇ ਕੂੜੇ ਦੇ ਢੇਰ ਹਟਾਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਗੁਰੂ ਪੂਰਨਮਾਸ਼ੀ ਦੇ ਪਾਵਨ ਦਿਹਾੜੇ ਨੂੰ ਸਮਰਪਿਤ ਸ਼੍ਰੀ ਰਾਮ ਸ਼ਰਣਮ ਆਸ਼ਰਮ ਦੀ ਪ੍ਰਬੰਧਕ ਕਮੇਟੀ ਵੱਲੋਂ ਆਸ਼ਰਮ ਦੇ ਆਲੇ-ਦੁਆਲੇ ਵਿਸ਼ੇਸ਼ ਸਫ਼ਾਈ ਅਭਿਆਨ ਚਲਾਇਆ ਗਿਆ।ਇਸ ਮੌਕੇ ਆਸ਼ਰਮ ਦੇ ਨਜ਼ਦੀਕ ਲੰਮੇ ਸਮੇਂ ਤੋਂ ਇਕੱਠੇ ਹੋ ਰਹੇ ਕੂੜੇ-ਕਰਕਟ ਦੇ ਵੱਡੇ ਢੇਰਾਂ ਨੂੰ ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਚੁਕਵਾ ਕੇ ਇਲਾਕੇ ਦੀ ਸਾਫ਼-ਸਫ਼ਾਈ ਕਰਵਾਈ ਗਈ।ਸਫ਼ਾਈ ਅਭਿਆਨ ਦੌਰਾਨ ਪ੍ਰਬੰਧਕ ਕਮੇਟੀ ਦੇ ਮੈਂਬਰ ਅਸ਼ਵਨੀ ਸ਼ਰਮਾ, ਤੀਰਥ ਬਾਂਸਲ, ਰੋਸ਼ਨ ਲਾਲ ਰੋਸੀ ਅਤੇ ਪੱਪੂ ਅਰੋੜਾ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਸਫ਼ਾਈ ਸਿਰਫ਼ ਪ੍ਰਬੰਧਕਾਂ ਦੀ ਹੀ ਨਹੀਂ, ਸਗੋਂ ਹਰ ਸ਼ਰਧਾਲੂ ਅਤੇ ਸ਼ਹਿਰ ਵਾਸੀ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਬਾਘਾ ਪੱਤੀ ਦੇ ਸਮੂਹ ਮੁਹੱਲਾ ਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਸਫ਼ਾਈ ਮੁਹਿੰਮ ਦੌਰਾਨ ਪੂਰਾ ਸਹਿਯੋਗ ਦਿੱਤਾ।

# ਜੁਆਇੰਟ ਡਾਇਰੈਕਟਰ ਸ਼ਿਖਾ ਨੇਹਰਾ ਹੋਏ ਸੇਵਾਮੁਕਤ



ਚੰਡੀਗੜ੍ਹ (ਗੁਰਜੀਤ ਬਿੱਲਾ)-ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਦੀ ਜੁਆਇੰਟ ਡਾਇਰੈਕਟਰ ਸ਼ਿਖਾ ਨੇਹਰਾ 35 ਸਾਲਾਂ ਦੀ ਸ਼ਲਾਘਾਯੋਗ ਅਤੇ ਸਮਰਪਿਤ ਸਰਕਾਰੀ ਸੇਵਾ ਪੂਰੀ ਕਰਨ ਉਪਰੰਤ ਸੇਵਾਮੁਕਤ ਹੋ ਗਏ। ਉਨ੍ਹਾਂ ਦੇ ਸਨਮਾਨ ਵਿੱਚ ਕਰਵਾਏ ਗਏ ਵਿਦਾਇਗੀ ਸਮਾਰੋਹ ਦੌਰਾਨ ਸਟੇਟ ਮੀਡੀਆ ਮੁਖੀ ਬਲਤੇਜ ਸਿੰਘ ਪੰਨੂ ਨੇ ਸੇਵਾਮੁਕਤ ਹੋ ਰਹੇ ਅਧਿਕਾਰੀ ਨਾਲ ਆਪਣੇ ਲੰਬੇ ਸਾਥ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਿਖਾ ਨੇਹਰਾ ਨੇ ਹਮੇਸ਼ਾ ਨਿਡਰਤਾ, ਪੂਰੀ ਤਨਦੇਹੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ। ਉਨ੍ਹਾਂ ਕਿਹਾ ਕਿ ਉਹ ਵਿਭਾਗ ਲਈ ਇੱਕ ਬੇਸ਼ਕੀਮਤੀ ਸਾਬਤ ਹੋਏ ਹਨ। ਮੁੱਖ ਮੰਤਰੀ ਦੇ ਓ ਐਸ ਡੀ (ਮੀਡੀਆ) ਅਮਨਜੋਤ ਸਿੰਘ ਨੇ ਨੇਹਰਾ ਨੂੰ ਨਵੇਂ ਲੋਕ ਸੰਪਰਕ ਅਧਿਕਾਰੀਆਂ ਲਈ ਇੱਕ ਪ੍ਰੇਰਨਾਦਾਇਕ ਰੋਲ ਮਾਡਲ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਹਰ ਪੜਾਅ 'ਤੇ ਨੌਜਵਾਨ ਪੀ ਆਰ ਪੇਸ਼ੇਵਰਾਂ ਦੀ ਰਹਿਨੁਮਾਈ ਕੀਤੀ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ। ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਪੁਨੀਤ ਗੋਇਲ ਨੇ ਸੇਵਾਮੁਕਤ ਅਫ਼ਸਰ ਨੂੰ ਉਨ੍ਹਾਂ ਦੇ ਭਵਿੱਖ ਦੇ ਜੀਵਨ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਪੇਸ਼ੇਵਰ ਕੁਸ਼ਲਤਾ, ਕਾਰਜ ਪ੍ਰਤੀ ਸਮਰਪਣ ਅਤੇ ਮਨੁੱਖੀ ਸੋਚ ਨੂੰ ਵਿਭਾਗ ਹਮੇਸ਼ਾ ਸਤਿਕਾਰ ਨਾਲ ਯਾਦ ਰੱਖੇਗਾ। ਆਪਣੇ ਸੰਬੋਧਨ ਵਿੱਚ ਸ਼ਿਖਾ ਨੇਹਰਾ ਨੇ 1991 ਵਿੱਚ ਸਹਾਇਕ ਲੋਕ ਸੰਪਰਕ ਅਧਿਕਾਰੀ (ਏ ਪੀ ਆਰ ਓ) ਵਜੋਂ ਵਿਭਾਗ ਵਿੱਚ ਸ਼ਾਮਲ ਹੋਣ ਤੋਂ ਲੈ ਕੇ ਅੱਜ ਤੱਕ ਦੇ ਆਪਣੇ ਸਫ਼ਰ ਨੂੰ ਯਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਪ ਸਕੱਤਰ ਦੀਪਾਂਕਰ ਗਰਗ, ਵਧੀਕ ਡਾਇਰੈਕਟਰ ਰਣਦੀਪ ਸਿੰਘ ਆਹਲੂਵਾਲੀਆ, ਜੁਆਇੰਟ ਡਾਇਰੈਕਟਰ ਪ੍ਰੀਤ ਕੰਵਲ ਸਿੰਘ, ਇਸ਼ਵਿੰਦਰ ਸਿੰਘ ਗਰੇਵਾਲ ਅਤੇ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਰਾਸ਼ਿਮ ਵਰਮਾ, ਰੁਚੀ ਕਾਲੜਾ, ਨਵਦੀਪ ਸਿੰਘ ਗਿੱਲ, ਹਾਕਮ ਥਾਪਰ, ਸ਼ੇਰਜੰਗ ਸਿੰਘ ਹੁੰਦਲ ਅਤੇ ਨਰਿੰਦਰ ਪਾਲ ਸਿੰਘ ਜਗਦਿਓ ਤੋਂ ਇਲਾਵਾ ਵਿਭਾਗ ਦੇ ਸਮੂਹ ਪੀ ਆਰ ਓ, ਏ ਪੀ ਆਰ ਓ, ਡੀ ਪੀ ਆਰ ਓ, ਸਟਾਫ਼ ਮੈਂਬਰ ਅਤੇ ਸੇਵਾਮੁਕਤ ਅਧਿਕਾਰੀ ਦੇ ਪਰਵਾਰਕ ਮੈਂਬਰ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਇਤਿਹਾਸਕ ਕਦਮ ਚੁੱਕੇ : ਬਰਿੰਦਰ ਕੁਮਾਰ ਗੋਇਲ



ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਪੰਜਾਬ ਦੇ ਖਣਨ ਅਤੇ ਭੂ-ਵਿਗਿਆਨ, ਭੂਮੀ ਤੇ ਜਲ ਸੰਭਾਲ ਅਤੇ ਜਲ ਸਰੋਤ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਪਿੰਡ ਸੌਂਢਾ ਵਿਖੇ ਪੰਜਾਬ ਸਰਕਾਰ ਵੱਲੋਂ ਨਹਿਰੀ ਸਿੰਚਾਈ ਨੂੰ ਮਜ਼ਬੂਤ ਕਰਨ ਲਈ ਕਰਵਾਏ ਗਏ ਅਹਿਮ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਨਹਿਰੀ ਪਾਣੀ ਮੁਹੱਈਆ ਕਰਾ ਕੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਇਤਿਹਾਸਕ ਕਦਮ ਚੁੱਕ ਰਹੀ ਹੈ।ਕੈਬਨਿਟ ਮੰਤਰੀ ਬਰਿੰਦਰ ਕੁਮਾਰ ਨੇ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਹਲਕੇ ਵਿੱਚ ਸੈਦਪੁਰਾ ਮਾਇਨਰ, ਰਜਿੰਦਰਗੜ੍ਹ ਮਾਇਨਰ, 1-ਐਲ ਰਜਬਾਹਾ ਨੂੰ ਕੁੱਲ 33.68 ਕਿਲੋਮੀਟਰ ਤੱਕ ਪੱਕਾ ਕਰਨ ਅਤੇ 23.05 ਕਿਲੋਮੀਟਰ ਅੰਡਰਗਰਾਊਂਡ ਪਾਈਪ ਲਾਈਨਾਂ ਵਿਛਾਉਣ ਵਰਗੇ ਪ੍ਰੋਜੈਕਟਾਂ 'ਤੇ ਕੁੱਲ 30.71 ਕਰੋੜ ਰੁਪਏ ਦੀ ਲਾਗਤ ਆਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਸਾਨੀਪੁਰ, ਬਾੜਾ, ਛਲੇੜੀ ਕਲਾਂ, ਸੈਫਲਪੁਰ, ਮਹੁੰਮਦੀਪੁਰ, ਆਦਮਪੁਰ, ਬੀਬੀਪੁਰ, ਸਰਾਣਾ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਾਉਣ ਲਈ 3.75 ਕਰੋੜ ਦੀ ਰਾਸ਼ੀ ਖਰਚ ਕਰਕੇ ਜ਼ਮੀਨਦੋਜ਼ ਪਾਈਪ ਲਾਈਨ ਦਾ ਕੰਮ ਕਰਾਇਆ ਜਾ ਰਿਹਾ, ਜਿਸ ਦੇ ਨਾਲ 2332 ਏਕੜ ਰਕਬੇ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਸੂਬੇ ਵਿੱਚ 26 ਫ਼ੀਸਦੀ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਦਾ ਸੀ, ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਨੇ 7500 ਕਰੋੜ ਰੁਪਏ ਖਰਚ ਕੇ 86 ਫੀਸਦੀ ਪਾਣੀ ਸੂਬੇ ਦੇ ਪਿੰਡਾਂ ਤੱਕ ਪੁਚਾਇਆ ਹੈ। ਜਲ ਸਰੋਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਲਈ ਸੂਬਾ ਸਰਕਾਰ ਵੱਲੋਂ ਵੱਡੇ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ ਤੇ ਬਹੁਤ ਜਲਦ ਹਰੇਕ ਪਿੰਡ ਤੱਕ ਨਹਿਰੀ ਪਾਣੀ ਪੁਚਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਨਹਿਰੀ ਨੈੱਟਵਰਕ ਨੂੰ ਮਜ਼ਬੂਤ ਕਰਕੇ ਨਾ ਸਿਰਫ਼ ਕਿਸਾਨਾਂ ਦੀ ਸਿੰਚਾਈ ਲਾਗਤ ਘਟੇਗੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਹੇਠਲੇ ਪਾਣੀ ਦੀ ਸੰਭਾਲ ਵੀ ਯਕੀਨੀ ਬਣੇਗੀ।

## ਆਖਰੀ ਨੋਟਿਸ

ਹਾਈਟੈਕ ਐਜੂਕੇਸ਼ਨ ਐਂਡ ਚੈਰੀਟੇਬਲ ਸੋਸਾਇਟੀ (ਰਜਿ.) ਜੈ ਸਿੰਘ ਵਾਲਾ ਬਠਿੰਡਾ ਦੀ ਅਤੀ ਜ਼ਰੂਰੀ ਤੀਸਰੀ ਮੀਟਿੰਗ ਮਿਤੀ: 7-8-2026

ਸਥਾਨ : ਕਾਲਜ ਕੈਂਪਸ

ਏਜੰਡਾ : ੳ. ਸੁਖਮੰਦਰ ਸਿੰਘ ਮੈਂਬਰ ਦੀ ਗੈਰਹਾਜ਼ਰ ਬਾਰੇ, ਅ. ਕਾਲਜ ਨੂੰ ਕਾਰਜਸ਼ੀਲ ਕਰਨ ਬਾਰੇ ਸਾਰੇ ਮੈਂਬਰਾਂ ਦੀ ਹਾਜ਼ਰੀ ਲਾਜ਼ਮੀ।

ਪ੍ਰਧਾਨ ਸਕੱਤਰ

## COURT NOTICE

(U/o 5 Rule 20 CPC)
In the Court of
Ms. Roopa Dhaliwal
Additional Civil Judge Senior Division, Muktsar
CNR No. PBSM02-000183-2026
Next Date :- 27-08-2026
Harmander Singh
Vs.
Sukhmander Singh

Publication Issued To:
Sukhmander Singh son of Raghbir Singh son of Sadhu Singh resident of Village Sangudhaun, Tehsil and District Sri Muktsar Sahib.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 27-08-2026 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge Senior Division, Muktsar
Dated, this day of 30-07-2026

## Shri Guru Ravidass Temple (Foleshill)
475 Foleshill Road, Foleshill, Coventry, CV6 5AQ
email sgr.475coventry@hotmail.com

Job Title : Religious Worker
Location : Shri Guru Ravidas Ji Temple Foleshill, 475 Foleshill Road, Foleshill, Coventry CV6 5AQ.

The applicant is required to:-
Have knowledge of the mission, teachings and the philosophy of Shri Guru Ravidass Ji.
Be fluent in speaking, reading and writing Punjabi. Have knowledge and be able to read the Gurbani in the Guru Granth Sahib Ji.
Change the bedding on which the Guru Granth Sahib Ji is kept as and when required.
Maintain a clean and tidy Darbar Sahib (main prayer hall) and Sachkhand Sahib (residence for holy scriptures).
Be able to play traditional musical instruments and take part in Kirtan (singing of hymns). Assist in the performance of Anand Karaj (Marriage Ceremony) and funeral service.
The applicant may be required to perform other tasks that can reasonably be expected of a religious worker.
Minimum of 10 hours per week Salary £12.71 per hour.
Accommodation is available.
Contact : 07867972254 Joshi Ram (UK)

Note : The religious worker will report to the Minister of Religion for the Temple who leads the Religious Sub-Committee.

## ਪਬਲਿਕ ਨੋਟਿਸ

ਮੈਂ, ਕੁਲਵੰਤ ਸਿੰਘ ਪੁੱਤਰ ਸਰਦੀਪ ਸਿੰਘ ਪੁੱਤਰ ਉਜਾਗਰ ਸਿੰਘ, ਵਾਸੀ ਪਿੰਡ ਪਠਾਨ ਨੰਗਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਪਿਤਾ ਜੀ ਦਾ ਸਹੀ ਵਾ ਦਰੁਸਤ ਨਾਂਅ ਸਰਦੀਪ ਸਿੰਘ ਪੁੱਤਰ ਉਜਾਗਰ ਸਿੰਘ ਹੈ ਅਤੇ ਮਾਲ ਮਹਿਕਮੇ ਦੇ ਰਿਕਾਰਡ ਵਿਚ ਮੇਰੇ ਪਿਤਾ ਜੀ ਦਾ ਨਾਂਅ ਖਾਤਾ ਨੰ: 806/1412 ਵਿਚ ਮਨਦੀਪ ਸਿੰਘ ਪੁੱਤਰ ਉਜਾਗਰ ਸਿੰਘ ਅਤੇ ਖਤੌਨੀ ਨੰ: 1547 ਵਿਚ ਗੁਰਦੀਪ ਸਿੰਘ ਪੁੱਤਰ ਉਜਾਗਰ ਸਿੰਘ ਅਤੇ ਸਨਦੀਪ ਸਿੰਘ ਪੁੱਤਰ ਉਜਾਗਰ ਸਿੰਘ ਲਿਖਿਆ ਗਿਆ ਹੈ। ਮੇਰੇ ਪਿਤਾ ਜੀ ਦੀ ਮਿਤੀ 26.08.1998 ਨੂੰ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦੇ ਮੌਤ ਸਰਟੀਫਿਕੇਟ ਉਪਰ ਵੀ ਉਨ੍ਹਾਂ ਦਾ ਨਾਂਅ ਸਰਦੀਪ ਸਿੰਘ ਵਜੋਂ ਦਰਜ ਹੈ। ਮੈਂ ਆਪਣੇ ਪਿਤਾ ਜੀ ਦਾ ਨਾਂਅ ਮਨਦੀਪ ਸਿੰਘ, ਗੁਰਦੀਪ ਸਿੰਘ, ਸਨਦੀਪ ਸਿੰਘ ਦੀ ਥਾਂ ਸਰਦੀਪ ਸਿੰਘ ਦਰੁਸਤ ਕਰਨ ਲਈ ਦੇ ਰਿਹਾ ਹਾਂ। ਮੇਰੇ ਪਿਤਾ ਜੀ ਦਾ ਸਹੀ ਨਾਂਅ ਸਰਦੀਪ ਸਿੰਘ ਹੀ ਦਰੁਸਤ ਪੜ੍ਹਿਆ ਜਾਵੇ।

## ਜ਼ੋਨ ਨੋਟਿਸ

ਦੀ ਚੱਕ ਗੁੱਜਰਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਚੱਕ ਗੁੱਜਰਾਂ ਦੇ ਸਮੂਹ ਮੈਂਬਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਸੰਬੰਧੀ ਜ਼ੋਨਾਂ ਦੀਆਂ ਲਿਸਟਾਂ ਇਸ ਦਫ਼ਤਰ ਵਿੱਚ ਮਨਜ਼ੂਰੀ ਲਈ ਪ੍ਰਾਪਤ ਹੋਈਆਂ ਹਨ। ਇਹ ਜ਼ੋਨ ਲਿਸਟਾਂ ਸਭਾ ਦੇ ਦਫ਼ਤਰ ਅਤੇ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ (ਨਿਮਨ ਹਸਤਾਖਰ) ਦੇ ਦਫ਼ਤਰ ਵਿਖੇ ਕਿਸੇ ਕੰਮ ਵਾਲੇ ਦਿਨ ਦੇਖੀਆਂ ਜਾ ਸਕਦੀਆਂ ਹਨ। ਜੇ ਇਨ੍ਹਾਂ ਜ਼ੋਨ ਲਿਸਟਾਂ 'ਤੇ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਕਿਸੇ ਕੰਮ ਵਾਲੇ ਦਿਨ ਮਿਤੀ 18-08-2026 ਨੂੰ ਸਵੇਰੇ 11.00 ਵਜੇ ਤੱਕ ਇਸ ਦਫ਼ਤਰ ਵਿੱਚ ਆ ਕੇ ਜ਼ੋਨ ਦੇਖ ਸਕਦਾ ਹੈ ਅਤੇ ਇਤਰਾਜ਼ ਦੇ ਸਕਦਾ ਹੈ। ਇਨ੍ਹਾਂ ਜ਼ੋਨ ਲਿਸਟਾਂ ਸੰਬੰਧੀ ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 18-08-2026 ਨੂੰ ਬਾਅਦ ਦੁਪਹਿਰ 03.00 ਵਜੇ ਨਿਮਨ-ਹਸਤਾਖਰ ਦੇ ਦਫ਼ਤਰ ਵਿਖੇ ਕੀਤੀ ਜਾਵੇਗੀ। ਇਤਰਾਜ਼-ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਹੋਵੇ। ਅਗਰ ਕਿਸੇ ਦਾ ਕੋਈ ਇਤਰਾਜ਼ ਨਾ ਆਇਆ ਤਾਂ ਉਸੇ ਦਿਨ ਹੀ ਜ਼ੋਨ ਲਿਸਟਾਂ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

(ਗੀਤੂ ਠਾਕੁਰ) ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਤੀਸਰੀ/ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 19.08.2026 & 18.08.2026 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਇਕ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
| 27.07.2026 | 05.08.2026 & 04.08.2026 | 19/08/2026 & 18/08/2026 15:00 ਵਜੇ |

| ਲ.ਨੰ: | ਟੈਂਡਰ ਨੰਬਰ | ਟੈਂਡਰ ਦਾ ਵੇਰਵਾ | | |
|---|---|---|---|---|
| 1. | 72-2026-27-ADEN-I-ASR | ਸਹਾਇਕ ਮੰਡਲ ਇੰਜੀਨੀਅਰ - ਪਹਿਲੀ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਇੰਜੀਨੀਅਰ/ਵਰਕਸ/ML/ਅੰਮ੍ਰਿਤਸਰ ਸੈਕਸ਼ਨ ਵਿਚ ਅੰਮ੍ਰਿਤਸਰ ਸਟੇਸ਼ਨ ਉਤੇ ਯਾਰਡ ਲਾਇਨਾਂ ਦੇ ਵਿਚ ਪ੍ਰੀਕਾਸਟ ਸੈਂਟਰਲ ਡ੍ਰੇਨ ਦਾ ਨਿਰਮਾਣ। | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | 49492068.95 | 989900.00 | 60 ਦਿਨ | 09 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ : "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 2. | 73-2026-27-SrDEN-III-FZR | ਸਹਾਇਕ ਮੰਡਲ ਇੰਜੀਨੀਅਰ ਤੀਸਰੀ/ਫ਼ਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਫ਼ਿਰੋਜ਼ਪੁਰ ਡਵੀਜਨ ਦੇ ਅੰਤਰਗਤ (10,000 ਤੋਂ 20,000 ਦੇ ਵਿਚ TVU ਵਾਲੇ) 24 ਨਾਨ-ਇੰਟਰਲਾਕ ਲੇਵਲ ਕਰੋਸਿੰਗ ਗੇਟਾਂ ਉਤੇ ਗੇਟ ਸਿਗਨਲਿੰਗ ਦੇ ਲਈ ਰਿਲੇ ਹੱਟ ਦੀ ਵਿਵਸਥਾ, ਟਾਇਪ ਪਲਾਨ ਨੰਬਰ NRHQ 0-97/2017/R1 ਦੇ ਅਨੁਸਾਰ। | | |
| | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | 30803482.52 | 616100.00 | 60 ਦਿਨ | 08 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ : "ਪ੍ਰੀ-ਕਾਸਟ PSC/RCC ਪੈਨਲ ਤੋਂ ਬਣਿਆ ਕੋਈ ਵੀ ਸਟ੍ਰਕਚਰਲ ਕੰਮ।" | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ। 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। ਟੈਂਡਰ ਨੰ: 72-2026-27-ADEN-I-ASR & 73-2026-27-SrDEN-III-FZR ਮਿਤੀ : 28.07.2026 2626/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰ. : 74-2026-27-ADEN-1-FZR ਤਾਰੀਕ: 29.07.2026

ਮੰਡਲ ਇੰਜੀਨੀਅਰ-ਹੈਡਕੁਆਟਰ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 20.08.2026 ਸਮਾਂ 15.00 ਵਜੇ ਤਕ www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 28 / 07 / 2026 | 06 / 08 / 2026 | 20 / 08 / 2026 15:00 ਵਜੇ |

ਲੜੀ ਨੰਬਰ:1 ਨਿਵਿਦਾ ਨੰਬਰ : 74-2026-27-ADEN-1-FZR

ਨਿਵਿਦਾ ਦਾ ਵੇਰਵਾ: ਸਹਾਇਕ ਮੰਡਲ ਇੰਜੀਨੀਅਰ-ਫਸਟ/ਫਿਰੋਜਪੁਰ ਦੇ ਤਹਿਤ ਫਿਰੋਜਪੁਰ ਵਿਚ ਬਟੂ ਰੋਡ ਕਾਲੋਨੀ ਵਿਚ ਪਾਣੀ ਦੀ ਸਪਲਾਈ ਦਾ ਪ੍ਰਬੰਧ ਜਿਹੀਆਂ ਵਖ-ਵਖ ਕਰਮਚਾਰੀ ਸਹੂਲਤਾਂ ਵਿਚ ਸੁਧਾਰ ਦਾ ਕੰਮ।

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਮਿਆਦ |
|---|---|---|---|
| 38982461.25 | 779700.00 | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 2630/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਵਾਕ ਇੰਨ ਇੰਟਰਵਿਊ ਸੂਚਨਾ

ਆਈ. ਐੱਮ.ਸੀ. ਚੇਅਰਮੈਨ ਸਰਕਾਰੀ ਆਈ.ਟੀ. ਆਈ. (ਲੜਕੀਆਂ), ਡੇਰਾ ਬਾਬਾ ਨਾਨਕ ਵੱਲੋਂ ਸੈਸ਼ਨ 2026-27 ਲਈ ਕਰਾਫਟ ਇੰਸਟਰਕਟਰਾਂ ਦੀਆਂ ਹੇਠ ਲਿਖੀਆਂ ਅਸਾਮੀਆਂ ਨੂੰ ਕੰਟਰੈਕਟ ਅਧਾਰ 'ਤੇ ਪੂਰੀ ਤਰ੍ਹਾਂ ਅਸਥਾਈ ਤੌਰ 'ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ:-

| ਕ੍ਰਮ ਸੰਖਿਆ | ਟਰੇਡ/ਅਹੁਦਾ | ਅਸਾਮੀਆਂ ਦੀ ਗਿਣਤੀ | ਯੋਗਤਾ |
|---|---|---|---|
| 1. | ਕੋਸਟੋਮੋਲਜੀ ਇੰਸਟਰਕਟਰ | 02 | ਡੀ.ਜੀ.ਟੀ./ ਐੱਨ.ਸੀ.ਵੀ.ਟੀ. ਨਾਰਮਜ਼ ਅਨੁਸਾਰ |
| 2. | ਸਰਫਸ ਆਫ ਆਰਨਾਮੇਸ਼ਨ ਟੈਕਨਾਲੋਜੀ ਇੰਸਟਰਕਟਰ | 02 | ਡੀ.ਜੀ.ਟੀ./ ਐੱਨ.ਸੀ.ਵੀ.ਟੀ. ਨਾਰਮਜ਼ ਅਨੁਸਾਰ |
| 3. | ਫੈਸ਼ਨ ਡਿਜ਼ਾਇੰਗ ਐਂਡ ਟੈਕਨਾਲੋਜੀ ਇੰਸਟਰਕਟਰ | 01 | ਡੀ.ਜੀ.ਟੀ./ ਐੱਨ.ਸੀ.ਵੀ.ਟੀ. ਨਾਰਮਜ਼ ਅਨੁਸਾਰ |
| 4. | ਸੇਵਿੰਗ ਟੈਕਨਾਲੋਜੀ ਇੰਸਟਰਕਟਰ | 01 | ਡੀ.ਜੀ.ਟੀ./ ਐੱਨ.ਸੀ.ਵੀ.ਟੀ. ਨਾਰਮਜ਼ ਅਨੁਸਾਰ |

ਸ਼ਰਤਾਂ ਅਤੇ ਨਿਯਮ :-

1. ਉਮੀਦਵਾਰਾਂ ਦੀ ਯੋਗਤਾ, ਤਜਰਬਾ ਅਤੇ ਹੋਰ ਸ਼ਰਤਾਂ ਡੀ.ਜੀ.ਟੀ ਦੇ ਪ੍ਰਚਲਿਤ ਨਾਰਮਜ਼ ਅਨੁਸਾਰ ਹੋਣਗੀਆਂ, 2. ਇੱਛੁਕ ਉਮੀਦਵਾਰ ਆਪਣੇ ਬਾਇਓਡਾਟਾ, ਵਿੱਦਿਅਕ ਯੋਗਤਾ, ਤਜਰਬਾ ਸਰਟੀਫਿਕੇਟਾਂ ਅਤੇ ਹੋਰ ਸੰਬੰਧਤ ਦਸਤਾਵੇਜ਼ ਦੀਆਂ ਸਵੈ-ਪ੍ਰਮਾਣਿਤ ਕਾਪੀਆਂ ਸਮੇਤ ਮਿਤੀ 05/08/2026 ਸਮਾਂ ਸਵੇਰੇ 10:00 ਵਜੇ ਦਫਤਰ ਸਰਕਾਰੀ ਆਈ.ਟੀ.ਆਈ (ਲੜਕੀਆਂ) ਡੇਰਾ ਬਾਬਾ ਨਾਨਕ ਵਿਖੇ ਵਾਕ ਇੰਨ ਇੰਟਰਵਿਊ ਲਈ ਹਾਜ਼ਰ ਹੋਣ , 3. ਉਮਰ ਸੀਮਾ ਹਦਾਇਤਾਂ ਅਨੁਸਾਰ ਹੋਵੇਗੀ, 4. ਮਾਣ-ਭੱਤਾ ਰੁਪਏ 15000/- ਪ੍ਰਤੀ ਮਹੀਨਾ (ਇੱਕਮੁਸ਼ਤ) ਦਿੱਤਾ ਜਾਵੇਗਾ, 5. ਨਿਯੁਕਤੀ ਪੂਰੀ ਤਰ੍ਹਾਂ ਅਸਥਾਈ ਹੋਵੇਗੀ ਅਤੇ ਇਸ ਤੋਂ ਕਿਸੇ ਵੀ ਤਰ੍ਹਾਂ ਦੇ ਰੈਗੂਲਰ ਰੁਜ਼ਗਾਰ ਦਾ ਹੱਕ ਪ੍ਰਾਪਤ ਨਹੀਂ ਹੋਵੇਗਾ, 6. ਚੋਣ ਕਮੇਟੀ ਦਾ ਫੈਸਲਾ ਅੰਤਿਮ ਅਤੇ ਬਾਧਕ ਹੋਵੇਗਾ, 7. ਸੰਸਥਾ ਨੂੰ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਅਸਾਮੀਆਂ ਨਾ ਭਰਨ ਜਾਂ ਇਸ਼ਤਿਹਾਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

ਸੈਕਟਰੀ, ਆਈ. ਐੱਮ. ਸੀ. ਸਰਕਾਰੀ ਆਈ. ਟੀ. ਆਈ. (ਲੜਕੀਆਂ)
ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ (ਪਰਿਚਾਲਨ) ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ। ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | | ਬੋਲੀ ਪ੍ਰਣਾਲੀ | ਨਿਵਿਦਾ ਅਪਲੋਡ ਕਰਨ ਦੀ ਮਿਤੀ/ਸਮਾਂ | ਬੋਲੀ ਸਮਾਪਤ ਮਿਤੀ/ਸਮਾਂ | ਬੋਲੀ ਖੁਲਣ ਦੀ ਮਿਤੀ/ਸਮਾਂ |
|---|---|---|---|---|---|
| ਖੁਲ੍ਹਾ | ਕੰਮ ਨਿਵਿਦਾ | ਸਿੰਗਲ ਪੈਕੇਟ ਸਿਸਟਮ | 29.07.2026 ਸਮਾਂ 17:00 ਵਜੇ | 20.08.2026 ਸਮਾਂ 15:00 ਵਜੇ | 20.08.2026 ਸਮਾਂ 15:05 ਵਜੇ |

| ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|
| 2603- RSO-FZR- 2026-27 | ਫਿਰੋਜਪੁਰ ਮੰਡਲ ਦੇ ਤਹਿਤ ਕਰੂ ਲਾਬੀ ਫਿਰੋਜਪੁਰ (ਐਫ.ਜੇਡ.ਆਰ) ਅਤੇ ਅੰਮ੍ਰਿਤਸਰ (ਏ.ਐਸ.ਆਰ.) ਵਿਚ ਐਮ.ਐਸ. ਡੈਸ਼ਬੋਰਡ ਅਤੇ ਸਾਫਟਵੇਯਰ ਆਧਾਰਿਤ ਪੈਨਲ-ਏ, ਪੈਨਲ-ਬੀ, ਅਤੇ ਪੈਨਲ-ਸੀ ਸਮੇਤ ਗ੍ਰਾਫਿਕਲ ਰੂਟ ਵੀਡੀਓ ਡਿਸਪਲੇ ਅਤੇ ਐਪਲੀਕੇਸ਼ਨ ਸਾਫਟਵੇਅਰ ਯੁਕਤ ਆਰਐਸ ਵਾਲਵ ਸਿਮਯੂਲੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਪ੍ਰੀਖਸ਼ਣ। |

| ਵਿਗਿਆਪਨ ਮੂਲ (ਰੁ) | ਨਿਵਿਦਾ ਫਾਰਮ ਦਾ ਮੂਲ (ਰੁ) | ਬਿਆਨਗੀ ਰਾਸ਼ੀ (ਰੁ) | ਆਫਰ ਦੀ ਵੈਲੇਡਿਟੀ | ਕੰਮ ਸਮਾਂ |
|---|---|---|---|---|
| 9,09,383.64 (ਜੀ ਐਸ ਟੀ ਸਮੇਤ) | ਕੋਈ ਨਹੀਂ | 18,200.00/- | 60 ਦਿਨ | 02 ਮਹੀਨੇ (60 ਦਿਨ) |

ਕੰਮ ਦੀ ਵਿਸਤ੍ਰਿਤ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ 2616/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਤਹਿਸੀਲਦਾਰ-ਕਮ-ਸਰਕਲ-ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ : ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2020-2021 ਵਾਕਿਆ ਪਿੰਡ ਖੱਬੇ ਰਾਜਪੂਤਾਂ ਦੇ ਖਾਤਾ ਖਤੌਨੀ ਨੰ: 186/265 ਦੇ ਖਾਨਾ ਮਾਲਕੀ ਵਿੱਚ ਗੁਰਭਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ (ਗਲਤ ਨਾਂਅ) ਦੀ ਥਾਂ 'ਤੇ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ (ਸਹੀ ਨਾਮ) ਦੇ ਨਾਂਅ ਦਾ ਇੰਦਰਾਜ਼ ਕਰਨ ਬਾਰੇ।

ਵਿਸ਼ਾ :- ਨੋਟਿਸ ਬਨਾਮ ਜਨਰਲ ਪਬਲਿਕ

ਨਿਮਨ ਹਸਤਾਖਰ ਦੀ ਅਦਾਲਤ ਵਿੱਚ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਪਿੰਡ ਖੱਬੇ ਰਾਜਪੂਤਾਂ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਨੇ ਦਰਖਾਸਤ ਪੇਸ਼ ਕਰਕੇ ਕਿਹਾ ਹੈ ਕਿ ਜਮ੍ਹਾਂਬੰਦੀ ਸਾਲ 2020-2021 ਵਾਕਿਆ ਪਿੰਡ ਖੱਬੇ ਰਾਜਪੂਤਾਂ ਦੇ ਖਾਤਾ ਖਤੌਨੀ ਨੰਬਰ:186/265 ਦੇ ਖਾਨਾ ਮਾਲਕੀ ਵਿੱਚ ਉਸ ਦਾ ਨਾਂਅ ਗੁਰਭਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਹੈ ਜੋ ਕਿ ਗਲਤ ਹੈ, ਪਰ ਉਸ ਦੇ ਦੂਸਰੇ ਸਾਰੇ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਹੈ।ਭੁਪਿੰਦਰ ਸਿੰਘ ਨੇ ਉਪਰੋਕਤ ਮਾਲ ਰਿਕਾਰਡ ਵਿੱਚ ਆਪਣਾ ਨਾਂਅ ਗੁਰਭਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਦੀ ਥਾਂ 'ਤੇ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਦੇ ਸਹੀ ਨਾਂਅ ਦਾ ਇੰਦਰਾਜ਼ ਕਰਨ ਬਾਰੇ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਦਰਖਾਸਤ ਦਿੱਤੀ ਹੈ।ਇਸ ਲਈ ਇਸ ਇਸ਼ਤਿਹਾਰ ਅਖਬਾਰ ਦੇ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਦੇ ਸਹੀ ਨਾਂਅ ਦਾ ਉਪਰੋਕਤ ਮਾਲ ਰਿਕਾਰਡ ਵਿੱਚ ਇੰਦਰਾਜ਼ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਅਖਬਾਰ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ 21 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।ਬਾਅਦ ਵਿੱਚ ਕੋਈ ਵੀ ਇਤਰਾਜ਼ ਨਹੀਂ ਸੁਣਿਆ ਜਾਵੇਗਾ। ਉਪਰੋਕਤ ਮਾਲ ਰਿਕਾਰਡ ਵਿੱਚ ਭੁਪਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਪੁੱਤਰ ਦੀਵਾਨ ਸਿੰਘ ਦੇ ਨਾਂਅ ਦਾ ਅੰਦਰਾਜ਼ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹੀ/- ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ

ਨੰਬਰ : ਰੀਡਰ/ਤਹਿ : 1539 ਮਿਤੀ : 27/7/26

## COURT NOTICE

(U/o 5 Rule 20 CPC)
In The Court of Ms. Rashmi Kapila
Additional District and Sessions Judge, Special NRI Court, Kapurthala
CNR No. PBKP01-005892-2023
Next Date:- 18-09-2026
Satyainderjit Singh
Vs.
Vijay Laxmi

Publication Issued To :
1. Vijay Laxmi W/o Mohal Lal, Village Sheikhupur, Tehsil and District Kapurthala.
2. Naresh Kumar S/o. Mohan Lal, Village Sheikhupur, Tehsil and District Kapurthala.
3. Pankaj Kumar S/o Mohan Lal, Village Sheikhupur, Tehsil and District Kapurthala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 18-09-2026 at 10:00 a.m.

For details logon to https://highcourtchd.gov.in/?mod=district_notice&district=Kapurthala

Additional District and Sessions Judge, Special NRI Court Kapurthala
Dated, this day of 29-07-2026

## COURT NOTICE

(U/o 5 Rule 20 CPC)
In The Court of
Sh. Ravinder Singh Rana
Civil Judge Junior Division - 3, Patiala
CNR No. PBPT02-003388-2025
Next Date:- 17-08-2026
Manjeet Singh
Vs.
Deepak Verma

Publication Issued To:
3. M/S Om Constructions :- Through Its Partners Suresh Kumar, Shri Rakesh Kumar Near Jashandeep Cyber Fuel Station Urban Estate Phase II, Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 17-08-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 3, Patiala
Dated, this day of 21-07-2026

## COURT NOTICE

(U/o 5 Rule 20 CPC)
In The Court of
Ms. Amanpreet Kaur-I
Civil Judge Junior Division - 11, Patiala
CNR No. PBPT02-004745-2025
Next Date:- 25-08-2026
State Bank of India SBI
Vs.
Bhupinder Singh

Publication Issued To :
Bhupinder Singh Son of Jagjit Singh, VPO Chalaila, Tehsil and District Patiala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 25-08-2026 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 11, Patiala
Dated, this day of 28-07-2026

## PRIVI LIFE SCIENCES PRIVATE LIMITED
Privi House, A-71, TTC, Thane -Belapur Road, Koper Khairane Navi Mumbai- 400 709

NOTICE

In pursuance of the Gazette Notification Bearing S.O. No. 2900 (E) dated 24th October 2015 and duly amended by S.O. No. 4120 (E) dated 30th December 2017 issued by Ministry of Agriculture and Farmers Welfare, Government of India pertaining to 100% Water Soluble Mixture of Fertilizers, Privi Life Sciences Pvt. Ltd. hereby notifies that it intends to introduce the following grades of 100% Water Soluble Mixture Fertilizer.

PRODUCT DETAILS

| Sr. No. | Type Of Fertilizer | Grade Name | Brand Name |
|---|---|---|---|
| 1 | NPK | N:P:K::00:09:46 + 15% S + TE | PRIVITA |
| 2 | NPK | N:P:K::00:42:47 + 2.8 Fe +TE | PRIVITA |
| 3 | NPK | N:P:K::00:48:47 + TE | PRIVITA |
| 4 | NPK | N:P:K::10:54:10 + TE | PRIVITA |
| 5 | NPK | N:P:K::14:48:00 + 4.8% S | PRIVITA |

Customer Care: 022 33043697
Email: agrocare@privi.co.in
Website: www.privilifesciences.com

## Public Notice

Under the instruction of Piramal Capital Housing Finance Limited Ranjeet Avenue, Amritsar I hereby informed the general public that Seema Rani wd/o Jaspal Singh, Mehtab Singh, Ranveer Singh sons of Jaspal Singh are owner for Property measuring length 26 feet breadth 52 feet, Total area 4 Marlas 262 feet with 5.5 feet Karam, bearing Khasra no.28//16, 17, 18/1 min situated at Village Pandori Gola, Tehsil & District Tarn Taran. That as per documents Gurdev Singh s/o Santokh Singh sold 4 Marlas 264 feet of property to Jaspal Singh s/o Paramjit Singh vide sale deed regd dated 30.04.2004 as doc no.391. Then after the death of Jaspal Singh s/o Paramjit Singh his property was inherited by Dalbir Kaur mother of Jaspal Singh, Seema Rani wd/o Jaspal Singh, Mehtab Singh, Ranveer Singh sons of Jaspal Singh of which mutation no.6283 has been sanctioned by revenue authorities. Then Dalbir Kaur w/o Paramjit Singh transferred her ¼ share i.e. 1 Marla 68 feet of property to Kirpal Singh, Satpal Singh sons of Paramjit Singh vide sale deed regd dated 14.02.2017 as doc no.3141 of which mutation no.8083 has been sanctioned by revenue authorities. Then Kirpal Singh, Satpal Singh sons of Paramjit Singh sold 1 Marla 68 feet of property to Seema Rani wd/o Jaspal Singh, Mehtab Singh, Ranveer Singh sons of Jaspal Singh vide sale deed regd dated 08.08.2017 as doc no. 1411 of which mutation no.8173 has been sanctioned by revenue authorities and same are shown as owners of 5 Marlas of property in the Jamabandi for the year 2017-18, 2022-23.Now Seema Rani wd/o Jaspal Singh, Mehtab Singh, Ranveer Singh sons of Jaspal Singh are selling 4 Marlas 264 feet of property to Jasveer Singh s/o Sukhdev Singh who is taking loan from Piramal Capital Housing Finance Limited Ranjeet Avenue, Amritsar. Seema Rani wd/o Jaspal Singh has lost following original documents (1) Transfer Deed executed by Dalbir Kaur w/o Paramjit Singh in favour of Kirpal Singh, Satpal Singh sons of Paramjit Singh vide sale deed regd dated 14.02.2017 as doc no.3141. A DDR has also been got registered PS Kulgari Ferozpur no 20 dt 24.7.2026. Anybody having claim or claiming any prior rights or interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned in writing and may submit objections within 7 days in writing from the date of this public notice in writing. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Piramal Capital Housing Finance Limited.

Vikas Verma (Advocate)
House no 264 Basant Avenue
Near I.M. A House Amritsar Ph: 9815156302

## Capital Small Finance Bank Ltd.
HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।
ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 07.09.2026 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀ ਜਸਵੀਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰਾਜੇਵਾਲ, ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702<br>ਸ੍ਰੀ ਗੁਰਜੰਟ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਰਾਜੇਵਾਲ, ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 (ਕਰਜ਼ਦਾਰ)<br>ਸ੍ਰੀ ਪਰਮਜੀਤ ਸਿੰਘ ਪੁੱਤਰ ਕਰਨੈਲ ਸਿੰਘ ਸਿੰਘ ਵਾਸੀ ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702<br>ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਜਸਵੀਰ ਸਿੰਘ ਵਾਸੀ ਪਿੰਡ ਰਾਜੇਵਾਲ, ਡਾਕ. ਤਲਵੰਡੀ ਬੂਟੀਆਂ, ਜਲੰਧਰ, ਪੰਜਾਬ-144702 (ਗਰੰਟਰ) |
| ਬਕਾਇਆ ਰਾਸ਼ੀ HL/073611000011 | Rs. 28,01,184/- (ਅਤੇ ਮਿਤੀ 01.07.2026 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਦਸਤਾਵੇਜ਼ ਨੰ. 545 ਮਿਤੀ 18.06.2013 ਅਨੁਸਾਰ ਸ੍ਰੀ ਜਸਵੀਰ ਸਿੰਘ ਪੁੱਤਰ ਅਜੀਤ ਸਿੰਘ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 10 ਮਰਲੇ, ਪਿੰਡ ਤਲਵੰਡੀ ਬੂਟੀਆਂ ਵਿਖੇ ਸਥਿਤ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ। |
| ਰਾਖਵੀਂ ਕੀਮਤ | ਰੁਪਏ 11.00 ਲੱਖ (ਗਿਆਰਾਂ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 07.09.2026 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਆਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 07.09.2026 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਟੁੱਟ ਕਲਾਂ, ਜ਼ਿਲ੍ਹਾ ਜਲੰਧਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 29.07.2026 ਅਧਿਕਾਰਤ ਅਫਸਰ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-40 | 10.08.26 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)15136/F1, 19614/R1, 14628/F1, 14650/R1, 14682/F1, 14624/F1 & 14620/19 ਵਿਚ ਰਾਉਂਡ-ਟ੍ਰਿਪ VP. |
| EAFZR-SLR26-41 | 12.08.26 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)15212/F1, 14604/F1, 20424/F1, 12422/F1, 14604/R1, 14618/F1, 22480/F1, 15532/R1 & 14620/19 ਵਿਚ ਰਾਉਂਡ-ਟ੍ਰਿਪ VP. |
| EAFZR-SLR26-42 | 14.08.26 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ)15212/F1, 14604/F1, 20424/F1, 12422/F1, 14604/R1, 14618/F1, 22480/F1, 15532/R1 & 14620/19 ਵਿਚ ਰਾਉਂਡ-ਟ੍ਰਿਪ VP. |
| EAFZR-PACKING 46 | 11.08.26 ਨੂੰ 11:00 Hrs. | ਫਿਰੋਜਪੁਰ ਕੈਂਟ ਵਿਚ ਦੋ ਪਹੀਆ ਵਾਹਨਾਂ ਅਤੇ ਹੋਰ ਪਾਰਸਲ ਪੈਕੇਜਾਂ ਦੀ ਪੈਕਿੰਗ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2612/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




## Change of Name

I, Inderjit Kaur W/O Pritpal Singh R/O H.No.L-8,Kot Mahna Singh,Tarn Taran Road,Amritsar,Punjab have changed my name from Inderjit Kaur to Inderjeet Kaur.Concerned note.

I, Varun Kumar S/o Neeraj Kumar R/o Mohalla Dharampura Qadian, Tehsil Batala, Distt. Gurdaspur have changed my name Varun to Varun Kumar.

I, Priya Anand Daughter of Deen Dayal Anand Resident of House No. 232, Kabir Panthian, Bahadurpur, Hoshiarpur-146001, Punjab, India have changed the name of my minor daughter from Gurmehar Kaur to Mehar. Concerned note.

I Gurdev Singh S/o Arjan Singh R/o Padda, Distt. Gurdaspur. Declare that Gurdev is my given name and Singh is my surname. Please concerned note.

I, hitherto known as Balwinder Kaur D/o Chanchal Singh Sandhu W/o Harbinder Singh Sangha R/o H.no. 959, Dala Patti, Jandu Singha, Jalandhar, Punjab have changed my name and shall hereafter be known as Balbinder Sangha.

I, Manraj Singh S/o Harjinder Singh R/O Village Nangal, PO. Phillaur, Distt. Jalandhar - 144410, Punjab have changed my name from Manraj Singh to Manraj as given name and Singh as surname. All concerned please note.

I, Tanush S/o Kulwant Singh R/o V.PO.Bham, Distt. Hoshiarpur, Punjab have changed my name from Tanush to Tanush Sidhu. (Sidhu as Surname). All please note.

I Nimarta W/O Hoshiar Singh R/O Vill. Dhoul Kalan, Tehsil & District Amritsar Have Changed My Name From Nimarta To Nimrata.

I Manjit Kaur W/O Gurcharan Singh R/O H.No.44, 45 New Model Town G T Road Chheharta Distt. Amritsar Have Changed My Name From Manjit Kaur To Given Name Manjit Surname Kaur.

I Gurcharan Singh S/O Darshan Singh R/O H. No. 44, 45 New Model Town G T Road Chheharta Distt.Amritsar Have Changed My Name From Gurcharan Singh To Given Name Gurcharan Surname Singh.

I, Tajinder Kaur Alias Priya Arora W/o Tajinder Singh R/o 1063, B-Block, New Partap Nagar, G.T Road, Amritsar have changed my name from Tajinder Kaur Alias Priya Arora to Tajinder Kaur.

I, Simranjit Kaur W/o Anoop Singh R/o Rasulpur Kalan, Rasulpur Kalan, Amritsar have changed my name from Simranjit Kaur to Simarjit Kaur.

I, Harpal Singh S/O Darshan Singh R/O House No. 136/9, Mohalla Bouli Wala, Kartarpur, Distt. Jalandhar, Punjab Have Changed My Name From Harpal Singh To Singh Harpal. All Concerned Please Note.

I, Balbir Kaur 'Urf Sudesh Kumari W/O Bahadur Singh R/O H.No. 103, Street No. 4, Near Model House, Chanan Nagar Buta Mandi, Jalandhar-144003, Punjab, Have Changed My Name From Balbir Kaur 'Urf Sudesh Kumari To Sudesh Kumari. All Concerned Please Note.

I, Balbir Kaur w/o Manjit Singh r/o Mohalla Bagichi, VPO. Jamsher Khas, Distt. Jalandhar correction in my name to Balvir Kaur. All Please Note.

## Change of Name

I, Raj alias Riaj Masih s/o Gurdas r/o Vill.Chittewani, Po. Jamsher Khas, Jalandhar-144020, Punjab have changed my name to Raj Masih. All Please Note.

I, Rakesh Kumar Alias Rakesh Kumar Sharma s/o Bansi Dhar r/o H.No.97-A, Model House, Jalandhar, Jalandhar, Punjab-144001 have changed my name as Rakesh Kumar Sharma. All Please Note.

I, Avtar Kaur Miglani Alias Avtar Kaur w/o Jagdish Singh r/o H.No. 248, Near Kochar Market, New Model Town, Ludhiana, Punjab, 141002 have changed my name as Avtar Kaur. All Please Note.

I, Beant Singh s/o Swarn Singh r/o Near Collage, VPO. Sukhanand, Distt. Moga have changed my Given name as Beant & Surname as Singh. All Please Note.

I Baljit Kaur W/o Kashmira Singh H.NO. 330/A, Ward No15, NS Farm, Surya Enclave Jalandhar have changed my name from Baljit Kaur to Ranjeet Kaur. All concerned may note.

I Ramandeep alias Dilpreet S/o Des Raj, R/o VPO Bundala, Pandori Road, Tehsil Phillaur, Jalandhar - 144034, Punjab have changed my name from Ramandeep alias Dilpreet to Dilpreet. All concerned may note.

I Randhir Kaur W/O Balkar Singh Chauhan R/O Chohan,Amritsar Have Changed My Name From Bandhir Kaur To Randhir Kaur. All Concerned Please Note.

I, Harpal Singh Randhawa S/o Palwinder Singh R/o H.No. 10, Paradise Enclave, Kahnuwan Road, Batala, Distt. Gurdaspur, Punjab have changed my name from Harpal Singh Randhawa to Harpal Singh. All concerned please note.

I, Mandeep Kaur Randhawa W/o Harpal Singh R/o H.No. 10, Paradise Enclave, Kahnuwan Road, Batala, Distt. Gurdaspur, Punjab have changed my name from Mandeep Kaur Randhawa to Mandeep Kaur. All concerned please note.

I, hitherto known as AMARJIT KAUR alias JASWANT KAUR W/o AMRIK SINGH residing at Village Atta, PO. Goraya, District Jalandhar, Punjab-144409 have changed my name and shall hereafter be known as JASWANT KAUR.

I, Sunaina Mahajan W/o Naresh Gupta R/o House No. 240, Kalia Colony, PO: Grain Market, Jalandhar, Punjab-144008 have changed my name from Sunaina Mahajan to Sunaina Gupta. All concerned please note.

I, Payal Khullar W/o Rajesh Khullar R/o House Number 437, Street Number 1, Ward Number 30, Jagatpura, Hoshiarpur, Punjab-146001 have changed my name from Monika Malhotra to Payal Khullar. Concerned Note.

I, Hardip Singh S/O Hazoora Singh R/O H.No. 66, Near Bye Pass Amar Garden, Jalandhar-144004, Punjab, Have Changed My Name From Hardip Singh To Hardeep Singh. All Concerned Please Note.

## ਬੇਦਖਲੀ ਨੋਟਿਸ

ਮੈਂ, ਸਰਬਜੀਤ ਕੌਰ ਪਤਨੀ ਪਰਗਟ ਸਿੰਘ, ਪਿੰਡ ਮੂਲੋਵਾਲ (ਸੰਗਰੂਰ) ਆਪਣੇ ਲੜਕੇ ਹਰਮਨਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈਂ ਸੰਤੋਸ਼ ਰਾਣੀ ਪਤਨੀ ਲੇਟ ਮਨਜੀਤ ਰਾਏ ਵਾਸੀ ਮਕਾਨ ਨੰਬਰ 79, ਮੰਦਿਰ ਵਾਰੀ ਗਲੀ, ਨੇੜੇ ਡੀ.ਏ.ਵੀ. ਦੇਸ਼ ਰਾਜ ਵਾਲੀ ਗਲੀ ਡੇਰਾ ਰੋਡ ਕ੍ਰਿਸ਼ਚਨ ਕਲੋਨੀ, ਬਟਾਲਾ, ਜਿਲ੍ਹਾ ਗੁਰਦਾਸਪੁਰ। ਮੈਂ ਆਪਣੇ ਲੜਕੇ ਵਿਨੋਦ ਕੁਮਾਰ ਅਤੇ ਨੂੰਹ ਰਸ਼ਮੀ ਬਾਲਾ ਤੇ ਲੜਕੀ ਮੋਨਿਕਾ ਪਤਨੀ ਜਸਵਿੰਦਰ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿਚ ਹਨ। ਮੈਂ ਇਹਨਾਂ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦੀ ਹਾਂ, ਹੁਣ ਮੇਰੀ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬੰਧਤ ਨੋਟ ਕਰਨ।

ਮੈਂ ਬਲਦੇਵ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪੰਡੋਰੀ ਡਾਕ - ਘੁਮਾਣ ਬਟਾਲਾ ਗੁਰਦਾਸਪੁਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਤੇ ਮੇਰੀ ਨੂੰਹ ਕੁਲਜਿੰਦਰ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ। ਮੇਰਾ ਹਰਪ੍ਰੀਤ ਸਿੰਘ ਤੇ ਕੁਲਜਿੰਦਰ ਕੌਰ ਨਾਲ ਕੋਈ ਵਾਸਤਾ ਨਹੀਂ ਹੈ। ਮੈਂ ਆਪਣੇ ਲੜਕੇ ਤੇ ਨੂੰਹ ਨੂੰ ਆਪਣੀ ਚੱਲ-ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲੇ ਆਪ ਖੁੱਦ ਜਿਮੇਵਾਰ ਹੋਵਗੇ। ਸੰਬੰਧਤ ਨੋਟ ਕਰਨ।

ਅਸੀਂ, ਯਸ਼ ਪਾਲ ਪੁੱਤਰ ਸ੍ਰੀ ਗਿਰਧਾਰੀ ਲਾਲ ਅਤੇ ਵੀਨਾ ਰਾਣੀ ਪਤਨੀ ਯਸ਼ ਪਾਲ, ਵਾਸੀਆਨ ਮਕਾਨ ਨੰ: 43 ਪੋਰਸ਼ਨ, ਬਰਕਤ ਇਨਕਲੇਵ, ਕੋਟ ਸਦੀਕ ਅਬਾਦੀ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਤ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਵਤਾਰ ਸਿੰਘ ਪੁੱਤਰ ਗੁਰਚੇਕ ਸਿੰਘ , ਵਾਸੀ ਗੁਰੂਦੁਆਰਾ ਬੰਦਾ ਬਹਾਦੁਰ ਨਗਰ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਜਸਵਿੰਦਰ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ। ਸਾਡੀ ਅਤੇ ਸਾਡੇ ਪਰਿਵਾਰ ਦੀ ਉਸਦੀ ਕਿਸੇ ਵੀ ਲੈਣ ਦੇਣ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਜਤਿੰਦਰ ਸਿੰਘ ਪੁੱਤਰ ਹਰਦੇਵ ਸਿੰਘ ਅਤੇ ਸ਼ੀਲਾ ਦੇਵੀ ਪਤਨੀ ਜਤਿੰਦਰ ਸਿੰਘ ਵਾਸੀਆਨ ਡੀ ਐਨ/04, ਮੁੱਹਲਾ ਦਤਾਰ ਨਗਰ, ਡਾਕਖਾਨਾ ਲੱਧੇਵਾਲੀ, ਰਾਮਾ ਮੰਡੀ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਵਜੋਤ ਸੰਧੂ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕਮਲ ਕਿਸ਼ੋਰ ਪੁੱਤਰ ਰੂਪ ਲਾਲ ਵਾਸੀ ਮੁੱਹਲਾ ਤੇਲੀਆ ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਕੇਸ਼ ਕੁਮਾਰ ਅਤੇ ਮੇਰੀ ਨੂੰਹ ਸੋਨੀਆ ਪਤਨੀ ਰਾਕੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਅਵਿੰਦਰਜੀਤ ਸਿੰਘ ਪੁੱਤਰ ਸ੍ਰ ਜੋਗਿੰਦਰ ਸਿੰਘ ਵਾਸੀ ਨੇੜੇ ਸਾਹਮਾਨਾ, ਮੁੱਹਲਾ ਮੋਰੀ ਗੇਟ, ਸ੍ਰੀਹਰਗੋਬਿੰਦਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਅਵਤਾਰ ਚੰਦ ਪੁੱਤਰ ਬਲਵੰਤ ਰਾਮ ਅਤੇ ਮਨਜੀਤ ਪਤਨੀ ਅਵਤਾਰ ਚੰਦ, ਵਾਸੀ ਮਾਸਟਰ ਬਸੰਤ ਵਾਲੀ ਗਲੀ, ਮੁਹੱਲਾ ਗੀਤਾ ਭਵਨ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੌਰਵ ਅਤੇ ਉਸ ਦੀ ਪਤਨੀ ਬੋਬੀ, ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਕੁਲਦੀਪ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਵਾਰਡ ਨੰ. 13, ਰਾਜਾਸਾਂਸੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨਬੀਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਪਵਿੱਤਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਮਕਾਨ ਨੰ. 11147, ਸੁਲਤਾਨਵਿੰਡ ਰੋਡ, ਕੋਟ ਆਤਮਾ ਰਾਮ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਜਦੀਪ ਸਿੰਘ ਅਤੇ ਮੇਰੀ ਨੂੰਹ ਸਿਮਰਤ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

## ਨਾਂਅ ਦੀ ਬਦਲੀ

ਮੈਂ ਕਸ਼ਮੀਰ ਸਿੰਘ, ਪੁੱਤਰ ਪ੍ਰਤਾਪ ਸਿੰਘ, ਪਿੰਡ ਨੰਗਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਕਸ਼ਮੀਰ ਸਿੰਘ ਤੋਂ ਬਦਲ ਕੇ ਕਸ਼ਮੀਰ ਸਿੰਘ ਕਲਸੀ ਰੱਖ ਲਿਆ ਹੈ। ਕਿਰਪਾ ਕਰਕੇ ਇਸ ਗੱਲ ਨੂੰ ਨੋਟ ਕੀਤਾ ਜਾਵੇ।

## ਆਮ ਸੂਚਨਾ

ਮੈਂ, ਸੌਰਵ ਮਸੀਹ, ਪੁੱਤਰ ਗੋਰਾ, ਵਾਸੀ ਪਿੰਡ ਚਮਿਆਰੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰੇ ਮੈਟ੍ਰਿਕੁਲੇਸ਼ਨ ਸਰਟੀਫਿਕੇਟ ਵਿੱਚ ਮੇਰਾ ਨਾਮ ਗਲਤੀ ਨਾਲ ਸੌਰਵ ਅਤੇ ਮੇਰੇ ਪਿਤਾ ਦਾ ਨਾਮ ਗਰੌਵ ਦਰਜ ਹੋਇਆ ਹੈ। ਮੇਰਾ ਸਹੀ ਨਾਮ ਸੌਰਵ ਮਸੀਹ ਅਤੇ ਮੇਰੇ ਪਿਤਾ ਦਾ ਸਹੀ ਨਾਮ ਗੋਰਾ ਹੈ। ਸੰਬੰਧਿਤ ਨੋਟ ਕਰਨ।

ਮੈਂ, ਅਮਰਜੀਤ ਕੌਰ ਪਤਨੀ ਸਵਰਨ ਸਿੰਘ, ਵਾਸੀ ਘੱਲ ਕਲਾਂ, ਜ਼ਿਲ੍ਹਾ (ਮੋਗਾ) ਮੈਨੂੰ ਹਰਬੰਸ ਕੌਰ ਅਤੇ ਅਮਰਜੀਤ ਕੌਰ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਮੈਂ ਦੋਵਾਂ ਨਾਵਾਂ ਵਾਲੀ ਇਕ ਔਰਤ ਹਾਂ। ਸੰਬੰਧਤ ਨੋਟ ਕਰਨ।

ਮੈਂ ਦਵਿੰਦਰ ਕੁਮਾਰ ਪੁੱਤਰ ਸੁਖਦੇਵ ਰਾਜ ਵਾਸੀ ਪਿੰਡ ਬੇਗੋਵਾਲ ਤਾਰਾਗੜ੍ਹ, ਜ਼ਿਲ੍ਹਾ ਪਠਾਨਕੋਟ ਸੂਚਿਤ ਕਰਦਾ ਹਾਂ ਕਿ ਮੇਰੀਆਂ ਦੋ ਰਜਿਸਟਰੀਆਂ, ਜਿਸਦਾ ਵਸੀਕਾ ਨੰਬਰ 738 ਮਿਤੀ 01.07.2011 ਅਤੇ ਵਸੀਕਾ ਨੰਬਰ 66 ਮਿਤੀ 12.04.2010 ਸਨ, ਮੇਰੇ ਪਾਸੋਂ 20.07 2026 ਨੂੰ ਦੀਨਾਨਗਰ ਕਿਤੇ ਗੁੰਮ ਗਈਆਂ ਹਨ। ਜੇਕਰ ਕਿਸੇ ਨੂੰ ਮਿਲਣ ਤਾਂ ਉਕਤ ਪਤੇ 'ਤੇ ਸੂਚਿਤ ਕਰੇ। ਮੈਂ ਇਹ ਰਜਿਸਟਰੀਆਂ ਲੋਨ ਲੈਣ ਲਈ ਕੈਨਰਾ ਬੈਂਕ ਦੀ ਫ਼ਤਿਹਗੜ੍ਹ ਚੂੜੀਆਂ ਸ਼ਾਖਾ ਨੂੰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵਾਂਗਾ।

ਅਸੀਂ ਨਵੀਨ ਕੁਮਾਰ ਵਾ ਦੀਪਕ ਕੁਮਾਰ ਪੁੱਤਰਾਨ ਸ੍ਰੀ ਗੋਪੀ ਚੰਦ ਵਾਸੀਆਨ ਕੋਠੀ ਨੰ: 35, ਵੱਡਾ ਹਰੀਪੁਰਾ, ਜਵਾਲਾ ਸਿਟੀ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਮਾਤਾ ਸ਼ਕੁੰਤਲਾ ਦੇਵੀ ਵਿਧਵਾ ਸ੍ਰੀ ਗੋਪੀ ਚੰਦ, ਸਾਡਾ ਸਕਾ ਭਰਾ ਮਹੇਸ਼ ਕੁਮਾਰ ਅਤੇ ਭੈਣ ਕਰੁਣਾ ਕਸ਼ਯਪ ਉਰਫ ਨਿਸ਼ਾ, ਜੋ ਸ਼ਾਦੀਸ਼ੁਦਾ ਹਨ, ਸਾਰੇ ਸਾਡੇ ਕਹਿਣੇ ਵਿਚ ਨਹੀਂ ਹਨ। ਇਨ੍ਹਾਂ ਦਾ ਵਤੀਰਾ ਸਾਡੇ ਨਾਲ ਬਹੁਤ ਮਾੜਾ ਹੈ ਅਤੇ ਬਿਨਾਂ ਵਜ੍ਹਾ ਝਗੜਦੇ ਰਹਿੰਦੇ ਹਨ। ਅਸੀਂ ਇਨ੍ਹਾਂ ਸਭ ਨਾਲੋਂ ਆਪਣੇ ਸੰਬੰਧ ਖਤਮ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀਂ ਅਤੇ ਸਾਡਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਸਾਡਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

## DEBAR NOTICE

we, Sukhnandan Singh S/o Late Sohan Singh and Tarsem Kaur W/o Sukhnandan Singh R/o Village Muchrowal Post office Pachranga, Jalandhar declare that our Son Guru Deo Singh and his wife Rajni are out of our Control. So we disinherit them from all my movable and immovable properties and my family shall not be held responsible for any of their act. deed and things related to them.

## PUBLIC NOTICE

I Harjinder Pal S/o Sohna Mal R/o H.No.19/2, Central Town Jalandhar declare that I have two my names Harjinder Pal and Harjinder Pal Gaba note Harjinder Pal (without Surname) and Harjinder Pal Gaba (with Surname) is the one and same person please note all concerned.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 2 ਨੌਜਵਾਨਾਂ ਤੋਂ ਹੈਰੋਇਨ ਤੇ ਨਸ਼ੀਲੀਆਂ ਗੋਲੀਆਂ ਬਰਾਮਦ

**ਅਲਾਵਲਪੁਰ (ਮਦਨ ਬੰਗੜ)**- ਪੁਲਸ ਚੌਕੀ ਅਲਾਵਲਪੁਰ ਦੀ ਪੁਲਿਸ ਵੱਲੋਂ ਗਸ਼ਤ ਦੌਰਾਨ ਸ਼ਾਹਪੁਰ-ਅਰਜਨਵਾਲ ਚੌਂਕ ਨੇੜੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 9 ਗ੍ਰਾਮ ਹੈਰੋਇਨ ਅਤੇ 20 ਨਸ਼ੀਲੀਆਂ ਗੋਲੀਆਂ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।



ਜਾਣਕਾਰੀ ਦਿੰਦੇ ਹੋਏ ਅਲਾਵਲਪੁਰ ਪੁਲਿਸ ਚੌਂਕੀ ਇੰਚਾਰਜ ਐਸ ਆਈ ਰਵਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪੁਲਿਸ ਪਾਰਟੀ ਜਦੋਂ ਸ਼ਾਹਪੁਰ-ਅਰਜਨਵਾਲ ਚੌਂਕ ਨੇੜੇ ਪਹੁੰਚੇ ਤਾਂ ਉੱਥੇ ਦੋਵੇਂ ਵਿਅਕਤੀ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਏ ਅਤੇ ਆਪਣੇ ਕਬਜ਼ੇ ਵਿਚਲੇ ਕਾਲੇ ਰੰਗ ਦੇ ਮੋਮੀ ਲਿਫ਼ਾਫੇ ਸੜਕ ਕਿਨਾਰੇ ਸੁੱਟ ਦਿੱਤੇ। ਉਹਨਾਂ ਵੱਲੋਂ ਛੁੱਟੇ ਗਏ ਲਫਾਫਿਆਂ ਦੀ ਤਲਾਸ਼ੀ ਦੌਰਾਨ ਮਨਜੀਤ ਸਿੰਘ ਵੱਲੋਂ ਸੁੱਟੇ ਲਿਫ਼ਾਫੇ ਵਿਚੋਂ 9 ਗ੍ਰਾਮ ਹੈਰੋਇਨ ਅਤੇ ਹਰਦੀਪ ਸਿੰਘ ਵੱਲੋਂ ਸੁੱਟੇ ਲਿਫ਼ਾਫੇ ਵਿਚੋਂ 20 ਸੰਤਰੀ ਰੰਗ ਦੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

ਪੁਲਿਸ ਨੇ ਉਨ੍ਹਾਂ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ। ਉਨ੍ਹਾਂ ਦੀ ਪਛਾਣ ਮਨਜੀਤ ਸਿੰਘ ਉਰਫ਼ ਮੰਨੂ ਪੁੱਤਰ ਸਵ. ਸੁਰਜੀਤ ਸਿੰਘ ਵਾਸੀ ਨਾਰੂ ਨੰਗਲ (ਮੌਜੂਦਾ ਵਾਸੀ ਪਿੱਪਲਾਂਵਾਲਾ, ਹੁਸ਼ਿਆਰਪੁਰ) ਅਤੇ ਹਰਦੀਪ ਸਿੰਘ ਉਰਫ਼ ਰਾਂਝਾ ਪੁੱਤਰ ਸਵ. ਬਲਵੀਰ ਸਿੰਘ ਵਾਸੀ ਸਿੰਗੜੀਵਾਲਾ ਥਾਣਾ ਬੁੱਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ।ਪੁਲਸ ਵੱਲੋਂ ਮੁਲਜ਼ਮਾਂ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ੋਨਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਸਨਮਾਨਤ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਸਰਕਾਰੀ ਹਾਈ ਸਕੂਲ ਰਾਜਪੁਰ ਗਹੋਤ ਵਿਖੇ ਹੋਏ ਇਕ ਸਮਾਗਮ ਦੌਰਾਨ ਜੋਨਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਂਅ ਰੋਸ਼ਨ ਕਰਨ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ। ਮੁੱਖ ਅਧਿਆਪਕ ਹਰਪ੍ਰੀਤ ਸਿੰਘ ਨੇ ਨਾ ਖੇਡਾਂ ਵਿੱਚ ਸ਼ਤਰੰਜ ਅੰਡਰ 17 ਕੁੜੀਆਂ ਦੇ ਵਰਗ ਵਿੱਚ ਯਸ਼ਨੂਰ ਕੌਰ, ਹਰਮਿੰਦਰ ਕੌਰ ਵੱਲੋਂ ਤੀਸਰਾ ਸਥਾਨ ਪ੍ਰਾਪਤ ਕਰਨ, ਬੈਡਮਿੰਟਨ ਅੰਡਰ 14 ਕੁੜੀਆਂ ਗੁਰਲੀਨ ਕੌਰ, ਤਨਵੀਰ ਕੌਰ, ਹਰਜੋਤ ਕੌਰ ਦੀ ਟੀਮ ਵੱਲੋਂ ਦੂਸਰਾ ਸਥਾਨ ਪ੍ਰਾਪਤ ਕਰਨ ਲਈ ਅੰਡਰ 14 ਬੈਡਮਿੰਟਨ ਲੜਕਿਆਂ ਦੀ ਟੀਮ ਵਿੱਚ ਸ਼ਾਮਿਲ ਗੌਰਵ ਕੁਮਾਰ, ਨਿਤਿਨ ਸ਼ਰਮਾ, ਹਰਸ਼ ਮਹਿਰਾ, ਦਮਨਪ੍ਰੀਤ ਸਿੰਘ ਤੀਸਰਾ ਸਥਾਨ ਪ੍ਰਾਪਤ ਕਰਨ ਕਈ ਅਤੇ ਅੰਡਰ 17 ਕੁੜੀਆਂ ਬੈਡਮਿੰਟਨ ਵਿੱਚ ਯਸ਼ਨੂਰ ਕੌਰ, ਨੀਤਿਕਾ, ਹਰਨੀਤ ਕੌਰ ਦੀ ਟੀਮ ਵੱਲੋਂ ਦੂਸਰਾ ਸਥਾਨ ਪ੍ਰਾਪਤ ਕਰਨ ਤੇ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਸ਼ਾਨਦਾਰ ਪ੍ਰਦਰਸ਼ਨ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ ਨੂੰ ਜਾਂਦਾ ਹੈ। ਉਨਾਂ ਨੇ ਸਟਾਫ ਮੈਂਬਰਾਂ ਦੇ ਵੀ ਇਸ ਉਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਨੀਲਮ ਕੁਮਾਰੀ, ਵਰਿੰਦਰਾ ਨਰਿੰਦਰਾ, ਗੁਰਵੀਰ ਕੌਰ, ਤਰਨਜੀਤ ਕੌਰ, ਰਾਜਦੀਪ ਕੌਰ, ਕਮਲਜੀਤ ਕੌਰ, ਮਨਿੰਦਰ ਕੌਰ,ਮਨਦੀਪ ਕੌਰ, ਅਜੈ ਕੁਮਾਰ, ਯੋਗੇਸ਼ ਕੁਮਾਰ, ਦਵਿੰਦਰ ਸਿੰਘ, ਅਵਤਾਰ ਸਿੰਘ ਵੀ ਹਾਜ਼ਰ ਸਨ।

# ਮੇਹਰ ਚੰਦ ਪੌਲੀਟੈਕਨਿਕ ਕਾਲਜ 'ਚ ਨਵੇਂ ਸੈਸ਼ਨ ਦਾ ਸ਼ੁਭ ਆਰੰਭ

**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਨਵੇਂ ਸੈਸ਼ਨ ਦਾ ਸ਼ੁਭ ਆਰੰਭ ਪਵਿੱਤਰ ਹਵਨ ਕੁੰਡ ਵਿੱਚ ਸਟਾਫ ਅਤੇ ਵਿਦਿਆਰਥੀਆਂ ਵਲੋਂ ਆਹੁਤੀਆਂ ਪਾ ਕੇ ਵੈਦਿਕ ਮੰਤਰ ਉਚਾਰਣ ਨਾਲ ਕੀਤਾ ਗਿਆ। ਸ੍ਰੀ ਕੁੰਦਨ ਲਾਲ ਅਗਰਵਾਲ ਮੈਂਬਰ ਡੀ ਏ ਵੀ ਸੀ ਐਮ ਸੀ ਮੁੱਖ ਯਜਮਾਨ ਦੇ ਤੌਰ ਤੇ ਹਾਜ਼ਰ ਹੋਏ। ਇਸ ਹਵਨ ਯੱਗ ਵਿੱਚ ਪ੍ਰਿੰਸੀਪਲ ਐਸ ਕੇ ਗੌਤਮ, ਪ੍ਰਿੰਸੀਪਲ ਕਵਲਜੀਤ ਕੌਰ, ਸੁਧੀਰ ਸ਼ਰਮਾ, ਲਲਿਤ ਸਿੰਗਲਾ ਅਤੇ ਇਸ ਮੌਕੇ ਭਾਰੀ ਗਿਣਤੀ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਹਾਜ਼ਰ ਸਨ। ਉਨ੍ਹਾਂ ਦੇ ਨਾਲ ਸਮੂਹ ਵਿਭਾਗ ਮੁਖੀ ਅਤੇ ਰਿਟਾਇਰਡ ਸਟਾਫ ਹਾਜ਼ਰ ਸੀ। ਇਹ ਸਮਾਗਮ ਮਹਾਤਮਾ ਆਨੰਦ ਸਵਾਮੀ ਆਡੀਟੋਰੀਅਮ ਦੀ ਬਿਲਡਿੰਗ ਵਿੱਚ ਕੀਤਾ ਗਿਆ, ਜੋ ਕਿ ਨਵੇਂ ਵਿਦਿਆਰਥੀਆਂ ਨਾਲ ਖਚਾਖਚ ਭਰਿਆ ਹੋਇਆ ਸੀ। ਹਵਨ ਦੀ ਸੰਪੂਰਨ ਪ੍ਰਕਿਰਿਆ ਸਟਾਫ ਮੈਂਬਰ ਪ੍ਰਭੂ ਦਿਆਲ ਦੀ ਦੇਖ-ਰੇਖ ਵਿੱਚ ਹੋਈ। ਕਾਲਜ ਦੇ ਵਿਦਿਆਰਥੀਆਂ ਨੇ ਆਪ ਹੀ ਹਵਨ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਨਵੇਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀਆਂ ਅਹਿਮ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਨਵੇਂ ਵਿਦਿਆਰਥੀਆਂ ਨੂੰ ਕਿਹਾ ਕਿ ਉਨ੍ਹਾਂ ਨੇ ਇਸ ਕਾਲਜ ਵਿੱਚ ਦਾਖਲਾ ਲੈ ਕੇ ਅੱਧੀ ਜੰਗ ਜਿੱਤ ਲਈ ਹੈ।ਇਸ ਮੌਕੇ ਕਾਲਜ ਦਾ ਨਵਾਂ ਪ੍ਰਾਸਪੈਕਟਸ ਮੁਖ ਯਜਮਾਨ ਕੁੰਦਨ ਲਾਲ, ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਵਿਭਾਗ ਮੁਖੀਆਂ ਨੇ ਰਿਲੀਜ਼ ਕੀਤਾ, ਜਿਸ ਦੀ ਇੱਕ ਕਾਪੀ ਹਰ ਇੱਕ ਵਿਦਿਆਰਥੀ ਨੂੰ ਦਿੱਤੀ ਗਈ।



ਸਾਲ 2024 ਲਈ ਬਿਹਤਰੀਨ ਕਾਰਗੁਜ਼ਾਰੀ ਕਰਨ ਵਾਲੇ ਵਿਭਾਗਾਂ ਆਟੋਮੋਬਾਇਲ, ਫਾਰਮੇਸੀ, ਇਲੈਕਟ੍ਰੀਕਲ ਅਤੇ ਸਿਵਲ ਦੇ ਸਟਾਫ ਨੂੰ ਵੀ ਸਨਮਾਨਤ ਕੀਤਾ ਗਿਆ।

# ਫਿਲੌਰ 'ਚ ਪੰਜਾਬ ਬੰਦ ਦਾ ਵਿਆਪਕ ਅਸਰ



**ਫਿਲੌਰ (ਹਰਜਿੰਦਰ ਕੌਰ ਚਾਹਲ)** ਪੰਜਾਬ ਬੰਦ ਦੀ ਕਾਲ ਦੇ ਮੱਦੇਨਜ਼ਰ ਫਿਲੌਰ ਸ਼ਹਿਰ ਵਿੱਚ ਬੰਦ ਦਾ ਵਿਆਪਕ ਅਸਰ ਦੇਖਣ ਨੂੰ ਮਿਲਿਆ। ਸਫਾਈ ਕਰਮਚਾਰੀਆਂ ਦੇ ਸਮਰਥਨ ਵਿੱਚ ਵੱਡੀ ਗਿਣਤੀ ਵਿੱਚ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਏਕਤਾ ਦਾ ਪ੍ਰਗਟਾਵਾ ਕੀਤਾ। ਹਾਲਾਂਕਿ ਕੁਝ ਦੁਕਾਨਾਂ ਸ਼ੁਰੂ ਵਿੱਚ ਖੁੱਲ੍ਹੀਆਂ ਹੋਈਆਂ ਸਨ, ਪਰ ਸਫਾਈ ਕਰਮਚਾਰੀਆਂ ਨੇ ਦੁਕਾਨਦਾਰਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਬੇਨਤੀ ਕਰਕੇ ਦੁਕਾਨਾਂ ਬੰਦ ਕਰਨ ਦੀ ਅਪੀਲ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਨੇ ਵੀ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ। ਇਸ ਦੌਰਾਨ ਸਫਾਈ ਕਰਮਚਾਰੀਆਂ ਨੇ ਫਿਲੌਰ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਅਤੇ 'ਭਗਵਾਨ ਵਾਲਮੀਕ ਸ਼ਕਤੀ ਅਮਰ ਰਹੇ' ਦੇ ਨਾਅਰਿਆਂ ਨਾਲ ਸਾਰਾ ਸ਼ਹਿਰ ਗੂੰਜ ਉੱਠਿਆ। ਇਸ ਦੇ ਨਾਲ ਹੀ ਸਰਕਾਰ ਖ਼ਿਲਾਫ਼ ਵੀ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਫਾਈ ਕਰਮਚਾਰੀਆਂ ਦੇ ਆਗੂਆਂ ਨੇ ਦੱਸਿਆ ਕਿ 30 ਜੁਲਾਈ ਦੇ ਪੰਜਾਬ ਬੰਦ ਦੇ ਸੱਦੇ ਨੂੰ ਲੋਕਾਂ ਵੱਲੋਂ ਭਰਵਾਂ ਸਮਰਥਨ ਮਿਲਿਆ ਹੈ ਅਤੇ ਫਿਲੌਰ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ। ਉਨ੍ਹਾਂ ਕਿਹਾ ਕਿ ਇਹ ਬੰਦ ਸ਼ਾਮ 5 ਵਜੇ ਤੱਕ ਜਾਰੀ ਰਹੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਸਿਰਫ਼ ਮੈਡੀਕਲ ਅਤੇ ਐਮਰਜੈਂਸੀ ਸੇਵਾਵਾਂ ਨੂੰ ਹੀ ਛੋਟ ਦਿੱਤੀ ਗਈ ਹੈ। ਹੋਰ ਕਿਸੇ ਨੂੰ ਵੀ ਦੁਕਾਨ ਖੋਲ੍ਹਣ ਦੀ ਇਜਾਜ਼ਤ ਨਹੀਂ ਹੈ।

# ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ : ਕੇ ਪੀ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਲਾਇਨਜ਼ ਕਲੱਬ ਡੇਰਾਬੱਸੀ ਵੱਲੋਂ ਸਥਾਨਕ ਗਲੋਬਲ ਵਿਜ਼ਡਮ ਸਕੂਲ ਵਿਖੇ ਵਿਦਿਆਰਥੀਆਂ ਨੂੰ ਦਰਪੇਸ਼ ਚੁਣੌਤੀਆਂ ਅਤੇ ਹੱਲ ਵਿਸ਼ੇ 'ਤੇ ਪ੍ਰਭਾਵਸ਼ਾਲੀ ਸੈਮੀਨਾਰ ਕਰਵਾਇਆ ਗਿਆ। ਸਮਾਗਮ ਵਿੱਚ ਸਿੱਖਿਆ ਖੇਤਰ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ, ਸਕੂਲ ਪ੍ਰਬੰਧਕਾਂ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕਰਕੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਲਾਇਨਜ਼ ਕਲੱਬ ਡੇਰਾਬੱਸੀ ਦੇ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਮੋਹਾਲੀ ਦੇ ਸਾਬਕਾ ਚੇਅਰਮੈਨ ਕੇ.ਪੀ. ਸ਼ਰਮਾ ਨੇ ਕਿਹਾ ਕਿ ਸਿੱਖਿਆ ਅਤੇ ਸਿਹਤ ਖੇਤਰ ਵਿੱਚ ਸੁਧਾਰ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਵਿਦਿਆਰਥੀ ਅਤੇ ਨੌਜਵਾਨ ਹੀ ਭਲਕੇ ਦੇ ਦੇਸ਼ ਅਤੇ ਸਮਾਜ ਦੀ ਦਿਸ਼ਾ ਤੈਅ ਕਰਨਗੇ। ਇਸ ਲਈ ਸਿੱਖਿਆ ਵਰਗੇ ਸੰਵੇਦਨਸ਼ੀਲ ਵਿਸ਼ੇ ਨੂੰ ਸਿਆਸੀ ਹਿਤਾਂ ਦੀ ਬਜਾਏ ਸਮਾਜ ਦੇ ਭਵਿੱਖ ਨਾਲ ਜੋੜ ਕੇ ਦੇਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਪ੍ਰਤਿਭਾ ਦੀ ਕੋਈ ਘਾਟ ਨਹੀਂ, ਲੋੜ ਸਿਰਫ਼ ਉਸ ਨੂੰ ਪਛਾਣਨ, ਨਿਖਾਰਨ ਅਤੇ ਸਹੀ ਮਾਰਗਦਰਸ਼ਨ ਦੇਣ ਦੀ ਹੈ। ਇਹ ਜ਼ਿੰਮੇਵਾਰੀ ਕੇਵਲ ਅਧਿਆਪਕਾਂ ਜਾਂ ਮਾਪਿਆਂ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਹੈ। ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਚਹਿਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਕੂਲ ਸਿਰਫ਼ ਕਿਤਾਬੀ ਗਿਆਨ ਦੇਣ ਦਾ ਕੇਂਦਰ ਨਹੀਂ, ਸਗੋਂ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਅਤੇ ਵਿਅਕਤੀਤਵ ਵਿਕਾਸ ਦਾ ਮਾਧਿਅਮ ਵੀ ਹਨ। ਲਾਇਨਜ਼ ਕਲੱਬ ਦੇ ਸਕੱਤਰ ਉਪੇਸ਼ ਬੰਸਲ, ਲਾਇਨ ਡਾ. ਬਰਖਾ ਰਾਮ, ਸਕੂਲ ਦੇ ਪ੍ਰਿੰਸੀਪਲ ਤੇ ਹੋਰ ਬੁਲਾਰਿਆਂ ਨੇ ਵੀ ਵਿਦਿਆਰਥੀਆਂ ਨੂੰ ਸਮੇਂ ਦੀ ਕਦਰ, ਅਨੁਸ਼ਾਸਨ, ਨੈਤਿਕ ਕਦਰਾਂ-ਕੀਮਤਾਂ, ਡਿਜ਼ੀਟਲ ਯੁੱਗ ਦੀਆਂ ਚੁਣੌਤੀਆਂ, ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਜੀਵਨ ਦਾ ਸਪੱਸ਼ਟ ਟੀਚਾ ਨਿਰਧਾਰਤ ਕਰਕੇ ਮਿਹਨਤ ਨਾਲ ਉਸ ਨੂੰ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਵੀ ਖੁੱਲ੍ਹ ਕੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮਾਹਿਰਾਂ ਨਾਲ ਸਵਾਲ-ਜਵਾਬ ਰਾਹੀਂ ਕੀਮਤੀ ਜਾਣਕਾਰੀ ਹਾਸਲ ਕੀਤੀ।



# ਪ੍ਰੋ. ਗੁਰਦਿਆਲ ਸਿੰਘ ਐਵਾਰਡ ਮੇਰਾ ਮਾਣ : ਸੁਭਾਸ਼ ਭਾਸਕਰ

**ਚੰਡੀਗੜ੍ਹ (ਸੁਰਜੀਤ ਸੁਮਨ)**- ਸੁਭਾਸ਼ ਭਾਸਕਰ ਕਹਾਣੀਆਂ, ਕਵਿਤਾਵਾਂ, ਲੇਖ ਲਿਖਦਾ ਹੈ। ਅਨੁਵਾਦ ਕਰਦਾ ਹੈ। ਪਿਛਲੇ ਲੰਮੇ ਅਰਸੇ ਤੋਂ ਉਹ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਕੱਤਰ ਵਜੋਂ ਸੇਵਾਵਾਂ ਨਿਭਾ ਰਿਹਾ ਹੈ। ਇੰਝ ਉਹ ਟਰਾਈਸਿਟੀ ਦੇ ਅਨੇਕ ਸਾਹਿਤਕਾਰਾਂ ਨਾਲ ਆਪਣਾ ਪਕੇਰਾ ਰਿਸ਼ਤਾ ਗੰਢੀ ਰੱਖਦਾ ਹੈ। ਕਿਸੇ ਵੇਲੇ ਉਸ ਨੇ ਰਾਕ ਗਾਰਡਨ ਵਾਲਾ ਨੇਕ ਚੰਦ ਪੁਸਤਕ ਰਚੀ। ਰਾਕ ਗਾਰਡਨ, ਚੰਡੀਗੜ੍ਹ ਦਾ ਅਜਿਹਾ ਸੰਸਾਰ ਪ੍ਰਸਿੱਧੀ ਪ੍ਰਾਪਤ ਸਥਾਨ ਹੈ, ਜਿੱਥੋਂ ਦੇ ਕਰਤਾ ਨੇਕ ਚੰਦ ਨੇ ਟੁੱਟੀਆਂ-ਫੁੱਟੀਆਂ ਵਸਤਾਂ ਨੂੰ ਸਲੀਕੇ ਨਾਲ ਜੋੜਦਿਆਂ ਆਲੇ-ਦੁਆਲੇ ਨੂੰ ਬੋਲਣ ਲਗਾ ਦਿੱਤਾ। ਸੁਭਾਸ਼ ਭਾਸਕਰ ਦੀ ਇਹ ਪੁਸਤਕ ਇਸੇ ਮਹਾਨ ਸ਼ਖ਼ਸੀਅਤ ਨੇਕ ਚੰਦ ਦੇ ਜੀਵਨ ਅਤੇ ਕਿਰਤ ਦੁਆਲੇ ਘੁੰਮਦੀ ਰਚਨਾ ਹੈ। ਪਿਛਲੇ ਸਮੇਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਸ ਨੂੰ ਡਾ. ਚੰਦਰ ਤ੍ਰਿਖਾ ਦੀ ਪੁਸਤਕ ਵਿਭਾਜਨ ਬਨਾਮ ਵਿਸਥਾਪਨ ਦੇ ਅਨੁਵਾਦ ਲਈ ਪ੍ਰੋਫੈਸਰ ਗੁਰਦਿਆਲ ਸਿੰਘ ਐਵਾਰਡ ਨਾਲ ਸਨਮਾਨਿਤ ਗਿਆ।ਇੱਕ ਮੁਲਾਕਾਤ ਦੌਰਾਨ ਸੁਭਾਸ਼ ਭਾਸਕਰ ਨੇ ਕਿਹਾ ਕਿ ਮਿਹਨਤ ਅਜ਼ਾਈਂ ਨਹੀਂ ਜਾਂਦੀ। ਸਮਾਂ ਆਉਣ 'ਤੇ ਇਸ ਦਾ ਮੁੱਲ ਜ਼ਰੂਰ ਪੈਂਦਾ ਹੈ।



# ਵਿਧਾਇਕ ਨੇ ਵਿਦਿਆਰਥੀਆਂ ਨੂੰ ਵੰਡੇ ਸਕੂਲ ਬੈਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘੰਟਾਘਰ ਵਿੱਚ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਮੁਹੱਈਆ ਕਰਵਾਏ ਗਏ ਸਕੂਲ ਬੈਗ ਵੰਡੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਵਿਦਿਆਰਥੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਕੇ ਉਨ੍ਹਾਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਨਾਲ ਜੋੜਨਾ ਸਰਕਾਰ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਮੁਹਿੰਮ ਰਾਹੀਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਅਕ ਮਾਹੌਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਮਨ ਲਾ ਕੇ ਪੜ੍ਹਾਈ ਕਰਨ ਅਤੇ ਆਪਣੇ ਮਾਪਿਆਂ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਸਮਾਜ ਸੇਵੀ ਆਗਿਆ ਪਾਲ ਸਾਹਨੀ, ਸੇਵਾਮੁਕਤ ਡੀ ਐਸ ਪੀ ਮਲਕੀਤ ਸਿੰਘ, ਕੌਂਸਲਰ ਨੀਲਮ ਰਾਣੀ, ਸਕੂਲ ਦੇ ਪ੍ਰਿੰਸੀਪਲ ਕਰੁਣ ਸ਼ਰਮਾ, ਪਰਵੀਨ ਕੁਮਾਰੀ, ਸੀਮਾ ਸੈਣੀ (ਲੈਕਚਰਾਰ), ਮਨੀਸ਼ਾ ਕੁਮਾਰੀ, ਰਕਸ਼ਾ ਕੁਮਾਰੀ, ਗੁਰਪ੍ਰੀਤ ਕੌਰ, ਸਵਿਤਾ ਦੇਵੀ, ਰਮਾ ਕੁਮਾਰੀ, ਜਤਿੰਦਰ ਸਿੰਘ, ਸੁਰਜੀਤ ਰਾਜਾ, ਜਸਵੀਰ ਸਿੰਘ ਅਤੇ ਸੁਰਜੀਤ ਕੌਰ ਸਮੇਤ ਸਕੂਲ ਦਾ ਸਮੂਹ ਸਟਾਫ ਮੌਜੂਦ ਸੀ।



# ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ

**ਦੁਸਾਂਝ ਕਲਾਂ (ਸੁਰਿੰਦਰਪਾਲ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਦੁਸਾਂਝ ਕਲਾਂ ਵਿਖੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਣਾਂ ਨੂੰ ਸਕੂਲ ਬੈਗ ਵੰਡ ਗਏ। ਇਸ ਸਮਾਗਮ 'ਚ ਯੂਥ ਕੁਆਡੀਨੇਟਰ ਹਲਕਾ ਫਿਲੌਰ ਚੇਅਰਮੈਨ ਬ੍ਰਾਹਮਣ ਵੈਲਫੇਅਰ ਬੋਰਡ ਡਾ. ਵੈਭਵ ਸ਼ਰਮਾ ਉਚੇਚੇ ਤੌਰ ਤੇ ਪਹੁੰਚੇ ਕੇ ਵਿਦਿਆਰਥਣਾਂ ਨੂੰ ਸਕੂਲ ਵੰਡੇ ਗਏ। ਇਸ ਸਮਾਗਮ ਦੁਰਾਨ ਯੂਥ ਕੁਆਡੀਨੇਟਰ ਹਲਕਾ ਫਿਲੌਰ ਚੇਅਰਮੈਨ ਬ੍ਰਹਮਣ ਵੈਲਫੇਅਰ ਬੋਰਡ ਡਾ. ਵੈਭਵ ਸ਼ਰਮਾ, ਟਰੇਡ ਕਮਿਸ਼ਨ ਚੇਅਰਮੈਨ ਹਲਕਾ ਫਿਲੌਰ ਪਲਵਿੰਦਰ ਸਿੰਘ ਨੋਰਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਸਿਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸ਼ਲਾਘਾਯੋਗ ਕਦਮ ਗਿਆਰਵੀਂ ਅਤੇ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ ਸਕੂਲ ਬੈਗ ਦੇਣ ਦਾ ਉੱਦਮ ਉਪਰਾਲਾ ਕੀਤਾ ਗਿਆ। ਇਸ ਸਕੂਲ ਇੰਚਾਰਜ ਕ੍ਰਿਸ਼ਨਾ ਦੇਵੀ, ਸਰਪੰਚ ਨਿਰਮਲ ਕੁਮਾਰ ਨਵੀਂ, ਬਲਾਕ ਸੰਮਤੀ ਮੈਂਬਰ ਗੁਰਪ੍ਰੀਤ ਕੌਰ, ਦਰਸ਼ਨ ਕੁਮਾਰ ਪੰਚ, ਦਰਸ਼ਨਾਂ ਕੁਮਰੀ ਪੰਚ, ਦਲਜਿੰਦਰ ਸਿੰਘ ਜੁਗਨੂੰ, ਬਲਾਕ ਪ੍ਰਧਾਨ ਜਗਦੇਵ ਸਿੰਘ, ਡਾ. ਓਮ ਪ੍ਰਕਾਸ਼ ਵਿਰਦੀ, ਬਲਜਿੰਦਰ ਕੌਰ ਤੋਂ ਇਲਾਵਾਂ ਸਮੂਹ ਸਕੂਲ ਸਟਾਫ ਆਦਿ ਹਾਜ਼ਰ ਸਨ।



# ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਪੋਰਟਲ 'ਤੇ ਪ੍ਰਾਪਤ ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਬੁੱਧਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ ਅਤੇ ਵਪਾਰੀਆਂ ਦੀਆਂ ਲੰਬਿਤ ਸਮੱਸਿਆਵਾਂ ਦੇ ਹੱਲ ਸਬੰਧੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਦੌਰਾਨ ਪੋਰਟਲ 'ਤੇ ਪ੍ਰਾਪਤ ਸ਼ਿਕਾਇਤਾਂ ਵਿੱਚ ਕਾਨੂੰਨ-ਵਿਵਸਥਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਥਾਨਕ ਸਰਕਾਰਾਂ ਅਤੇ ਬੈਂਕਿੰਗ ਸੇਵਾਵਾਂ ਨਾਲ ਸਬੰਧਿਤ ਮਾਮਲੇ ਸਾਹਮਣੇ ਆਏ। ਏ ਡੀ ਸੀ ਡਾ. ਨਿਧੀ ਕੁਮੁਦ ਬੰਬਾਹ ਨੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਦੇ ਪੋਰਟਲ 'ਤੇ ਪ੍ਰਾਪਤ ਹਰ ਸ਼ਿਕਾਇਤ ਦਾ ਪਹਿਲ ਦੇ ਆਧਾਰ 'ਤੇ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਦੇ ਨਿਪਟਾਰੇ ਤੋਂ ਬਾਅਦ ਸੰਬੰਧਿਤ ਵਿਭਾਗ ਆਪਣੀ ਕੀਤੀ ਕਾਰਵਾਈ ਸਬੰਧੀ ਰਿਪੋਰਟਾਂ ਵੀ ਸਮੇਂ ਸਿਰ ਪੋਰਟਲ 'ਤੇ ਅਪਲੋਡ ਕਰਨ, ਤਾਂ ਜੋ ਸ਼ਿਕਾਇਤਾਂ ਦਾ ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਰਾ ਹੋ ਸਕੇ।




# ਫਾਰਮੇਸੀ ਆਫਿਸਰਜ਼ ਐਸੋਸੀਏਸ਼ਨ ਦੀ ਮੀਟਿੰਗ



**ਚੰਡੀਗੜ੍ਹ**- ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਦੀ ਪੰਜਾਬ ਸਟੇਟ ਫਾਰਮੇਸੀ ਕੌਂਸਿਲ ਅਤੇ ਡਾਇਰੈਕਟਰ ਸਿਹਤ ਨਾਲ ਉਹਨਾਂ ਵਲੋਂ ਦਿੱਤੇ ਗਏ ਲਿਖਤੀ ਸਮੇਂ ਅਨੁਸਾਰ ਮੀਟਿੰਗ ਹੋਈ। ਇਹ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਦੀਪ ਸ਼ਰਮਾ ਅਤੇ ਜਨਰਲ ਸਕੱਤਰ ਸੁਨੀਲ ਦੱਤ ਸ਼ਰਮਾ ਦੀ ਅਗਵਾਈ ਹੇਠ ਹੋਈ। [illegible] ਪਹਿਲਾ ਨਵੇਂ ਚੁਣੇ ਗਏ ਕਮੇਟੀ ਮੈਂਬਰਾ ਦੀ ਜਾਣ ਪਛਾਣ ਕਰਵਾਈ ਗਈ। ਮੀਟਿੰਗ ਦੀ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੀ ਸੂਬਾ ਪ੍ਰੈਸ ਸਕੱਤਰ ਦੀਪਾਂਜਲੀ ਭੱਟੀ ਨੇ ਦੱਸਿਆ ਕਿ ਮੀਟਿੰਗ ਵਿੱਚ ਫਾਰਮੇਸੀ ਅਫਸਰਾ ਦੀਆਂ ਮੁਸ਼ਕਿਲਾਂ ਬਾਰੇ ਚਰਚਾ ਕੀਤੀ ਗਈ। ਕੇਂਦਰ ਸਰਕਾਰ ਦੇ 10 ਜੂਨ 2026 ਦੇ ਨੋਟੀਫਿਕੇਸ਼ਨ ਅਨੁਸਾਰ ਤਨਖਾਹ ਸਕੇਲ ਅਤੇ ਅਹੁਦੇ /ਪੋਸਟਾਂ ਦੇ ਨਾਮ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ। ਮੀਟਿੰਗ ਵਿਚ ਮੌਕੇ ਤੇ ਵਿੱਤ ਸਕੱਤਰ ਮੀਨਾਕਸ਼ੀ ਧੀਰ, ਆਡੀਟਰ ਅਮਨਦੀਪ ਸਿੰਘ, ਪ੍ਰਬੰਧਕੀ ਸਕੱਤਰ ਬਲਵਿੰਦਰ ਸਿੰਘ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਸਫਾਈ ਕਰਮਚਾਰੀਆਂ ਨਾਲ ਚਟਾਨ ਵਾਂਗ ਖੜ੍ਹਾ : ਸਰਬਜੀਤ ਮੋਮੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ,ਪੰਡਿਤ ਮਿਥਲੇਸ਼)**- ਸਫਾਈ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਦੇ ਸੰਬੰਧ ਵਿੱਚ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ [illegible] ਸਫਾਈ ਕਰਮਚਾਰੀਆਂ ਨਾਲ ਚਟਾਨ ਵਾਂਗ ਖੜ੍ਹਾ ਹੈ। [illegible] ਨਗਰਾਂ, ਸ਼ਹਿਰਾਂ ਨੂੰ ਸਾਫ ਸੁਥਰਾ ਰੱਖਣ ਲਈ ਵਚਨਬੱਧ ਹੈ ਪਰ ਪੁਲਸ ਬਰਨਾਲਾ ਵਿਖੇ ਸਫਾਈ ਕਰਮਚਾਰੀਆਂ ਉੱਪਰ ਜੋ ਬੇਰਹਿਮੀ ਦੇ ਨਾਲ ਲਾਠੀਚਾਰਜ ਕੀਤਾ ਗਿਆ ਉਸ ਦੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ ਅਤੇ ਸਰਕਾਰ ਤੋਂ ਮੰਗ ਹੈ ਕਿ ਇਹ ਘਨਾਉਣੀ ਕਾਰਵਾਈ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉਹਨਾਂ ਹੋਰ ਕਿਹਾ ਕਿ ਸਰਕਾਰ ਕਿਸਾਨਾਂ, ਮਜ਼ਦੂਰਾਂ, ਦਲਿਤਾਂ, ਗਰੀਬਾਂ ਅਤੇ ਮੁਲਾਜ਼ਮਾਂ ਦੀ ਆਵਾਜ਼ ਨੂੰ ਦਬਾ ਨਹੀਂ ਸਕਦੀ ਅਤੇ ਉਹ ਸਾਰੇ ਲੋਕ ਆਪਣੀਆਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ ਕਰਦੇ ਰਹਿਣਗੇ। ਇਸ ਮੌਕੇ ਤੇ ਉਨਾਂ ਨਾਲ ਅੰਕੁਸ਼ ਹਰਦੋ ਖਾਨਪੁਰ ਹਲਕਾ ਪ੍ਰਧਾਨ ਐਸ ਸੀ ਵਿੰਗ ਸ਼ਾਮ 84, ਨਿਰਵੈਰ ਸਿੰਘ ਖੁੱਡਾ ਹਲਕਾ ਪ੍ਰਧਾਨ ਟਾਂਡਾ ਬੀ ਸੀ ਵਿੰਗ, ਅਮਰਜੀਤ ਕਲਸੀਆ, ਸੀਨੀਅਰ ਅਕਾਲੀ ਆਗੂ ਜਥੇਦਾਰ ਰਤਨ ਸਿੰਘ ਖੁੱਡਾ ,ਅਜੀਤ ਸਿੰਘ ਮੂਨਕਾਂ, ਸਾਬੀ ਰਾਜਪੁਰ, ਬਲਵਿੰਦਰ ਸਿੰਘ ਜੌਹਲ, ਤੋਂ ਇਲਾਵਾ ਹੋਰ ਅਕਾਲੀ ਵਰਕਰ ਵੀ ਹਾਜ਼ਰ ਸੀ।



# ਦੇਹਰੀਵਾਲ 'ਚ ਸਾਬਕਾ ਮੰਤਰੀ ਗਿਲਜੀਆਂ ਨੇ ਪਿੰਡ ਵਾਲੀਆਂ ਨੂੰ ਕੀਤਾ ਲਾਮਬੰਦ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਦੇਹਰੀਵਾਲ ਵਿਚ ਹੋਈ ਮੀਟਿੰਗ ਵਿਚ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਪਿੰਡ ਵਾਲਿਆਂ ਨੂੰ ਕਾਂਗਰਸ ਪਾਰਟੀ ਦੇ ਹੱਕ ਵਿਚ ਲਾਮਬੰਦ ਕੀਤਾ ਹੈ। ਇਸ ਮੌਕੇ ਜ਼ਿਲਾ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ, ਬਲਾਕ ਪ੍ਰਧਾਨ ਅਵਤਾਰ ਸਿੰਘ ਖੱਖ ਅਤੇ ਯੂਥ ਪ੍ਰਧਾਨ ਰਵੀ ਵੀ ਮੌਜੂਦ ਸਨ। ਇਸ ਮੌਕੇ ਸਾਬਕਾ ਮੰਤਰੀ ਗਿਲਜੀਆਂ ਨੇ ਕਾਂਗਰਸ ਪਾਰਟੀ ਦੀ [illegible] ਵਿਚਾਰਧਾਰਾ ਨਾਲ ਜੋੜਦੇ ਹੋਏ ਆਖਿਆ ਕਿ ਪਿੰਡਾਂ ਵਾਸੀਆਂ ਨੂੰ ਰੁਜ਼ਗਾਰ ਦੀ ਗਰੰਟੀ ਦੇਣ ਵਾਲੀ ਮਨਰੇਗਾ ਸਕੀਮ ਨੂੰ ਬੰਦ ਕਰਕੇ ਜੀ ਰਾਮ ਜੀ ਸਕੀਮ ਨੂੰ ਲਾਗੂ ਕਰਨ ਵਾਲੀਆਂ ਕੇਂਦਰ ਸਰਕਾਰ ਨੇ ਰੋਜ਼ਗਾਰ ਖੋਹ ਲਿਆ ਹੈ ਅਤੇ ਇਸ ਦੇ ਨਾਲ ਪਿੰਡਾਂ ਦਾ ਵਿਕਾਸ ਵੀ ਪਿੱਛੜ ਜਾਵੇਗਾ । ਉਨ੍ਹਾਂ ਆਖਿਆ ਕਿ ਕਿਸਾਨ ਕਿਰਤੀ ਅਤੇ ਮੁਲਜ਼ਮ ਵਰਗ ਸਰਕਾਰ ਦੀਆਂ ਨਕਾਰਾ ਅਤੇ ਡੰਗ ਟਪਾਊ ਨੀਤੀਆਂ ਕਾਰਨ ਦੁਖੀ ਹੈ। ਉਨ੍ਹਾਂ ਆਖਿਆ ਕਿ ਮੁਲਾਜ਼ਮ ਤੇ ਬੇਰੋਜਗਾਰ ਸੜਕਾਂ ਤੇ ਉੱਤਰ ਕੇ ਸਰਕਾਰ ਦਾ ਪਿੱਟ ਸਿਆਪਾ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਸਰਕਾਰ ਤੋਂ ਮੁਕਤੀ ਦਿਵਾ ਕੇ ਕਾਂਗਰਸ ਪਾਰਟੀ ਸਰਕਾਰ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰੇਗੀ । ਇਸ ਮੌਕੇ ਹਰਮੇਸ਼ ਬਸੀਜਲਾਲ, ਵਿਜੇ ਪਾਲ, ਕੁਲਦੀਪ ਸਿੰਘ, ਮਾਸਟਰ ਸੁਖਦਿਆਲ ਸਿੰਘ, ਮਨਪ੍ਰੀਤ ਸਿੰਘ, ਹਰਮੇਸ਼ ਬੱਸੀ ਜਲਾਲ, ਵਿਜ ਕੁਮਾਰ, ਜਸਕਰਨ ਸਿੰਘ, ਕੁਲਵਿੰਦਰ ਸਿੰਘ, ਹਰ ਕਿੰਦਰ ਸਿੰਘ, ਮੋਹਿਤ ਕੁਮਾਰ, ਗੁਰਚਰਨ ਸਿੰਘ, ਉੱਜਲ ਸਿੰਘ, ਸੁਦੇਸ਼ ਕੁਮਾਰੀ, ਸਤਨਾਮ ਸਿੰਘ, ਅਨਵਰ ਬਿੱਟੂ, ਰਕੇਸ਼ ਕੁਮਾਰ, ਧਰਮਪਾਲ, ਤਰਸੇਮ ਸਿੰਘ, ਵਿਲੀਅਮ, ਤਰਸੇਮ, ਰਵਿੰਦਰ ਸਿੰਘ ਰਵੀ, ਲੱਭੂ, ਨੰਬਰਦਾਰ ਹੰਸ ਰਾਜ, ਜਸਕਰਨ ਸਿੰਘ, ਗਿਆਨ ਚੰਦ, ਸ਼ਿੰਗਾਰਾ ਸਿੰਘ ਫੌਜੀ, ਪ੍ਰਤਾਪ ਸਿੰਘ ਤੇ ਅਨਿਲ ਪਿੰਕਾ ਮੌਜੂਦ ਸਨ।



# ਸਮਾਰਟ ਸਕੂਲ ਵਿਖੇ ਇੰਡੋਰ ਤੇ ਆਊਟਡੋਰ ਗਤੀਵਿਧੀਆਂ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਸੂਰਾ ਸਿੰਘ ਵਿਖੇ ਸਟੂਡੈਂਟ ਪੁਲਿਸ ਕੈਡਿਟ ਐਸ.ਪੀ.ਸੀ. ਸਕੀਮ ਦੇ ਅਧੀਨ ਇੰਡੋਰ ਅਤੇ ਆਊਟਡੋਰ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਇੰਡੋਰ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਨਾਲ ਸਿਮਪਥੀ ਅਤੇ ਐਂਪਥੀ ਵਿਸ਼ੇ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਸਿੰਪਥੀ ਦਾ ਅਰਥ ਕਿਸੇ ਵਿਅਕਤੀ ਦੇ ਦੁੱਖ ਜਾਂ ਮੁਸ਼ਕਲ ਪ੍ਰਤੀ ਹਮਦਰਦੀ ਪ੍ਰਗਟ ਕਰਨਾ ਹੁੰਦਾ ਹੈ, ਜਦਕਿ ਐਂਪਥੀ ਦਾ ਅਰਥ ਉਸ ਵਿਅਕਤੀ ਦੀਆਂ ਭਾਵਨਾਵਾਂ ਨੂੰ ਖੁਦ ਮਹਿਸੂਸ ਕਰਦਿਆਂ ਉਸ ਦੇ ਨਜ਼ਰੀਏ ਨੂੰ ਸਮਝਣਾ ਅਤੇ ਉਸ ਦਾ ਸਾਥ ਦੇਣਾ ਹੁੰਦਾ ਹੈ। ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਐਂਪਥੀ ਸਮਾਜ ਵਿੱਚ ਆਪਸੀ ਵਿਸ਼ਵਾਸ, ਸਹਿਯੋਗ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਬਣਾਉਂਦੀ ਹੈ। ਇਸ ਤੋਂ ਬਾਅਦ ਆਊਟਡੋਰ ਗਤੀਵਿਧੀ ਅਧੀਨ ਵਿਦਿਆਰਥੀਆਂ ਨੂੰ ਟੀਮ ਵਰਕ, ਅਨੁਸ਼ਾਸਨ, ਆਪਸੀ ਸਹਿਯੋਗ ਅਤੇ ਲੀਡਰਸ਼ਿਪ ਦੀ ਭਾਵਨਾ ਵਿਕਸਿਤ ਕਰਨ ਲਈ ਵੱਖ-ਵੱਖ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਸਾਰੀ ਟੀਮ ਨੇ ਬੂਟੇ ਲਗਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਚ ਯੋਗਦਾਨ ਪਾਇਆ। ਸਕੂਲ ਸਟਾਫ ਵਿਚ ਸ੍ਰੀ ਰਣਜੀਤ ਸਿੰਘ, ਸਤਨਾਮ ਸਿੰਘ, ਮਨੋਜ ਕੁਮਾਰ ਬੰਗਾ ਤੇ ਐਸ ਪੀ ਸੀ ਇੰਚਾਰਜ ਗੁਰਿੰਦਰ ਸਿੰਘ ਹਾਜ਼ਰ ਸਨ।



# ਐੱਮ ਏ ਅਰਥ ਸ਼ਾਸਤਰ ਦੇ ਸ਼ਾਨਦਾਰ ਨਤੀਜੇ ਵਾਲੀਆਂ ਵਿਦਿਆਰਥਣਾਂ ਸਨਮਾਨਤ



**ਮਾਹਿਲਪੁਰ (ਸ.ਫਰੀ)**- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਐਲਾਨੇ ਨਤੀਜਿਆਂ ਵਿੱਚ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐੱਮ ਏ ਅਰਥ ਸ਼ਾਸਤਰ ਦੇ ਸਮੈਸਟਰ ਦੂਜਾ ਵਿੱਚ ਸ਼ਾਨਦਾਰ ਨਤੀਜਾ ਹਾਸਿਲ ਕਰਨ ਵਾਲੀਆਂ ਵਿਦਿਆਰਥੀਆਂ ਨੂੰ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰੀ , ਖਜ਼ਾਨਚੀ ਵੀਰੇਇੰਦਰ ਸ਼ਰਮਾ, ਮੰਗਲਜੀਤ ਸਿੰਘ ਲਾਲੀ, ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਜਸਵੰਤ ਸਿੰਘ, ਬੀ.ਐੱਡ ਕਾਲਜ ਦੇ ਪ੍ਰਿੰਸੀਪਲ ਢਾ ਰੋਹਤਾਂਸ਼ ਅਤੇ ਵਿਭਾਗ ਦੇ ਮੁਖੀ ਪ੍ਰੋ ਜਸਵਿੰਦਰ ਸਿੰਘ ਅਤੇ ਸਟਾਫ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਪ੍ਰੋ ਜਸਵਿੰਦਰ ਸਿੰਘ ਨੇ ਦੱਸਿਆ ਕਿ ਐੱਮ ਏ ਅਰਥ ਸ਼ਾਸਤਰ ਦੇ ਸਮੈਸਟਰ ਦੂਜਾ ਦੇ ਨਤੀਜੇ ਵਿੱਚ ਵਿਦਿਆਰਥਣ ਸਾਨੀਆ ਨੇ 78 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਸੋਹਾਨੀ ਜਸਵਾਲ ਨੇ 76 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਵਦੀਪ ਕੌਰ ਨੇ 66 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਅਤੇ ਹਾਜ਼ਰ ਸਟਾਫ ਨੇ ਵਿਦਿਆਰਥਣਾਂ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ ਅਤੇ ਹੋਰ ਮਿਹਨਤ ਲਈ ਪ੍ਰੇਰਿਆ। ਸਮਾਰੋਹ ਮੌਕੇ ਲੇਖਕ ਬਲਜਿੰਦਰ ਮਾਨ, ਡਾ ਜੇ ਬੀ ਸੇਖੋਂ, ਡਾ ਰਾਕੇਸ਼ ਕੁਮਾਰ, ਪ੍ਰੋ ਅਨੁਰਾਧਾ, ਪਰੋ ਅਮਨਦੀਪ ਆਦਿ ਵੀ ਹਾਜ਼ਰ ਸਨ।

# 1,340 ਵਿਦਿਆਰਥੀਆਂ ਨੂੰ ਮਿਲੀ ਸਿਹਤ ਤੇ ਮੁੱਢਲੀ ਸਹਾਇਤਾ ਦੀ ਸਿਖਲਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਵਿਦਿਆਰਥੀਆਂ ਨੂੰ ਸਿਹਤ, ਮੁੱਢਲੀ ਸਹਾਇਤਾ (ਫਸਟ ਏਡ) ਅਤੇ ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਸਹਾਇਤਾ ਸਬੰਧੀ ਜਾਗਰੂਕ ਕਰਨ ਦੇ ਉਦੇਸ਼ ਨਾਲ 'ਮਿਸ਼ਨ ਸਵਸਥ ਕਵਚ' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮਿਸ਼ਨ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ ਵਿਖੇ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਗੁਰਕੰਵਲ ਸਿੰਘ ਅਤੇ ਵਧੀਕ ਸਹਾਇਕ ਕਮਿਸ਼ਨਰ ਗੁਰਪ੍ਰੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰੋਗਰਾਮ ਦੌਰਾਨ 1,340 ਵਿਦਿਆਰਥੀਆਂ ਅਤੇ 20 ਅਧਿਆਪਕਾਂ ਨੂੰ ਸਿਖਲਾਈ ਦਿੱਤੀ ਗਈ। ਅਧਿਆਪਕਾਂ ਨੂੰ ਡਾ. ਹਰਨੀਤ ਖੁਰਾਨਾ ਵੱਲੋਂ ਸਿਖਲਾਈ ਦਿੱਤੀ ਗਈ, ਜਦਕਿ ਵਿਦਿਆਰਥੀਆਂ ਨੂੰ ਕਲਾਸ-ਦਰ-ਕਲਾਸ ਜਾ ਕੇ ਵਿਹਾਰਕ (ਹੈਂਡਜ਼-ਆਨ) ਸਿਖਲਾਈ ਪ੍ਰਦਾਨ ਕੀਤੀ ਗਈ, ਤਾਂ ਜੋ ਉਹ ਸਿਹਤ ਸੰਬੰਧੀ ਐਮਰਜੈਂਸੀ ਸਥਿਤੀਆਂ ਵਿੱਚ ਸਹੀਫੈਸਲੇ ਲੈਣ ਅਤੇ ਮੁੱਢਲੀ ਸਹਾਇਤਾ ਦੇਣ ਦੇ ਯੋਗ ਬਣ ਸਕਣ। ਸਿਖਲਾਈ ਪ੍ਰੋਗਰਾਮ ਵਿੱਚ ਮਾਹਿਰ ਟੀਮ ਦੇ ਮੈਂਬਰ ਡਾ. ਹਰਨੀਤ ਖੁਰਾਨਾ, ਡਾ. ਗਲੋਰੀ ਐਰਿਕ, ਵਰਿੰਦਰ ਸਿੰਘ, ਕਲਪਨਾ ਜੈਨ, ਸਰਵੋਤਮ ਰਾਮਨਾਥਨ, ਹੀਨਾ ਮਿਗਲਾਨੀ ਅਤੇ ਰਾਹੁਲ ਠਾਕੁਰ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਸਿਹਤ ਅਤੇ ਸੁਰੱਖਿਆ ਸਬੰਧੀ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਟੀਮ ਵੱਲੋਂ ਮੁੱਢਲੀ ਸਹਾਇਤਾ, ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਪ੍ਰਤੀਕਿਰਿਆ, ਸਫ਼ਾਈ ਅਤੇ ਜੀਵਨ ਰੱਖਿਆ ਉਪਾਵਾਂ ਦਾ ਵਿਹਾਰਕ ਪ੍ਰਦਰਸ਼ਨ ਵੀ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਪ੍ਰੋਗਰਾਮ ਵਿੱਚ ਆਰਬੀਐੱਸਕੇ ਤੋਂ ਡਾ. ਵਿਵੇਕ, ਦੋ ਨਰਸਿੰਗ ਐਜੂਕੇਟਰ ਅਤੇ ਦਸ ਏਐਨਐਮਜ਼ ਨੇ ਵੀ ਸਰਗਰਮ ਭਾਗੀਦਾਰੀ ਨਿਭਾਈ ਅਤੇ ਸਿਖਲਾਈ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 'ਮਿਸ਼ਨ ਸਵਸਥ ਕਵਚ' ਦਾ ਉਦੇਸ਼ ਵਿਦਿਆਰਥੀਆਂ ਨੂੰ ਕੇਵਲ ਸਿਹਤ ਸਬੰਧੀ ਜਾਣਕਾਰੀ ਦੇਣਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਅਜਿਹੇ ਵਿਹਾਰਕ ਜੀਵਨ-ਕੌਸ਼ਲ ਨਾਲ ਵੀ ਲੈਸ ਕਰਨਾ ਹੈ, ਜੋ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਉਨ੍ਹਾਂ ਅਤੇ ਹੋਰ ਲੋਕਾਂ ਦੀ ਜ਼ਿੰਦਗੀ ਬਚਾਉਣ ਵਿੱਚ ਸਹਾਇਕ ਸਾਬਤ ਹੋਣ।



# ਰਾਜਿੰਦਰ ਸਿੰਘ ਧੀਮਾਨ ਦੀ ਪੁਸਤਕ ਦਾ ਲੋਕ-ਅਰਪਣ ਅੱਜ

**ਚੰਡੀਗੜ੍ਹ (ਸੁਰਜੀਤ ਸੁਮਨ)**- ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਟੀ ਐੱਸ ਸੈਂਟਰਲ ਸਟੇਟ ਲਾਇਬਰੇਰੀ ਦੇ ਸਹਿਯੋਗ ਨਾਲ ਲਾਇਬਰੇਰੀ ਵਿਖੇ ਰਾਜਿੰਦਰ ਸਿੰਘ ਧੀਮਾਨ ਦੀ ਇੰਗਲੈਂਡ ਯਾਤਰਾ ਦੀ ਅੰਗ੍ਰੇਜ਼ੀ ਪੁਸਤਕ 'ਦੀ ਯੂ ਕੇ ਜਰਨੀ ਏ ਡਰੀਮ ਟਰਿਪ ਟੂ ਲੰਡਨ ਐਂਡ ਐਡਿਨਬਰਗ' 31 ਜੁਲਾਈ ਨੂੰ ਸਵੇਰੇ 10.30 ਵਜੇ ਲੋਕ ਅਰਪਣ ਕੀਤੀ ਜਾਵੇਗੀ। ਸਮਾਗਮ ਦੇ ਮੁੱਖ ਮਹਿਮਾਨ ਡਾ. ਦੀਪਕ ਮਨਮੋਹਨ ਸਿੰਘ ਹੋਣਗੇ, ਜਦਕਿ ਡਾ.ਸ਼ਿੰਦਰਪਾਲ ਸਿੰਘ ਤੇ ਡਾ. ਨੀਜਾ ਸਿੰਘ ਵਿਸ਼ੇਸ਼ ਮਹਿਮਾਨ ਹੋਣਗੇ। ਕੇਂਦਰ ਦੇ ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਿੰਸੀਪਲ ਗੁਰਦੇਵ ਪਾਲ ਪ੍ਰਧਾਨਗੀ ਕਰਨਗੇ ਅਤੇ ਪੁਸਤਕ ਬਾਰੇ ਪਰਚਾ ਜਸਵਿੰਦਰ ਸਿੰਘ ਕਾਈਨੌਰ ਪੜ੍ਹਨਗੇ। ਡਾ. ਅਵਤਾਰ ਸਿੰਘ ਪਤੰਗ, ਡਾ. ਹਰਦੀਪ ਕੌਰ ਅਤੇ ਦਲਬੀਰ ਸਰੋਆ ਇਸ ਕਿਤਾਬ ਬਾਰੇ ਵਿਚਾਰ ਚਰਚਾ ਵਿੱਚ ਭਾਗ ਲੈਣਗੇ। ਉਨ੍ਹਾਂ ਕਿਹਾ ਕਿ ਸਮਾਗਮ ਵਿਚ ਚੰਡੀਗੜ੍ਹ, ਮੋਹਾਲੀ, ਪੰਚਕੂਲਾ, ਖਰੜ, ਮੋਰਿੰਡਾ ਅਤੇ ਸਰਹਿੰਦ ਤੋਂ ਸਾਹਿਤਕਾਰ, ਵਿਦਵਾਨ ਸੱਜਣ ਤੇ ਬੁੱਧੀਜੀਵੀ ਸ਼ਾਮਲ ਹੋ ਰਹੇ ਹਨ।



# ਮਾਂਵਾਂ-ਧੀਆਂ ਸਤਿਕਾਰ ਯੋਜਨਾ ਦੇ ਫਾਰਮ ਤੇ ਹੈੱਲਥ ਕਾਰਡ ਬਣਾਉਣ ਸੰਬੰਧੀ ਕੈਂਪ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਤਹਿਤ 10 ਲੱਖ ਤੱਕ ਦੇ ਫਰੀ ਇਲਾਜ ਵਾਲੇ ਹੈਲਥ ਕਾਰਡ ਅਤੇ ਮਾਂਵਾਂ ਧੀਆਂ ਸਤਿਕਾਰ ਯੋਜਨਾ ਦੇ ਤਹਿਤ ਜਨਰਲ ਵਰਗ ਦੀਆਂ ਔਰਤਾਂ ਦੇ ਹਜ਼ਾਰ ਰੁਪਏ ਵਾਲੇ ਅਤੇ ਐਸਸੀ ਵਰਗ ਦੀਆਂ ਔਰਤਾਂ ਦੇ 1500 ਰੁਪਏ ਵਾਲੇ ਫਾਰਮ ਭਰਨ ਸਬੰਧੀ ਹਲਕਾ ਇੰਚਾਰਜ ਆਦਮਪੁਰ ਪਵਨ ਕੁਮਾਰ ਟੀਨੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਲਕਾ ਆਦਮਪੁਰ ਦੇ ਪਿੰਡ ਕਿਸ਼ਨਗੜ੍ਹ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ। ਕਿਸ਼ਨਗੜ੍ਹ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਕੈਂਪ ਦਾ ਲਾਭ ਪ੍ਰਾਪਤ ਕੀਤਾ। ਇਹ ਕੈਂਪ 2 ਅਗਸਤ ਤੱਕ ਨਿਰੰਤਰ ਚਲਦਾ ਰਹੇਗਾ।

# ਸੇਵਾਮੁਕਤ ਐਨ ਪੀ ਐਸ ਮੁਲਾਜ਼ਮ ਮਜ਼ਦੂਰੀ ਕਰਕੇ ਕਰ ਰਹੇ ਘਰ ਦਾ ਗੁਜ਼ਾਰਾ



**ਮਹਿਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਜੀ.ਟੀ.ਯੂ ਦੇ ਆਗੂਆਂ ਨਰਿੰਦਰ ਅਜਨੋਹਾ, ਉਂਕਾਰ ਸਿੰਘ ਅਤੇ ਕੁਲਦੀਪ ਸਿੰਘ ਵਾਲੀਆ ਨੇ ਕਿਹਾ ਕਿ ਸੇਵਾਮੁਕਤ ਐਨ ਪੀ ਐਸ ਮੁਲਾਜ਼ਮ ਹਾਕਮ ਸਿੰਘ ਖਨੌੜਾ ਮੋਟਰਸਾਈਕਲ ਤੇ ਸਬਜ਼ੀ ਦੀ ਫੇਰੀ ਲਾ ਕੇ ਘਰ ਦਾ ਗੁਜ਼ਾਰਾ ਕਰ ਰਿਹਾ ਹੈ ਅਤੇ ਕਈ ਹੋਰ ਵੀ ਅਜਿਹੇ ਸੇਵਾਮੁਕਤ ਐਨ.ਪੀ.ਐੱਸ ਕਰਮਚਾਰੀ ਹਨ ਜੋ ਮੌਜੂਦਾ ਸਮੇਂ ਦਿਹਾੜੀ, ਵੈਲਡਿੰਗ ਕਰਨ ਜਾਂ ਹੋਰ ਮਜਦੂਰੀ ਦਾ ਕੰਮ ਕਰ ਰਹੇ ਹਨ ਅਤੇ ਬੜੀ ਮੁਸ਼ਕਿਲ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਰਹੇ ਹਨ।ਆਗੂਆਂ ਨੇ ਕਿਹਾ ਕਿ ਹਾਕਮ ਸਿੰਘ ਖਨੌੜਾ ਨੂੰ ਪ੍ਰਤੀ ਮਹੀਨਾ ਪੈਨਸ਼ਨ 4800 ਰੁਪਏ, ਜਸਵੀਰ ਸਿੰਘ ਈਸਪੁਰ ਨੂੰ 1000 ਰੁਪਏ, ਮਲਕੀਤ ਸਿੰਘ ਖੜਕੰਦੀ ਨੂੰ 2300 ਰੁਪਏ ਅਤੇ ਅਜਿਹੇ ਕਈ ਹੋਰ ਵੀ ਸੇਵਾਮੁਕਤ ਐਨ.ਪੀ.ਐੱਸ ਕਰਮਚਾਰੀ ਹਨ ਜਿਹਨਾਂ ਨੂੰ ਨਿਗੂਣੀ ਨਾਮਾਤਰ ਜਿਹੀ ਪੈਨਸ਼ਨ ਲੱਗੀ ਹੈ ਜਿਸ ਨਾਲ ਘਰ ਦਾ ਗੁਜ਼ਾਰਾ ਕਰਨਾ ਬਹੁਤ ਔਖਾ ਸੀ, ਮਜਬੂਰੀ ਬਸ ਉਹਨਾਂ ਨੂੰ ਸਬਜ਼ੀ ਦੀ ਫੇਰੀ ਦੀ ਮਜਦੂਰੀ ਕਰਨੀ ਪੈ ਰਹੀ ਹੈ ਜਦਕਿ ਵਿਧਾਇਕ, ਮੰਤਰੀ, ਸੰਸਦ ਮੈਂਬਰ ਉਮਰ ਭਰ ਕਈ ਕਈ ਵਾਰ ਦੀਆਂ ਪੈਨਸ਼ਨਾਂ ਲੈ ਰਹੇ ਹਨ।ਇਸ ਮੌਕੇ ਜਸਵਿੰਦਰ ਸਿੰਘ, ਉਂਕਾਰ ਸਿੰਘ, ਪਰਮਜੀਤ ਸਿੰਘ, ਕੁਲਦੀਪ ਸਿੰਘ ਕੌੜਾ, ਬਲਜੀਤ ਸਿੰਘ, ਸਰਬਜੀਤ ਸਿੰਘ, ਬਲਜਿੰਦਰ ਸਿੰਘ, ਹਰਮੇਲ ਸਿੰਘ, ਸੁਖਜਿੰਦਰ ਸਿੰਘ, ਪਰਮਿੰਦਰ ਸਿੰਘ, ਲਖਵੀਰ ਸਿੰਘ, ਅਮਰੀਕ ਸਿੰਘ, ਗੁਰਮੇਜ ਸਿੰਘ ਆਦਿ ਹਾਜ਼ਰ ਸਨ।



# ਵਿਧਾਇਕ ਵੱਲੋਂ ਸਤਲੁਜ ਦਰਿਆ ਬੰਨ੍ਹ ਸੰਗੋਵਾਲ ਦੀ ਮਜ਼ਬੂਤੀ ਦਾ ਜਾਇਜ਼ਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਤਲੁਜ ਦਰਿਆ ਬੰਨ੍ਹ ਸੰਗੋਵਾਲ ਦੀ ਮਜਬੂਤੀ ਦਾ ਜਾਇਜ਼ਾ ਲੈਣ ਪੁੱਜੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਇੱਥੇ ਪੱਥਰ ਨਾਲ ਮਜਬੂਤੀ ਦਾ ਕੰਮ ਬੜਾ ਸ਼ਲਾਘਾਯੋਗ ਹੋਇਆ ਜਿਸ ਉੱਪਰ ਸੱਤ ਕਰੋੜ ਰੁਪਏ ਖਰਚਿਆ ਗਿਆ। ਬੀਬੀ ਮਾਨ ਨੇ ਆਖਿਆ ਕਿ ਪਿਛਲੇ ਸਾਲ ਇੱਥੇ ਬੰਨ੍ਹ ਨੂੰ ਖਤਰਾ ਹੋ ਗਿਆ ਸੀ, ਹਰ ਕੋਈ ਇੱਥੇ ਪੁੱਜਿਆ ਸੀ। ਉਹਨਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇੱਥੇ ਸਿੰਚਾਈ ਮੰਤਰੀ ਵੀ ਦੌਰਾ ਕਰਨਗੇ। ਇਸ ਮੌਕੇ ਤੇ ਐਸ.ਡੀ.ਓ ਸਿੰਚਾਈ ਵਿਭਾਗ ਸਰਤਾਜ, ਪੁਲਸ ਵਿਭਾਗ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ ਜਿਨਾਂ ਦੇ ਵਿੱਚ, ਰੇਸ਼ਮਾ ਸਰਪੰਚ ਹਲਕਾ ਕੋਆਰਡੀਨੇਟਰ, ਜਸਵੀਰ ਸਿੰਘ ਸੰਗੋਵਾਲ ਬਲਾਕ ਪ੍ਰਧਾਨ, ਪ੍ਰਧਾਨ ਗੁਰਨਾਮ ਸਿੰਘ ਬਿਲਗਾ, ਬਲਵੀਰ ਸਿੰਘ ਪੁਆਦੜਾ, ਬਲਵੀਰ ਸਿੰਘ ਸੰਗੋਵਾਲ, ਗੁਰਦੇਵ ਸਿੰਘ ਸਰਪੰਚ ਭੁੱਲਰ, ਹਜ਼ਾਰਾ ਸਿੰਘ ਸੰਗੋਵਾਲ ,ਬਲਜੀਤ ਸਿੰਘ ਪੰਚ, ਬਲਜੀਤ ਸਿੰਘ ਪੁਆਦੜਾ, ਸਾਹਿਲ ਬਿਲਗਾ, ਪਰਮਜੀਤ ਸਿੰਘ ਬੁਰਜ ਹਸਨ, ਬਲਰਾਜ ਕੌਰ, ਬਲਕਾਰ ਸਿੰਘ ਸਰਪੰਚ ਡਾਕਟਰ ਹੰਸਰਾਜ ਸੁਰਜੀਤ ਸਿੰਘ ਅਤੇ ਹੋਰ ਮੌਕੇ ਤੇ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਸੋਮ ਪ੍ਰਕਾਸ਼ ਨੇ ਵੰਡੇ ਸਰਟੀਫਿਕੇਟ

**ਫਗਵਾੜਾ (ਜਸਵਿੰਦਰ ਢੱਡਾ)**- ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਫਗਵਾੜਾ ਵਲੋਂ ਕਮਿਊਨਿਟੀ ਸਰਵਿਸ ਪ੍ਰੋਜੈਕਟ ਨੂੰ ਸਫ਼ਲਤਾਪੂਰਵਕ ਪੂਰਾ ਕਰਨ ਵਾਲੇ ਯੂਨੀਵਰਸਿਟੀ ਵਿਦਿਆਰਥੀਆਂ ਲਈ ਸਰਟੀਫਿਕੇਟ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਅਰਬਨ ਅਸਟੇਟ ਫਗਵਾੜਾ ਵਿਖੇ ਸੰਸਥਾ ਵੱਲੋਂ ਸੰਚਾਲਿਤ ਸੈਨੇਟਰੀ ਪੈਡ ਨਿਰਮਾਣ ਯੂਨਿਟ ਵਿੱਚ ਕਲੱਬ ਦੇ ਉਪ ਪ੍ਰਧਾਨ ਹਰਜਿੰਦਰ ਗੋਗਨਾ ਦੀ ਅਗਵਾਈ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਭੇਟ ਕੀਤੇ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾਉਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਨੌਜਵਾਨਾਂ ਦੀ ਸਮਾਜਿਕ ਸੇਵਾ ਵਿੱਚ ਭਾਗੀਦਾਰੀ ਨਾਲ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ ਜਾ ਸਕਦਾ ਹੈ। ਸਾਬਕਾ ਮੰਤਰੀ ਨੇ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਵੱਲੋਂ ਖ਼ੂਨਦਾਨ ਅਤੇ ਹੋਰ ਲੋਕ ਭਲਾਈ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਹਰਜਿੰਦਰ ਗੋਗਨਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ, ਲੀਡਰਸ਼ਿਪ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ । ਵਿਦਿਆਰਥੀਆਂ ਨਮਨ ਕ੍ਰਿਸ਼ਨ ਗੁਪਤਾ, ਹਰਪ੍ਰੀਤ ਕੌਰ , ਆਸਥਾ, ਅਗਮਜੋਤ ਸਿੰਘ, ਤਰੁਣ ਠਾਕੁਰ, ਅਕਸ਼ਿਤਾ, ਅਮਿਤ ਕੁਮਾਰ, ਯਸ਼ਵੰਤ, ਯਕਸ਼ਿਤਾ, ਮਾਧਵ ਸ਼ਰਮਾ, ਖ਼ੁਸ਼ੀ, ਵੈਭਵ ਚੋਪੜਾ, ਆਰਸ਼ੀ ਸ਼ਰਮਾ, ਸੁਖਮਨ ਕੌਰ, ਅਕਸ਼ਿਤਾ ਵਰਮਾ, ਯਸ਼ਵੰਤ ਦਸੌਂੜ, ਹਰਸਿਮਰਨ ਸਿੰਘ, ਰਾਜਿੰਦਰ ਸਿੰਘ, ਅਮਿਤ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਕਾਰਨ ਉਨ੍ਹਾਂ ਦੀ ਸਮਾਜ ਭਲਾਈ ਲਈ ਸੋਚ ਸਕਾਰਾਤਮਿਕ ਅਤੇ ਦ੍ਰਿੜ ਹੋਈ ਹੈ ਅਤੇ ਸੇਵਾ ਕਾਰਜ ਵਿੱਚ ਭਾਗ ਲੈ ਕੇ ਉਨ੍ਹਾਂ ਨੂੰ ਮਾਨਸਿਕ ਸਕੂਨ ਅਤੇ ਸੰਤੁਸ਼ਟੀ ਦਾ ਅਹਿਸਾਸ ਹੋਇਆ ਹੈ ।




# ਮੋਤੀਆਬਿੰਦ ਦੇ ਮਰੀਜ਼ਾਂ ਦੇ ਮੁਫ਼ਤ ਅਪ੍ਰੇਸ਼ਨ ਕਰਵਾਏ



**ਕਰਤਾਰਪੁਰ (ਹਰਮੇਸ਼ ਦੱਤ)** ਕਮਿਊਨਿਟੀ ਹੈਲਥ ਸੈਂਟਰ ਕਰਤਾਰਪੁਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਨੇਤਰ ਜਾਂਚ ਕੈਂਪ ਲਗਾ ਕੇ ਲੋਕਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਸਮੇਂ ਸਿਰ ਇਲਾਜ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

ਇਨ੍ਹਾਂ ਕੈਂਪਾਂ ਦੌਰਾਨ ਇੱਕ ਹੀ ਦਿਨ ਵਿੱਚ 200 ਤੋਂ ਵੱਧ ਵਿਅਕਤੀਆਂ ਦੀ ਅੱਖਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 30 ਮੋਤੀਆਬਿੰਦ ਦੇ ਮਰੀਜ਼ਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਮੁਫ਼ਤ ਆਪ੍ਰੇਸ਼ਨ ਲਈ ਸਿਵਿਲ ਹਸਪਤਾਲ ਜਲੰਧਰ ਭੇਜਿਆ ਗਿਆ ।ਇਹ ਕੈਂਪ ਸਿਵਲ ਸਰਜਨ ਜਲੰਧਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵਿੰਦਰ ਕੌਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤੇ ਗਏ। ਕੈਂਪਾਂ ਦੌਰਾਨ ਨੇਤਰ ਜਾਂਚ ਦਾ ਕੰਮ ਨੇਤਰ ਅਫ਼ਸਰ ਕ੍ਰਿਸ਼ਨਾ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਲੋਕਾਂ ਦੀ ਵਿਸਥਾਰਪੂਰਵਕ ਜਾਂਚ ਕਰਕੇ ਲੋੜ ਅਨੁਸਾਰ ਸਲਾਹ ਅਤੇ ਇਲਾਜ ਲਈ ਰੈਫਰ ਕੀਤਾ।ਕੈਂਪਾਂ ਦੇ ਸੁਚੱਜੇ ਪ੍ਰਬੰਧ ਬਲਾਕ ਐਕਸਟੈਂਸ਼ਨ ਐਜੂਕੇਟਰ ਹਿਮਾਲਿਆ ਪ੍ਰਕਾਸ਼ ਵੱਲੋਂ ਕੀਤੇ ਗਏ। ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਅੱਖਾਂ ਨਾਲ ਸੰਬੰਧਿਤ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਜ਼ਰੂਰ ਕਰਵਾਉਣ, ਤਾਂ ਜੋ ਅੱਖਾਂ ਦੀ ਰੌਸ਼ਨੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

# 'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ' ਰਿਲੀਜ਼

**ਕਪੂਰਥਲਾ (ਮਨਜੀਤ ਮਾਨ)**- ਭਾਈ ਜਗਤਾਰ ਸਿੰਘ ਰਾਹੀ ਅਤੇ ਭਾਈ ਗੁਰਮੁੱਖ ਸਿੰਘ ਪੰਕਜ ਦਾ ਗੁਰਬਾਣੀ ਸ਼ਬਦ 'ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ' 'ਸਵਰਬਾਣੀ ਰਿਕਾਰਡ' ਕੰਪਨੀ ਵਲੋਂ ਵੱਡੇ ਪੱਧਰ ਵਲਡਵਾਈਡ ਰਿਲੀਜ਼ ਕੀਤਾ ਗਿਆ। ਕੰਪਨੀ ਦੇ ਪ੍ਰੋਡਿਊਸਰ ਭਾਈ ਗੁਰਮੁੱਖ ਸਿੰਘ ਪੰਕਜ ਸੰਧੂ ਚੱਠਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਇਸ ਨੂੰ ਸਵਰਬਾਣੀ ਰਿਕਾਰਡ ਦੇ ਯੂ ਟਿਊਬ ਚੈਨਲ ਤੇ 31 ਜੁਲਾਈ ਨੂੰ ਅਤੇ ਹੋਰ ਸਾਰੇ ਪਲੇਟਫਾਰਮਾਂ ਤੇ ਵਡੇ ਪੱਧਰ ਤੇ ਰਿਲੀਜ਼ ਕੀਤਾ ਜਾਏਗਾ।



# ਕੇ ਸੀ ਐੱਸ ਆਰ ਫੁੱਟਪ੍ਰਿੰਟ 10.77 ਕਰੋੜਾਂ ਲੋਕਾਂ ਤੱਕ ਪਹੁੰਚਿਆ

**ਜਲੰਧਰ**- ਐਚ ਡੀ ਐਫ ਸੀ ਬੈਂਕ ਨੇ ਆਪਣੀਆਂ ਸੀ ਐਸ ਆਰ ਪਹਿਲਕਦਮੀਆਂ ਰਾਹੀਂ 10.77 ਕਰੋੜਾਂ ਤੋਂ ਵੱਧ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਇਸਦਾ ਛਤਰੀ ਪ੍ਰੋਗਰਾਮ ਪਰਿਵਰਤਨ ਹੁਣ ਭਾਰਤ ਦੇ ਸਾਰੇ 28 ਰਾਜਾਂ ਅਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਬੈਂਕ ਸਾਲ ਲਈ ਆਪਣੀ ਏਕੀਕ੍ਰਿਤ ਸਾਲਾਨਾ ਰਿਪੋਰਟ ਦੇ ਅਨੁਸਾਰ, ਬੈਂਕ ਨੇ ਵਿੱਤੀ ਸਾਲ 2025-26 ਵਿੱਚ ਆਪਣੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐਸ ਆਰ) ਪਹਿਲਕਦਮੀਆਂ 'ਤੇ 1,316.18 ਕਰੋੜ ਖਰਚ ਕਰਨ ਦੀ ਰਿਪੋਰਟ ਦਿੱਤੀ। ਐਚ ਡੀ ਐਫ ਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਕੈਜ਼ਾਦ ਭਰੂਚਾ ਨੇ ਕਿਹਾ, ਨੂੰਪਰਿਵਰਤਨ ਰਾਹੀਂ ਸਾਡੀਆਂ ਸੀ ਐਸ ਆਰ ਪਹਿਲਕਦਮੀਆਂ ਇਸ ਵਿਸ਼ਵਾਸ ਦੁਆਰਾ ਸੇਧਿਤ ਹਨ ਕਿ ਸਥਾਈ ਤਬਦੀਲੀ ਪਿੰਡ-ਦਰ-ਪਿੰਡ, ਪਰਿਵਾਰ-ਦਰ-ਪਰਿਵਾਰ, ਉਹਨਾਂ ਭਾਈਚਾਰਿਆਂ ਨਾਲ ਨੇੜਿਓਂ ਸਾਂਝੇਦਾਰੀ ਵਿੱਚ ਪ੍ਰਾਪਤ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਅਸੀਂ ਸੇਵਾ ਕਰਦੇ ਹਾਂ।'

# ਡੀ ਐੱਸ ਪੀ ਦੀ ਬਰਖਾਸਤਗੀ ਦੀ ਮੰਗ ਨੂੰ ਲੈ ਕੇ ਨਗਰ ਨਿਗਮ ਦੇ ਬਾਹਰ ਧਰਨਾ

**ਜਲੰਧਰ (ਸ਼ੈਲੀ ਐਲਬਰਟ)** ਡੀ ਐਸ ਪੀ ਨੂੰ ਸਿਰਫ਼ ਮੁਅੱਤਲ ਕਰਨ ਦੀ ਬਜਾਏ ਸੇਵਾ ਤੋਂ ਬਰਖਾਸਤ ਕਰਨ ਅਤੇ ਲਾਠੀਚਾਰਜ ਵਿੱਚ ਸ਼ਾਮਲ ਪੁਲਸ ਕਰਮਚਾਰੀਆਂ ਖ਼ਿਲਾਫ਼ ਸਖ਼ਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਦੀ ਮੰਗ ਨੂੰ ਲੈ ਕੇ ਕਰਮਚਾਰੀਆਂ ਅਤੇ ਪ੍ਰਦਰਸ਼ਨਕਾਰੀਆਂ ਨੇ ਜਲੰਧਰ ਨਗਰ ਨਿਗਮ ਦਫ਼ਤਰ ਦੇ ਬਾਹਰ ਜ਼ੋਰਦਾਰ ਧਰਨਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਗਟਾਇਆ। ਹਾਲਾਂਕਿ ਪੰਜਾਬ ਬੰਦ ਦੇ ਸੱਦੇ ਦੇ ਬਾਵਜੂਦ ਜਲੰਧਰ ਸ਼ਹਿਰ ਨੂੰ ਬੰਦ ਨਹੀਂ ਕੀਤਾ ਗਿਆ ਅਤੇ ਸ਼ਹਿਰ ਵਿੱਚ ਆਮ ਜਨਜੀਵਨ ਕਾਫ਼ੀ ਹੱਦ ਤੱਕ ਸਧਾਰਨ ਰਿਹਾ। ਇਸ ਦੇ ਉਲਟ ਪੰਜਾਬ ਬੰਦ ਦੇ ਸੱਦੇ ਦਾ ਪ੍ਰਭਾਵ ਸੂਬੇ ਦੇ ਕਈ ਹੋਰ ਜ਼ਿਲ੍ਹਿਆਂ ਵਿੱਚ ਵੀ ਮਹਿਸੂਸ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਡੀ ਐਸ ਪੀ ਨੂੰ ਸਿਰਫ਼ ਮੁਅੱਤਲ ਕਰਕੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਉਨ੍ਹਾਂ ਨੂੰ ਸੇਵਾ ਤੋਂ ਬਰਖਾਸਤ ਨਾ ਕੀਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਾਠੀਚਾਰਜ ਵਿੱਚ ਸ਼ਾਮਲ ਪੁਲਸ ਕਰਮਚਾਰੀਆਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਸਿੱਧੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪ੍ਰਦਰਸ਼ਨਕਾਰੀਆਂ ਨੇ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਗਠਨ ਅਤੇ ਜਾਂਚ ਪ੍ਰਕਿਰਿਆ 'ਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ਼ ਜਾਂਚ ਦਾ ਭਰੋਸਾ ਦੇਣਾ ਕਾਫ਼ੀ ਨਹੀਂ, ਸਗੋਂ ਲਾਠੀਚਾਰਜ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਬੰਟੂ ਸੱਭਰਵਾਲ ਨੇ ਕਿਹਾ ਕਿ ਅੱਜ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ, ਪਰ ਜਲੰਧਰ ਵਿੱਚ ਸਿਰਫ਼ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਮੁੱਖ ਮੰਗ ਡੀ ਐਸ ਪੀ ਨੂੰ ਮੁਅੱਤਲ ਕਰਨਾ ਨਹੀਂ, ਸਗੋਂ ਉਨ੍ਹਾਂ ਨੂੰ ਸੇਵਾ ਤੋਂ ਬਰਖਾਸਤ ਕਰਨਾ ਹੈ। ਉਨ੍ਹਾਂ ਕਿਹਾ, ਸਾਡਾ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਡੀ ਐਸ ਪੀ ਨੂੰ ਬਰਖਾਸਤ ਨਹੀਂ ਕੀਤਾ ਜਾਂਦਾ ਅਤੇ ਲਾਠੀਚਾਰਜ ਲਈ ਜ਼ਿੰਮੇਵਾਰ ਪੁਲਸ ਕਰਮਚਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਨਹੀਂ ਹੁੰਦੀ। ਪ੍ਰਦਰਸ਼ਨਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਜਲਦ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਜਲੰਧਰ ਸਮੇਤ ਪੂਰੇ ਪੰਜਾਬ ਵਿੱਚ ਦੂਜੇ ਬੰਦ ਦਾ ਸੱਦਾ ਦਿੱਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।




# 'ਆਪ' ਆਗੂਆਂ ਨੇ ਰਾਸ਼ਨ ਕਿੱਟਾਂ ਵੰਡੀਆਂ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਮ ਆਦਮੀ ਪਾਰਟੀ ਦਾ ਸਪੋਕਸ ਪਰਸਨ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਚੇਅਰਮੈਨ ਅਤੇ ਹਲਕਾ ਇੰਚਾਰਜ ਆਦਮਪੁਰ ਪਵਨ ਕੁਮਾਰ ਟੀਨੂੰ ਦੇ ਦਿਸ਼ਾ ਨਿਰਦੇਸ਼ਾਂ ਅਤੇ ਰਹਿਨੁਮਾਈ ਹੇਠ ਮੇਰੀ ਰਸੋਈ ਯੋਜਨਾ ਉਪਰਾਲੇ ਤਹਿਤ ਪਿੰਡ ਕਿਸ਼ਨਗੜ੍ਹ ਦੇ 200 ਦੇ ਕਰੀਬ ਲੋੜਵੰਦ ਪਰਵਾਰਾਂ ਨੂੰ ਆਪ ਆਗੂਆਂ ਵੱਲੋਂ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਰਾਸ਼ਨ ਕਿੱਟਾਂ ਪ੍ਰਾਪਤ ਕਰਨ ਵਾਲੇ ਪਰਿਵਾਰਾਂ ਦੇ ਮੈਂਬਰਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਇਹ ਯੋਜਨਾ ਕਾਫੀ ਸਲਾਘਾਯੋਗ ਅਤੇ ਕਾਬਲ ਤਾਰੀਫ ਹੈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂਆਂ ਵਿੱਚ ਚੇਅਰਮੈਨ ਕੰਬੋਜ ਵੈਲਫ਼ੇਅਰ ਬੋਰਡ ਆਦਮਪੁਰ ਹਲਕਾ ਪਰਮਜੀਤ ਸਿੰਘ ਕੰਬੋਜ, ਪ੍ਰੋਫੈਸਰ ਸੁਰਿੰਦਰ ਰਾਣਾ, ਕੇਵਲ ਕ੍ਰਿਸ਼ਨ, ਰਣਜੀਤ ਰਾਏ, ਪ੍ਰਧਾਨ ਸੁਖਦੇਵ ਜੂੜੀ, ਸੁਰਜੀਤ ਮਹੇ ਸੋਸ਼ਲ ਮੀਡੀਆ ਵਾਈਸ ਕੋਆਰਡੀਨੇਟਰ, ਪੰਚ ਅਮਨਦੀਪ ਹਨੀ ਮੀਡੀਆ ਕੋਆਰਡੀਨੇਟਰ, ਨਰਿੰਦਰ ਸਿੰਘ ਅਤੇ ਮਲਕੀਤ ਚੰਦ ਬੱਲੀ (ਦੋਵੇਂ ਪੰਚ), ਅਵਜਿੰਦਰ ਕੈਂਥ, ਸੰਤੋਖ ਸਿੰਘ, ਗਿਆਨ ਸਿੰਘ,ਅਮਨਦੀਪ ਸੌਂਧੀ, ਰਿੱਕੀ ਸਹੋਤਾ, ਕਰਨੈਲ ਭੱਟੀ, ਮਹਿੰਦਰ ਸਿੰਘ, ਜੱਸੀ ਬਲਦੇਵ ਰਾਜ ਬੱਧਣ , ਲਛਮਣ ਦਾਸ ਅਤੇ ਪਰਮਜੀਤ ਓਮੀ ਆਦਿ ਸਮੇਤ ਸਮੂਹ ਨਗਰ ਨਿਵਾਸੀ ਹਾਜ਼ਰ ਸਨ।



# ਟਰੱਕ ਦੀ ਲਪੇਟ 'ਚ ਆਉਣ ਨਾਲ ਨੌਜਵਾਨ ਦੀ ਮੌਤ

**ਫਿਲੌਰ (ਨਿਰਮਲ)**- ਫਿਲੌਰ-ਤੇਹਿੰਗ ਰੋਡ 'ਤੇ ਇੱਕ ਦਰਦਨਾਕ ਸੜਕ ਹਾਦਸਾ ਵਾਪਰ ਗਿਆ, ਜਿਸ ਵਿੱਚ ਮੋਟਰਸਾਈਕਲ ਸਵਾਰ ਭੈਣ-ਭਰਾ ਟਰੱਕ ਦੀ ਲਪੇਟ ਵਿੱਚ ਆ ਗਏ। ਇਸ ਹਾਦਸੇ ਵਿੱਚ 21 ਸਾਲਾ ਨੌਜਵਾਨ ਅਰਜਨ ਸਾਨੀ ਦੀ ਮੌਤ ਹੋ ਗਈ, ਜਦਕਿ ਉਸ ਦੀ 23 ਸਾਲਾ ਭੈਣ ਪ੍ਰੀਆ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਹਲਕਾ ਫਿਲੌਰ ਦੇ ਇੰਚਾਰਜ ਖੁਸ਼ੀ ਰਾਮ ਅਤੇ ਮ੍ਰਿਤਕ ਦੇ ਪਿਤਾ ਸ਼ੰਕਰ ਨੇ ਦੱਸਿਆ ਕਿ ਅਰਜਨ ਸਾਨੀ ਰੋਜ਼ਾਨਾ ਦੀ ਤਰ੍ਹਾਂ ਆਪਣੀ ਭੈਣ ਨੂੰ ਇੱਕ ਨਿੱਜੀ ਫੈਕਟਰੀ ਵਿੱਚ ਕੰਮ 'ਤੇ ਛੱਡਣ ਲਈ ਮੋਟਰਸਾਈਕਲ 'ਤੇ ਜਾ ਰਿਹਾ ਸੀ। ਇਸ ਦੌਰਾਨ ਫਿਲੌਰ ਵੱਲੋਂ ਤੇਹਿੰਗ ਵੱਲ ਆ ਰਹੇ ਇੱਕ ਕਥਿਤ ਓਵਰਲੋਡ ਟਰੱਕ ਨਾਲ ਉਨ੍ਹਾਂ ਦੀ ਭਿਆਨਕ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਮੋਟਰਸਾਈਕਲ ਸਮੇਤ ਖੇਤਾਂ ਵਿੱਚ ਪਲਟ ਗਿਆ ਅਤੇ ਮੋਟਰਸਾਈਕਲ ਟਰੱਕ ਦੇ ਹੇਠਾਂ ਫਸ ਗਿਆ। ਹਾਦਸੇ ਤੋਂ ਬਾਅਦ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ।



# ਮਜ਼ਦੂਰਾਂ ਦੇ ਬੰਦ ਦਾ ਕਮਿਊਨਿਸਟਾਂ ਵੱਲੋਂ ਪੂਰਾ ਸਮਰਥਨ




**ਸ਼ਾਹਕੋਟ. (ਗਿਆਨ ਸੈਦਪੁਰੀ)** ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਨੇੜਲੇ ਕਸਬੇ ਧਰਮਕੋਟ ਵਿੱਚ ਵੀ ਬੰਦ ਦਾ ਅਸਰ ਨਜ਼ਰ ਆਇਆ। ਮਜ਼ਦੂਰਾਂ ਦੇ ਇਸ ਘੋਲ ਦੀ ਭਾਰਤੀ ਕਮਿਊਨਿਸਟ ਪਾਰਟੀ ਅਤੇ ਕੁਲ ਹਿੰਦ ਕਿਸਾਨ ਸਭਾ ਵੱਲੋਂ ਪੂਰਾ ਸਮੱਰਥਨ ਦਿੱਤਾ ਗਿਆ। ਬੰਦ ਦੇ ਸੱਦੇ ਵਿੱਚ ਕਾਮਰੇਡ ਸੂਰਤ ਸਿੰਘ ਧਰਮਕੋਟ, ਹਰਦਿਆਲ ਸਿੰਘ ਘਾਲੀ, ਗੁਰਮੇਲ ਸਿੰਘ ਰੱਜੀਵਾਲ, ਜਰਨੈਲ ਸਿੰਘ ਕੰਨੀਆ, ਅਮਰਜੀਤ ਸਿੰਘ ਸ਼ੇਰਪੁਰੀ, ਲਖਬੀਰ ਸਿੰਘ ਤਾਰੇਵਾਲ, ਗੁਰਮੇਲ ਸਿੰਘ ਚੂਹੜ ਸਿੰਘ ਵਾਲਾ ਤੇ ਸ਼ੇਰ ਸਿੰਘ ਧਰਮਕੋਟ ਸ਼ਾਮਲ ਹੋਏ।


## ਸੜਕ ਹਾਦਸਾ ਪੀੜਤਾਂ ਲਈ ਪੀ ਐੱਮ-ਰਾਹਤ ਯੋਜਨਾ ਦਾ ਲਾਭ ਲਿਆ ਜਾਵੇ : ਆਰ ਟੀ ਓ

**ਬਲਾਚੌਰ, ਬੰਗਾ (ਜਸਵਿੰਦਰ ਬੈਂਸ, ਅਵਤਾਰ ਕਲੇਰ)**- ਖੇਤਰੀ ਟਰਾਂਸਪੋਰਟ ਅਫ਼ਸਰ (ਆਰਟੀਓ) ਇੰਦਰਪਾਲ ਨੇ ਕਿਹਾ ਕਿ ਸੜਕ ਹਾਦਸਿਆਂ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਜਾਨ ਬਚਾਉਣ ਦੇ ਉਦੇਸ਼ ਨਾਲ ਸਰਕਾਰ ਵੱਲੋਂ ਚਲਾਈ ਜਾ ਰਹੀ ਪੀਐਮ-ਰਾਹਤ ਯੋਜਨਾ ਆਮ ਲੋਕਾਂ ਲਈ ਬਹੁਤ ਹੀ ਲਾਭਦਾਇਕ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸੜਕ ਹਾਦਸਾ ਹੋਣ ਦੀ ਸੂਰਤ ਵਿੱਚ ਜ਼ਖ਼ਮੀਆਂ ਦੀ ਤੁਰੰਤ ਮਦਦ ਕਰਨ ਅਤੇ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਉਨ੍ਹਾਂ ਨੂੰ ਨਜ਼ਦੀਕੀ ਸੂਚੀਬੱਧ ਹਸਪਤਾਲ ਵਿੱਚ ਪਹੁੰਚਾਉਣ। ਆਰ ਟੀ ਓ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਸੜਕ ਹਾਦਸੇ ਦੇ ਹਰ ਪੀੜਤ ਨੂੰ ਹਾਦਸੇ ਦੀ ਮਿਤੀ ਤੋਂ ਵੱਧ ਤੋਂ ਵੱਧ ਸੱਤ ਦਿਨਾਂ ਤੱਕ 1.50 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਾਦਸੇ ਤੋਂ ਬਾਅਦ ਦੇ ਪਹਿਲੇ 24 ਤੋਂ 48 ਘੰਟੇ, ਜਿਨ੍ਹਾਂ ਨੂੰ 'ਗੋਲਡਨ ਆਵਰ' ਕਿਹਾ ਜਾਂਦਾ ਹੈ, ਜਾਨ ਬਚਾਉਣ ਲਈ ਸਭ ਤੋਂ ਮਹੱਤਵਪੂਰਨ ਹੁੰਦੇ ਹਨ। ਇਸ ਲਈ ਹਸਪਤਾਲਾਂ ਨੂੰ ਪੀੜਤਾਂ ਦਾ ਤੁਰੰਤ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਭਾਰਤ ਦੀਆਂ ਸੜਕਾਂ 'ਤੇ ਵਾਹਨ ਹਾਦਸੇ ਦਾ ਸ਼ਿਕਾਰ ਹੋਣ ਵਾਲਾ ਹਰ ਭਾਰਤੀ ਅਤੇ ਵਿਦੇਸ਼ੀ ਨਾਗਰਿਕ ਇਸ ਯੋਜਨਾ ਦਾ ਲਾਭ ਲੈਣ ਦਾ ਹੱਕਦਾਰ ਹੈ। ਹਾਦਸੇ ਦੀ ਸਥਿਤੀ ਵਿੱਚ ਐਂਬੂਲੈਂਸ ਅਤੇ ਨਜ਼ਦੀਕੀ ਸੂਚੀਬੱਧ ਹਸਪਤਾਲ ਦੀ ਜਾਣਕਾਰੀ ਲਈ 112 ਹੈਲਪਲਾਈਨ 'ਤੇ ਤੁਰੰਤ ਸੰਪਰਕ ਕੀਤਾ ਜਾ ਸਕਦਾ ਹੈ। ਯੋਜਨਾ ਦਾ ਸੰਚਾਲਨ ਈ-ਡਾਰ ਅਤੇ ਨੈਸ਼ਨਲ ਹੈਲਥ ਅਥਾਰਟੀ ਦੇ ਟੀਐਮਐਸ 2.0 ਪੋਰਟਲ ਰਾਹੀਂ ਕੀਤਾ ਜਾਂਦਾ ਹੈ ਅਤੇ ਇਲਾਜ ਦਾ ਖਰਚਾ ਮੋਟਰ ਵਾਹਨ ਦੁਰਘਟਨਾ ਫੰਡ ਵਿੱਚੋਂ ਭਰਿਆ ਜਾਂਦਾ ਹੈ। ਹਿੱਟ ਐਂਡ ਰਨ ਮਾਮਲਿਆਂ ਵਿੱਚ ਇਹ ਖਰਚਾ ਸਰਕਾਰ ਵੱਲੋਂ ਚੁੱਕਿਆ ਜਾਂਦਾ ਹੈ।



# ਆਈ ਸੀ ਐੱਸ ਐੱਸ ਆਰ ਵੱਲੋਂ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਵਿਖੇ ਭਾਰਤੀ ਸਮਾਜਿਕ ਵਿਗਿਆਨ ਖੋਜ ਪ੍ਰੀਸ਼ਦ ( ਆਈ ਸੀ ਐਸ ਐਸ ਆਰ) ਦੁਆਰਾ ਸਪਾਂਸਰ ਕੀਤਾ ਗਿਆ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਸਫਲਤਾਪੂਰਵਕ ਸੰਪੰਨ ਹੋਇਆ।ਇਸ ਸੈਮੀਨਾਰ ਵਿੱਚ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਦਾਰਿਆਂ ਤੋਂ ਆਏ ਮਾਹਰਾਂ, ਅਧਿਆਪਕਾਂ ਅਤੇ ਖੋਜਾਰਥੀਆਂ ਨੇ ਵਿਸ਼ਵ ਇਤਿਹਾਸ ਵਿੱਚ ਪ੍ਰਵਾਸ ਅਤੇ ਸਰਹੱਦਾਂ, ਵਿਸ਼ਵ ਸ਼ਰਨਾਰਥੀ ਸੰਕਟ, ਪਰਵਾਸ ਯਾਦਾਂ ਅਤੇ ਪਛਾਣ, ਭਾਈਚਾਰਕ ਪੁਨਰ-ਨਿਰਮਾਣ ਅਤੇ ਸਮਾਜਿਕ ਇੱਕਜੁੱਟਤਾ, ਸਾਹਿਤ, ਸਿਨੇਮਾ ਅਤੇ ਕਲਾਤਮਕ ਪੇਸ਼ਕਾਰੀਆਂ, ਮੌਖਿਕ ਇਤਿਹਾਸ ਅਤੇ ਭਾਈਚਾਰਕ ਆਰਕਾਈਵਜ਼ ਵਰਗੇ ਗੰਭੀਰ ਵਿਸ਼ਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਸੈਮੀਨਾਰ ਦੇ ਵੱਖ-ਵੱਖ ਤਕਨੀਕੀ ਸੈਸ਼ਨਾਂ ਦੌਰਾਨ ਮੁੱਖ ਵਕਤਾਵਾਂ ਨੇ 1947 ਦੀ ਵੰਡ, ਸਰਹੱਦਾਂ ਦੇ ਅਸਰ ਅਤੇ ਮਾਨਵਵਾਦੀ ਦ੍ਰਿਸ਼ਟੀਕੋਣ 'ਤੇ ਵਿਸ਼ੇਸ਼ ਚਰਚਾ ਕੀਤੀ।ਡਾ. ਪ੍ਰਮੋਦ ਕੁਮਾਰ ਅਗਰਵਾਲ (ਪ੍ਰੋਫੈਸਰ, ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਆਪਣੇ ਸੰਬੋਧਨ ਵਿੱਚ ਵੰਡ ਤੋਂ ਬਾਅਦ ਦੇ ਆਰਥਿਕ ਅਤੇ ਵਪਾਰਕ ਪ੍ਰਭਾਵਾਂ 'ਤੇ ਚਾਨਣਾ ਪਾਇਆ। ਡਾ. ਸਰਲਾ ਨਿਰੰਕਾਰੀ (ਪ੍ਰਿੰਸੀਪਲ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ) ਨੇ ਵਿਸ਼ਵ ਵਿਆਪੀ ਸ਼ਰਨਾਰਥੀ ਸੰਕਟ ਅਤੇ ਸਰਹੱਦਾਂ ਦੇ ਆਮ ਲੋਕਾਂ ਦੀਆਂ ਜ਼ਿੰਦਗੀਆਂ 'ਤੇ ਪੈਂਦੇ ਸਮਾਜਿਕ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਡਾ. ਹਰਪ੍ਰੀਤ ਸਿੰਘ (ਵਿਭਾਗ ਮੁਖੀ, ਪੰਜਾਬੀ ਵਿਭਾਗ, ਸਰਕਾਰੀ ਪੋਸਟ ਗ੍ਰੈਜੂਏਟ ਕਾਲਜ, ਪੰਚਕੂਲਾ) ਨੇ ਮਾਨਵਵਾਦੀ ਨਜ਼ਰੀਏ ਤੋਂ ਵੰਡ ਦੇ ਸਾਹਿਤ, ਸਿਨੇਮਾ ਅਤੇ ਕਲਾ 'ਤੇ ਪਏ ਅਸਰ ਦੀ ਪੜਚੋਲ ਕੀਤੀ। ਉਨ੍ਹਾਂ ਮੰਟੋ, ਅਮ੍ਰਿਤਾ ਪ੍ਰੀਤਮ, ਅਤੇ ਖੁਸ਼ਵੰਤ ਸਿੰਘ ਦੀਆਂ ਰਚਨਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਵੰਡ ਨੇ ਸਿਰਫ਼ ਜ਼ਮੀਨ ਉੱਤੇ ਲਾਈਨਾਂ ਨਹੀਂ ਖਿੱਚੀਆਂ, ਸਗੋਂ ਸਾਡੀ ਸਾਂਝੀ ਰਹਿਤਲ ਨੂੰ ਜ਼ਖ਼ਮੀ ਕੀਤਾ ਹੈ। ਡਾ. ਅੰਮ੍ਰਿਤਪਾਲ ਸਿੰਘ (ਅਸਿਸਟੈਂਟ ਪ੍ਰੋਫੈਸਰ, ਇਤਿਹਾਸ ਵਿਭਾਗ, ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ) ਨੇ ਲੋਕ ਇਤਿਹਾਸ ਅਤੇ ਮਿਊਜ਼ੀਅਮ ਸਟੱਡੀਜ਼ ਦੀ ਮਹੱਤਤਾ ਸਮਝਾਈ।




# ਪੰਜਾਬ ਪੁਲਸ ਵੱਲੋਂ ਈ-ਜ਼ੀਰੋ ਐੱਫ ਆਈ ਆਰ ਸਿਸਟਮ ਦੀ ਸ਼ੁਰੂਆਤ : ਗੌਰਵ ਯਾਦਵ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਸਾਈਬਰ ਵਿੱਤੀ ਅਪਰਾਧਾਂ ਨਾਲ ਨਜਿੱਠਣ ਸਬੰਧੀ ਸੂਬੇ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਚੁੱਕਦਿਆਂ, ਪੰਜਾਬ ਪੁਲਿਸ ਵੱਲੋਂ 5 ਲੱਖ ਰੁਪਏ ਤੋਂ ਵੱਧ ਦੇ ਧੋਖਾਧੜੀ ਵਾਲੇ ਲੈਣ-ਦੇਣ ਨਾਲ ਸਬੰਧਤ ਸਾਈਬਰ ਵਿੱਤੀ ਧੋਖਾਧੜੀ ਦੇ ਕੇਸਾਂ ਲਈ ਈ-ਜ਼ੀਰੋ ਐਫਆਈਆਰ ਸਿਸਟਮ ਸ਼ੁਰੂ ਕੀਤਾ ਗਿਆ ਹੈ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਵੱਲੋਂ ਸਟੈਂਡਿੰਗ ਆਰਡਰ ਜਾਰੀ ਕਰਨ ਤੋਂ ਬਾਅਦ, ਮੰਗਲਵਾਰ ਨੂੰ ਇਹ ਸਿਸਟਮ ਰਸਮੀ ਤੌਰ 'ਤੇ ਕਾਰਜਸ਼ੀਲ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਈ-ਜ਼ੀਰੋ ਐਫ ਆਈ ਆਰ ਸਿਸਟਮ ਜ਼ਰੀਏ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ (ਐਨਸੀਆਰਪੀ) ਜਾਂ ਨੈਸ਼ਨਲ ਸਾਈਬਰ ਕ੍ਰਾਈਮ ਹੈਲਪਲਾਈਨ 1930 ਰਾਹੀਂ ਦਰਜ ਕੀਤੀਆਂ ਗਈਆਂ ਯੋਗ ਸਾਈਬਰ ਵਿੱਤੀ ਧੋਖਾਧੜੀ ਸ਼ਿਕਾਇਤਾਂ ਨੂੰ ਆਪਣੇ ਆਪ ਈ-ਜ਼ੀਰੋ ਐਫ ਆਈ ਆਰ ਵਿੱਚ ਬਦਲਿਆ ਜਾਵੇਗਾ ਅਤੇ ਤੁਰੰਤ ਜਾਂਚ ਲਈ ਕ੍ਰਾਈਮ ਅਤੇ ਕ੍ਰਿਮੀਨਲ ਟਰੈਕਿੰਗ ਨੈੱਟਵਰਕ ਅਤੇ ਸਿਸਟਮ (ਸੀ ਸੀ ਟੀ ਐਨ ਐਸ) ਜ਼ਰੀਏ ਸਬੰਧਤ ਜ਼ਿਲ੍ਹਿਆਂ ਜਾਂ ਪੁਲਿਸ ਕਮਿਸ਼ਨਰੇਟਾਂ ਦੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੂੰ ਇਲੈਕਟ੍ਰਾਨਿਕ ਰੂਪ ਵਿੱਚ ਭੇਜਿਆ ਜਾਵੇਗਾ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਸਟੈਂਡਿੰਗ ਆਰਡਰ ਮੁਤਾਬਕ, 1 ਕਰੋੜ ਰੁਪਏ ਜਾਂ ਇਸ ਤੋਂ ਵੱਧ ਦੀਆਂ ਸਾਈਬਰ ਵਿੱਤੀ ਧੋਖਾਧੜੀ ਨਾਲ ਸਬੰਧਤ ਸ਼ਿਕਾਇਤਾਂ ਨੂੰ ਰਜਿਸਟ੍ਰੇਸ਼ਨ ਅਤੇ ਜਾਂਚ ਲਈ ਮੋਹਾਲੀ ਦੇ ਸਟੇਟ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿਖੇ ਭੇਜਿਆ ਜਾਵੇਗਾ।


# ਨਿਰਵਾਣੁ ਕੁਟੀਆ ਵਿਖੇ ਗੁਰੂ ਪੂਰਨਿਮਾ ਦਾ ਪਵਿੱਤਰ ਦਿਹਾੜਾ ਮਨਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਨਿਰਵਾਣੁ ਕੁਟੀਆ ਮਾਹਿਲਪੁਰ ਵਿਖੇ ਗੁਰੂ ਪੂਰਨਿਮਾ ਦਿਵਸ ਦੇ ਸਬੰਧ ਵਿੱਚ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕੀਤਾ ਗਿਆ। ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜ਼ਿ ਮਾਹਿਲਪੁਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਬੁੱਧ ਵੰਦਨਾ, ਤ੍ਰੀਸ਼ਰਨ ਅਤੇ ਪੰਚਸ਼ੀਲ ਦਾ ਉਚਾਰਨ ਕੀਤਾ ਗਿਆ। ਇਸ ਤੋਂ ਬਾਅਦ ਸਮੂਹਿਕ ਤੌਰ ਤੇ ਧਿਆਨ ਸਾਧਨਾ ਕਰਕੇ ਮਹਾਂਪੁਰਸ਼ਾਂ ਵੱਲੋਂ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ ਗਿਆ। ਇਸ ਮੌਕੇ ਨਿਰਮਲ ਕੌਰ ਬੋਧ ਨੇ ਕਿਹਾ ਕਿ ਅੱਜ ਆਪਾਂ ਬੁੱਧ ਪੂਰਨਿਮਾ ਦੇ ਇਸ ਪਵਿੱਤਰ ਦਿਹਾੜੇ ਤੇ ਤਥਾਗਤ ਭਗਵਾਨ ਬੁੱਧ, ਸਮਰਾਟ ਅਸ਼ੋਕ, ਸਤਿਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਕਬੀਰ ਮਹਾਰਾਜ ਜੀ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ, ਛਤਰਪਤੀ ਸ਼ਾਹੂ ਮਹਾਰਾਜ ਜੀ, ਸੁਆਮੀ ਪੈਰੀਅਰ ਜੀ, ਮਹਾਤਮਾ ਜੋਤੀ ਰਾਓ ਫੂਲੇ ਜੀ, ਮਾਤਾ ਸਵਿਤਰੀ ਬਾਈ ਫੂਲੇ ਜੀ, ਮਾਤਾ ਰਾਮਾ ਬਾਈ ਜੀ ਅਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਯਾਦ ਕਰਦੇ ਹੋਏ ਉਹਨਾਂ ਨੂੰ ਪ੍ਰਨਾਮ ਕਰਦੇ ਹਾਂ ਜਿਨਾਂ ਨੇ ਸਮਾਜ ਦੇ ਦੁਖਿਆਰੇ ਲੋਕਾਂ ਲਈ ਹਾਅ ਦਾ ਨਾਅਰਾ ਮਾਰਦੇ ਹੋਏ ਉਹਨਾਂ ਨੂੰ ਬਰਾਬਰਤਾ ਦੇ ਹੱਕ ਦਿਵਾਉਣ ਅਤੇ ਉਹਨਾਂ ਦਾ ਜੀਵਨ ਸੁਧਾਰਨ ਦੀ ਗੱਲ ਕੀਤੀ। ਇਸ ਮੌਕੇ ਮਾਸਟਰ ਜੈ ਰਾਮ ਬਾੜੀਆਂ, ਡਾਕਟਰ ਪਰਮਿੰਦਰ ਸਿੰਘ, ਨਿਰਮਲ ਕੌਰ ਬੋਧ,ਰੇਖਾ ਰਾਣੀ, ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਅਮਰਜੀਤ ਕੌਰ, ਗੁਰਪਾਲ ਕੌਰ, ਗਗਨਦੀਪ ਕੌਰ ਸੋਨੂ, ਪ੍ਰਭਜੋਤ ਕੌਰ, ਦੀਆ ਰਾਣੀ, ਸੀਮਾ ਰਾਣੀ, ਸਰਬਜੀਤ ਕੌਰ, ਸੰਤੋਸ਼ ਕੁਮਾਰੀ,ਪਰਮਜੀਤ ਕੌਰ, ਰਿਪੀ, ਨਿਰਮਲ ਸਿੰਘ ਮੁੱਗੋਵਾਲ ਸੰਚਾਲਕ ਨਿਰਵਾਣੁ ਕੁਟੀਆ ਮਾਹਿਲਪੁਰ ਆਦੀ ਹਾਜ਼ਰ ਸਨ।




# 'ਏਕ ਪੇੜ ਮਾਂ ਕੇ ਨਾਂਅ' ਦਿਵਸ ਮਨਾਇਆ

**ਕਪੂਰਥਲਾ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਐਨ.ਐਸ.ਐਸ/ ਰੈਡ ਰਿਬਨ ਕਲੱਬ ਅਤੇ ਇੱਕੋ ਕਲੱਬ ਵੱਲੋਂ ਏਕ ਪੇੜ ਮਾਂ ਕੇ ਨਾਅ ਦੇ ਤਹਿਤ ਪੌਦੇ ਲਗਾਏ ਗਏ ਜਿਸ ਵਿੱਚ 30 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ, ਪ੍ਰਿੰਸੀਪਲ ਤੇ ਸਟਾਫ ਮੈਂਬਰ ਨੇ ਪੌਦੇ ਲਗਾ ਕੇ ਜਿੱਥੇ ਆਲੇ ਦੁਆਲੇ ਵਿਚਲੀ ਸ਼ੁੱਧ ਹਵਾ ਦਾ ਸੰਦੇਸ਼ ਦਿੱਤਾ ਉੱਥੇ ਧਰਤੀ ਵਿੱਚ ਪਾਣੀ ਦੀ ਕਮੀ ਨੂੰ ਦੂਰ ਕਰਨ ਦਾ ਵੀ ਉਪਰਾਲਾ ਕੀਤਾ। ਹਰੇਕ ਵਿਦਿਆਰਥੀ ਨੇ ਆਪਣੇ ਘਰ ਵਿੱਚ ਪੌਦਾ ਲਗਾਇਆ ਅਤੇ ਵਾਤਾਵਰਨ ਦੀ ਸ਼ੁੱਧਤਾ ਦਾ ਪ੍ਰਣ ਲਿਆ। ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਇਸ ਮੌਕੇ ਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਆ ਤੇ ਕਿਹਾ ਕਿ ਪ੍ਰਕਿਰਤੀ ਨਾਲ ਸਾਂਝ ਰੱਖਣ ਤੇ ਅਸੀਂ ਸਰੀਰਕ ਤੇ ਮਾਨਸਿਕ ਖੁਸ਼ੀ ਮਹਿਸੂਸ ਕਰਦੇ ਹਾਂ। ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ,ਐਨ.ਐਸ.ਐਸ/ ਰੈਡ ਰਿਬਨ ਕਲੱਬ ਅਤੇ ਇੱਕੋ ਕਲੱਬ ਦੇ ਇੰਚਾਰਜ ਮੈਡਮ ਡਾ. ਕੁਲਵਿੰਦਰ ਕੌਰ, ਮੈਡਮ ਰਜਨੀ ਬਾਲਾ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।






## ਪੰਜਾਬ ਰਾਜ ਫੂਡ ਕਮਿਸ਼ਨ ਦੇ ਮੈਂਬਰ ਨੇ ਆਂਗਣਵਾੜੀ ਕੇਂਦਰਾਂ 'ਚ ਕੀਤਾ ਅਚਨਚੇਤ ਨਿਰੀਖਣ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਰਾਜ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਨੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਅਦਾਰਿਆਂ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ-2013 ਤਹਿਤ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ ਉਨ੍ਹਾਂ ਨੇ ਸਰਕਾਰੀ ਸਕੂਲ ਧਮਾਈ, ਗੜ੍ਹਸ਼ੰਕਰ, ਚੌਹਾਲ, ਮੰਗੂਵਾਲ ਨਾਰੀ ਅਤੇ ਅੱਜੋਵਾਲ, ਆਂਗਣਵਾੜੀ ਕੇਂਦਰ ਚੌਹਾਲ, ਮੰਗੂਵਾਲ ਨਾਰੀ ਅਤੇ ਧਮਾਈ, ਨਾਲ ਹੀ ਰਾਸ਼ਨ ਡਿਪੂ ਮਹਿੰਦਵਾਣੀ ਗੁੱਜਰਾਂ ਵਿਖੇ ਵੀ ਚੈਕਿੰਗ ਕਰਕੇ ਰਿਕਾਰਡ ਦੇਖਿਆ। ਉਨ੍ਹਾਂ ਦੱਸਿਆ ਕਿ ਨਿਰੀਖਣ ਦੀ ਸ਼ੁਰੂਆਤ ਸਰਕਾਰੀ ਸਕੂਲਾਂ ਵਿੱਚ ਚੱਲ ਰਹੀ ਮਿਡ-ਡੇ-ਮੀਲ ਯੋਜਨਾ ਤੋਂ ਕੀਤੀ ਗਈ। ਇਸ ਦੌਰਾਨ ਸਕੂਲਾਂ ਵਿੱਚ ਬੱਚਿਆਂ ਲਈ ਤਿਆਰ ਕੀਤੇ ਜਾਂਦੇ ਭੋਜਨ ਦੇ ਮਿਆਰ ਨੂੰ ਹੋਰ ਵਧੀਆ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਂਗਣਵਾੜੀ ਕੇਂਦਰ ਧਮਾਈ ਵਿੱਚ ਪਾਇਆ ਗਿਆ ਕਿ ਰਾਸ਼ਨ ਲਾਭਪਾਤਰੀਆਂ ਵਿੱਚ ਵੰਡਿਆ ਜਾ ਚੁੱਕਾ ਹੈ, ਪਰ ਜੁਲਾਈ ਮਹੀਨੇ ਦਾ ਰਾਸ਼ਨ ਅਜੇ ਤੱਕ ਕੇਂਦਰ ਨੂੰ ਪ੍ਰਾਪਤ ਨਹੀਂ ਹੋਇਆ। ਇਸ ਤੋਂ ਇਲਾਵਾ ਆਂਗਣਵਾੜੀ ਕੇਂਦਰਾਂ ਵਿੱਚ ਰਾਸ਼ਨ ਦੀ ਦੇਰੀ ਦਾ ਨੋਟਿਸ ਲੈਂਦਿਆਂ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਇਸ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਤੁਰੰਤ ਰਾਸ਼ਨ ਉਪਲਬੱਧ ਕਰਵਾਉਣ ਅਤੇ ਦੇਰੀ ਦੇ ਕਾਰਨਾਂ ਦੀ ਜਾਂਚ ਕਰਕੇ ਰਿਪੋਰਟ ਕਮਿਸ਼ਨ ਨੂੰ ਭੇਜਣ ਦੇ ਨਿਰਦੇਸ਼ ਦਿੱਤੇ ਗਏ।



# ਬੀ ਐੱਡ ਸਮੈਸਟਰ ਚੌਥੇ ਦਾ ਨਤੀਜਾ ਰਿਹਾ ਸ਼ਾਨਦਾਰ


**ਕਰਤਾਰਪੁਰ (ਰਸ਼ਮੇਸ਼ ਚੱਢਾ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ ਐੱਡ ਸਮੈਸਟਰ ਚੌਥੇ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਦੁਆਬਾ ਮਲਟੀਮੀਡੀਆ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਜ਼ਿਲਾ ਕਪੂਰਥਲਾ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਮੌਕੇ ਡੌਲੀ ਰਾਜਪਾਲ ਨੇ 81.5% ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਆਰਤੀ ਕੁਮਾਰੀ ਨੇ 79% ਅੰਕ ਪ੍ਰਾਪਤ ਕਰ ਦੂਜਾ ਸਥਾਨ ਹਾਸਿਲ ਕੀਤਾ, ਜਸਵਿੰਦਰ ਕੌਰ ਨੇ 77.8 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।
ਕਾਲਜ ਦੇ ਕੁੱਲ 7 ਵਿਦਿਆਰਥੀਆਂ ਨੇ ਯੂਨੀਵਰਸਿਟੀ ਡਿਸਟਿੰਕਸ਼ਨ ਪ੍ਰਾਪਤ ਕੀਤੀ। ਕਾਲਜ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਡਾਕਟਰ ਵਿਨੋਦ ਕੁਮਾਰ ਤੇ ਕਾਲਜ ਸਟਾਫ ਨੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਉਹਨਾਂ ਦੇ ਮਾਤਾ ਪਿਤਾ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਇਸ ਮੌਕੇ ਕਾਲਜ ਦੇ ਚੇਅਰਮੈਨ ਸਤੀਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਲਾਇਨਜ਼ ਕਲੱਬ ਵੱਲੋਂ ਤੀਜ ਦਾ ਤਿਉਹਾਰ 8 ਨੂੰ

**ਬੰਗਾ (ਅਵਤਾਰ ਕਲੇਰ)**- ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਡਿਸਟ੍ਰਿਕ ਗਵਰਨਰ ਲਾਇਨ ਜੀ ਐਸ ਭਾਟੀਆ ਅਤੇ ਕਲੱਬ ਐਡਮਨਿਸਟ੍ਰੇਟਰ ਲਾਇਨ ਧੀਰਜ ਮੌਕਤ ਦੀ ਦਿਸ਼ਾ-ਨਿਰਦੇਸ਼ ਅਨੁਸਾਰ, ਕਲੱਬ ਪ੍ਰਧਾਨ ਲਾਇਨ ਵਨੀਤਾ ਕੁਮਾਰੀ ਦੀ ਪ੍ਰਧਾਨਗੀ ਹੇਠ ਸਾਲ 2026-27 ਦੀ ਪਹਿਲੀ ਮੀਟਿੰਗ ਬੰਗਾ ਵਿਖੇ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਉਪ ਪ੍ਰਧਾਨ ਪ੍ਰੀਆ ਚੋਪੜਾ ਵਲੋਂ ਪ੍ਰਾਥਨਾ, ਡਿਸਟ੍ਰਿਕ ਪ੍ਰਣ ਅਤੇ ਰਾਸ਼ਟਰੀ ਗੀਤ ਨਾਲ ਕੀਤੀ ਗਈ। ਮੈਂਬਰਸ਼ਿਪ ਚੇਅਰਪਰਸਨ ਲਾਇਨ ਹਰਨੇਕ ਸਿੰਘ ਦੋਸਾਂਝ ਵਲੋਂ ਮੀਟਿੰਗ ਵਿੱਚ ਪਹੁੰਚੇ ਸਮੂਹ ਲਾਇਨ ਮੈਂਬਰਾਂ ਦਾ ਜੀ ਆਇਆਂ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਜੋਨ ਚੇਅਰਪਰਸਨ ਲਾਇਨ ਮੀਨੂੰ ਭੁੱਟਾ ਨੇ ਕਲੱਬ ਪ੍ਰਧਾਨ ਵਨੀਤਾ ਕੁਮਾਰੀ ਨੇ ਦੱਸਿਆ ਕਿ ਮੈਨੂੰ ਡਿਸਟ੍ਰਿਕ ਗਵਰਨਰ ਲਾਇਨ ਜੀ ਐਸ ਭਾਟੀਆ ਵਲੋਂ ਜੋਨ ਵਿੱਚ ਲਾਇਨਜ਼ ਕਲੱਬ ਮੁਕੰਦਪੁਰ, ਬੰਗਾ ਸਿਮਰਨ ਅਤੇ ਗੜ੍ਹਸ਼ੰਕਰ ਸਟਾਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਵਨੀਤਾ ਕੁਮਾਰੀ ਨੇ ਦੱਸਿਆ ਕਿ 8 ਅਗਸਤ ਦਿਨ ਸ਼ਨੀਵਾਰ ਨੂੰ ਸ਼ਾਮ 4 ਵਜੇ ਤੀਆਂ ਦਾ ਤਿਉਹਾਰ ਜੇ ਜੇ ਹੰਗਰ ਪਲਾਜ਼ਾ ਵਿਖੇ ਮਨਾਇਆ ਜਾਵੇਗਾ। ਜਿਸ ਦੌਰਾਨ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਫਿਲੌਰ ਹਰਜੋਤ ਕੌਰ ਲੋਹਟੀਆ,ਵਿਸ਼ੇਸ਼ ਮਹਿਮਾਨ ਮਿਊਂਸੀਪਲ ਕੌਂਸਲਰ ਬੰਗਾ ਦੇ ਪ੍ਰਧਾਨ ਮੋਨਿਕਾ ਵਾਲੀਆ ਅਤੇ ਜੋਨ ਚੇਅਰਪਰਸਨ ਮੀਨੂੰ ਭੁੱਟਾ ਹੋਣਗੇ। ਇਸ ਸਮਾਗਮ ਨੂੰ ਰੰਗਿਨ ਰਾਏ, ਲਵਜੀਤ ਰਾਏ ਅਤੇ ਰੋਹਿਤ ਚੋਪੜਾ ਵਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਕਲੱਬ ਐਡਮਨਿਸਟ੍ਰੇਟਰ ਧੀਰਜ ਮੌਕਤ ਵਲੋਂ ਆਨਲਾਈਨ ਮੀਟਿੰਗ ਵਿੱਚ ਸ਼ਾਮਲ ਹੋਕੇ ਕਲੱਬ ਦੀ 9 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਵਨੀਤਾ ਕੁਮਾਰੀ, ਸੁਖਜਿੰਦਰ ਸਿੰਘ, ਰੋਹਿਤ ਚੋਪੜਾ, ਜਸਪ੍ਰੀਤ ਸਿੰਘ ਜੱਸੀ, ਪ੍ਰੀਆ ਚੋਪੜਾ, ਸੀਮਾ, ਮੀਨੂੰ ਭੂੱਟਾ, ਹਰਨੇਕ ਸਿੰਘ ਦੋਸਾਂਝ ਅਤੇ ਆਰਤੀ ਚੋਪੜਾ ਨੂੰ ਚੁਣਿਆ ਗਿਆ। ਪ੍ਰਧਾਨ ਵਨੀਤਾ ਕੁਮਾਰੀ ਵਲੋਂ ਮੀਟਿੰਗ ਦੌਰਾਨ ਸ਼ਾਮਲ ਸਮੂਹ ਲਾਇਨ ਮੈਂਬਰਾਂ ਦਾ ਪਹੁੰਚਣ ਉਤੇ ਧੰਨਵਾਦ ਕੀਤਾ।



# ਆਗਮਨ ਪੁਰਬ ਨੂੰ ਸਮਰਪਤ ਡੇਰਾ ਸੱਚਖੰਡ ਬੱਲਾਂ ਤੋਂ ਬਨਾਰਸ ਤੱਕ ਪਹਿਲੀ ਬੱਸ ਯਾਤਰਾ ਰਵਾਨਾ

**ਅਲਾਵਲਪੁਰ/ਕਿਸ਼ਨਗੜ੍ਹ (ਮਦਨ ਬੰਗੜ, ਸੁਖਜੀਤ)**- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਆਗਮਨ ਪੁਰਬ ਨੂੰ ਸਮਰਪਿਤ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਮਹਾਰਾਜ ਜੀ ਸੱਚਖੰਡ ਬੱਲਾਂ ਵਾਲਿਆਂ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ (ਯੂ ਪੀ) ਲਈ ਪਹਿਲੀ ਬੱਸ ਯਾਤਰਾ ਸੈਂਕੜੇ ਸ਼ਰਧਾਲੂਆਂ ਦੀ ਸ਼ਮੂਲੀਅਤ 'ਚ ਸਤਸੰਗ ਦੇ ਭਜਨ ਦੀ ਅਰਦਾਸ ਉਪਰੰਤ ਰਵਾਨਾ ਹੋਈ ਜਿਸ ਨੂੰ ਡੇਰਾ ਸੰਤ ਸਰਵਣ ਦਾਸ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ (ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਪਬਲਿਕ ਚੈਰੀਟੇਬਲ ਟਰੱਸਟ ਯੂਪੀ ਵਾਲਿਆਂ) ਵੱਲੋ ਹਰੀ ਝੰਡੀ ਦੇ ਕਿ ਸੰਗਤਾਂ ਨੂੰ ਅਸ਼ੀਰਵਾਦ ਦੇਣ ਰਵਾਨਾ ਕੀਤੀ ਗਈ ।
ਉੱਕਤ ਬੱਸ ਯਾਤਰਾ ਦੀ ਅਗਵਾਈ ਕਰ ਰਹੇ ਸੇਵਦਾਰਾਂ ਵਿੱਚੋ ਸੰਤ ਹਰਵਿੰਦਰ ਦਾਸ ਆਦਮਪੁਰ ਵਾਲੇ, ਗੀਤਕਾਰ ਰਜਿੰਦਰ ਬੰਗੜ ਰਾਏਪੁਰੀ,ਕਾਮਰੇਡ ਮਨੋਹਰ ਲਾਲ ਬੱਲਾਂ, ਪ੍ਰਿੰਸੀਪਲ ਪਰਮਜੀਤ ਜੱਸਲ,ਗੁਰਦਿਆਲ ਚੰਦ ਸਾਬਕਾ ਸਰਪੰਚ ਮੰਨਣਾ ਤੇ ਸ਼ਿੰਗਾਰਾ ਰਾਮ ਮੰਨਣ, ਬਲਦੇਵ ਰਾਜ ਸੱਗਾ, ਮੇਘਾ ਕੌਰ ਆਦਿ ਸਭ ਨੂੰ ਮਹਾਂਪੁਰਸ਼ਾਂ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਰਵਿਦਾਸੀਆ ਸਮਾਜ ਦੀਆਂ ਸੰਗਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰੇ ਲਾਉਂਦੀਆਂ ਅਤੇ ਜਸ ਗਾਉਂਦੀਆਂ ਖੁਸ਼ੀ -ਖੁਸ਼ੀ ਡੇਰਾ ਸੱਚਖੰਡ ਬੱਲਾਂ ਤੋ ਰਵਾਨਾ ਹੋਈਆ। ਪ੍ਰਬੰਧਕਾਂ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਦੀ ਸਹੂਲਤ ਲਈ ਫਰੀ ਪਾਣੀ, ਲੰਗਰ, ਫਰੂਟ , ਦਵਾਈਆਂ, ਕੋਲਡ ਡਰਿੰਕ ਆਦਿ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।




## ਸਫਾਈ ਸੇਵਕਾਂ 'ਤੇ ਲਾਠੀਚਾਰਜ ਦੀ ਤਿੱਖੀ ਨਿੰਦਾ

**ਟਾਂਡਾ ਉੜਮੁੜ (ਮਿਲਿੰਦ ਗਰਗ, ਜਸਵਿੰਦਰ ਸੰਧੂ)**-ਟਾਂਡਾ ਉੜਮੁੜ ਦੇ ਜੈਕਾ ਰੈਸਟੋਰੈਂਟ ਵਿੱਚ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਬਰਨਾਲਾ ਵਿੱਚ ਸਫਾਈ ਸੇਵਕਾਂ 'ਤੇ ਹੋਏ ਕਥਿਤ ਲਾਠੀਚਾਰਜ ਅਤੇ ਪੁਲਸ ਕਾਰਵਾਈ ਨੂੰ ਲੈ ਕੇ ਪੰਜਾਬ ਸਰਕਾਰ ਦੀ ਤਿੱਖੀ ਨਿੰਦਾ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਅਤੇ ਭਾਜਪਾ ਪੰਜਾਬ ਕਾਰਜਕਾਰਨੀ ਮੈਂਬਰ ਜਵਾਹਰ ਲਾਲ ਖੁਰਾਨਾ ਨੇ ਕਿਹਾ ਕਿ ਸਫਾਈ ਸੇਵਕ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਸ਼ਾਂਤੀਪੂਰਵਕ ਧਰਨਾ-ਪ੍ਰਦਰਸ਼ਨ ਕਰ ਰਹੇ ਸਨ, ਪਰ ਉਨ੍ਹਾਂ ਨਾਲ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਗਿਆ, ਉਹ ਲੋਕਤੰਤਰਕ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਅਤੇ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਕਰਮਚਾਰੀਆਂ ਅਤੇ ਆਮ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਬਰਨਾਲਾ ਘਟਨਾ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ, ਤਾਂ ਜੋ ਭਵਿੱਖ ਵਿੱਚ ਕਿਸੇ ਵੀ ਕਰਮਚਾਰੀ ਨਾਲ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ। ਇਸ ਮੌਕੇ ਸਾਬਕਾ ਮੰਡਲ ਪ੍ਰਧਾਨ ਲਲਿਤ ਕੁਮਾਰ, ਜੋਗਰਾਜ ਸਿੰਘ ਗੁਰੂ, ਵਿਕੀ ਮਦਾਨ, ਪਵਨ ਕੁਮਾਰ, ਰਾਜ ਕੁਮਾਰ, ਦਰਸ਼ਨ ਲਾਲ, ਨਰਿੰਦਰ ਤੁਲੀ ਸਮੇਤ ਹੋਰ ਭਾਜਪਾ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।



# ਵਿਸ਼ਵ ਹੈਪੇਟਾਈਟਸ ਦਿਵਸ 'ਤੇ ਜਾਗਰੂਕਤਾ ਪ੍ਰੋਗਰਾਮ

**ਆਦਮਪੁਰ (ਪਰਮਜੀਤ ਸਿੰਘ)**
ਵਿਸ਼ਵ ਹੈਪੇਟਾਈਟਸ ਦਿਵਸ 'ਤੇ ਸਿਹਤ ਵਿਭਾਗ ਵੱਲੋਂ ਸੀ ਐਚ ਸੀ ਆਦਮਪੁਰ ਅਤੇ ਇਸ ਦੇ ਅਧੀਨ ਆਉਂਦੇ ਸਾਰੇ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਸਿਵਲ ਸਰਜਨ ਡਾ. ਰਾਜੇਸ਼ ਗਰਗ ਦੇ ਦਿਸ਼ਾ-ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਦੀਪ ਸਿੰਘ ਦੀ ਅਗਵਾਈ ਹੇਠ ਆਯੋਜਿਤ ਪ੍ਰੋਗਰਾਮਾਂ ਵਿੱਚ ਲੋਕਾਂ ਨੂੰ ਹੈਪੇਟਾਈਟਸ ਬਿਮਾਰੀ ਦੇ ਫੈਲਣ ਦੇ ਤਰੀਕੇ, ਇਸ ਦੇ ਲੱਛਣਾਂ ਦੀ ਪਛਾਣ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ।ਐਸ ਐਮ ਓ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਇਸ ਸਾਲ 'ਹੈਪੇਟਾਈਟਸ: ਆਓ ਇਸ ਨੂੰ ਵਿਸਥਾਰ ਨਾਲ ਸਮਝੀਏ' ਥੀਮ ਦੇ ਤਹਿਤ ਇਹ ਦਿਵਸ ਮਨਾਇਆ ਜਾ ਰਿਹਾ ਹੈ, ਤਾਂ ਜੋ ਸਾਰੇ ਲੋਕ ਜਿਗਰ ਨੂੰ ਤੰਦਰੁਸਤ ਰੱਖਣ ਬਾਰੇ ਸੁਚੇਤ ਹੋਣ ਅਤੇ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਵਿੱਚ ਸੁਧਾਰ ਕਰਨ।ਸੈਮੀਨਾਰ ਵਿੱਚ ਬੀ ਈ ਈ ਚੰਦਨ ਮਿਸ਼ਰਾ ਨੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਹੈਪੇਟਾਈਟਸ-ਸੀ ਤੋਂ ਪੀੜਤ ਹੈ, ਤਾਂ ਉਸ ਨੂੰ ਕੁਝ ਲੱਛਣ ਦਿਖਾਈ ਦੇਣਗੇ, ਜਿਵੇਂ ਕਿ ਗੂੜ੍ਹਾ ਪਿਸ਼ਾਬ ਆਉਣਾ, ਹਲਕੇ ਰੰਗ ਦਾ ਟੱਟੀ, ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ, ਮਤਲੀ ਜਾਂ ਉਲਟੀਆਂ, ਭੁੱਖ ਨਾ ਲੱਗਣਾ, ਜੀਭ ਵਿੱਚ ਸੁਆਦ ਘੱਟਣਾ, ਬਹੁਤ ਜ਼ਿਆਦਾ ਥਕਾਵਟ, ਭਾਰ ਘਟਣਾ, ਲੱਤਾਂ ਵਿੱਚ ਸੋਜ ਆਦਿ। ਜੇਕਰ ਕਿਸੇ ਵਿਅਕਤੀ ਨੂੰ ਇਹ ਲੱਛਣ ਦਿਖਾਈ ਦਿੰਦੇ ਹਨ, ਤਾਂ ਉਸਨੂੰ ਨਜ਼ਦੀਕੀ ਸਿਹਤ ਕੇਂਦਰ ਵਿੱਚ ਆਪਣਾ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ।



# ਵਿਧਾਇਕ ਨੇ ਕਮਿਊਨਿਟੀ ਸੈਂਟਰ ਦੇ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**
ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਬੁੱਧਵਾਰ ਨੂੰ ਪਿੰਡ ਠਰੋਲੀ ਵਿੱਚ ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ ਕਮਿਊਨਿਟੀ ਸੈਂਟਰ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਮਿਊਨਿਟੀ ਸੈਂਟਰ ਦੇ ਨਿਰਮਾਣ ਨਾਲ ਪਿੰਡ ਵਿੱਚ ਸਮਾਜਿਕ ਅਤੇ ਸੱਭਿਆਚਾਰਕ ਸਮਾਗਮਾਂ ਲਈ ਬਿਹਤਰ ਸਹੂਲਤ ਉਪਲਬੱਧ ਹੋਵੇਗੀ। ਨਿਰਮਾਣ ਕਾਰਜ ਦੀ ਸ਼ੁਰੂਆਤ ਤੋਂ ਪਹਿਲਾਂ ਵਿਧਾਇਕ ਜਿੰਪਾ ਨੇ ਪਿੰਡ ਸਥਿਤ ਬਾਬਾ ਵਿਸ਼ਵਕਰਮਾ ਮੰਦਰ ਵਿੱਚ ਮੱਥਾ ਟੇਕਿਆ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਨਾਲ ਸਬੰਧਤ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਪਹਿਲ ਦੇ ਆਧਾਰ 'ਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਵਿਧਾਇਕ ਜਿੰਪਾ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਖੇਤਰ ਦੇ ਹਰ ਪਿੰਡ ਦਾ ਬਰਾਬਰ ਵਿਕਾਸ ਕਰਨਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਉਣਾ ਹੈ।






# ਬਾਲ ਕਹਾਣੀ ਸੰਗ੍ਰਹਿ 'ਚਾਚੀ-ਤਾਈ, ਆਂਟੀ' ਲੋਕ ਅਰਪਣ

**ਮਾਹਿਲਪੁਰ (ਸ.ਫਰੀ)**- ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਦੀ ਇਕਾਈ ਮਾਹਿਲਪੁਰ ਦੇ ਸਹਿਯੋਗ ਨਾਲ ਕਰਵਾਏ ਪੁਸਤਕ ਰਿਲੀਜ਼ ਸਮਾਰੋਹ ਮੌਕੇ ਖਾਲਸਾ ਕਾਲਜ ਮਾਹਿਲਪੁਰ ਦੇ ਪੁਰਾਣੇ ਵਿਦਿਆਰਥੀ ਅਤੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵੱਲੋਂ ਲਿਖੀ ਨਵੀਂ ਬਾਲ ਪੁਸਤਕ 'ਚਾਚੀ-ਤਾਈ,ਆਂਟੀ' ਨੂੰ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ, ਵਾਤਾਵਰਨ ਚਿੰਤਕ ਵਿਜੈ ਬੰਬੇਲੀ, ਪ੍ਰਿੰਸੀਪਲ ਸਰਬਜੀਤ ਸਿੰਘ ਅਤੇ ਪ੍ਰਿੰਸੀਪਲ ਰੁਪਿੰਦਰਜੋਤ ਸਿੰਘ ਨੇ ਸ਼ਿਰਕਤ ਕੀਤੀ। ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ ਬੀ ਸੇਖੋਂ ਨੇ ਪੰਜਾਬੀ ਬਾਲ ਸਾਹਿਤ ਦੀ ਸਥਿਤੀ ਬਾਰੇ ਵਿਚਾਰ ਰੱਖੇ ਅਤੇ ਕਿਹਾ ਕਿ ਬਲਜਿੰਦਰ ਮਾਨ ਨੇ ਬਾਲ ਸਾਹਿਤਕਾਰੀ ਅਤੇ ਸੰਪਾਦਨਾ ਦੇ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ। ਡਾ ਬਲਵੀਰ ਕੌਰ ਰੀਹਲ ਨੇ ਬਲਜਿੰਦਰ ਮਾਨ ਦੀ ਨਵ ਪ੍ਰਕਾਸ਼ਿਤ ਪੁਸਤਕ ਦੇ ਵਿਸ਼ਾ ਪੱਖ ਬਾਰੇ ਵਿਚਾਰ ਰੱਖੇ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਉਸਾਰੂ ਸਾਹਿਤ ਪੜ੍ਹਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਅਹੁੱਦੇਦਾਰਾਂ ਸ਼ਾਇਰ ਜੀਵਨ ਚੰਦੇਲੀ, ਪ੍ਰਿੰ. ਸਰਬਜੀਤ ਸਿੰਘ, ਬੱਬੂ ਮਾਹਿਲਪੁਰੀ ਅਤੇ ਅਵਤਾਰ ਲੰਗੇਰੀ ਨੇ ਵੀ ਸ੍ਰੀ ਮਾਨ ਦੀ ਸਾਹਿਤ ਲੇਖਣੀ ਅਤੇ ਵਿਦਿਆਰਥੀ ਜੀਵਨ ਵਿਚ ਸਾਹਿਤ ਦੀ ਮਹੱਤਤਾ ਬਾਰੇ ਵਿਚਾਰ ਰੱਖੇ। ਲੇਖਕ ਵਿਜੇ ਬੰਬੇਲੀ ਅਤੇ ਰਾਮ ਤੀਰਥ ਪਰਮਾਰ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਇਸ ਮੌਕੇ ਕਾਲਜ ਦੇ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

## ਲੋੜਵੰਦਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

**ਜਲੰਧਰ (ਇਕਬਾਲ ਸਿੰਘ ਉਭੀ)**-ਰਾਮਾਂ ਮੰਡੀ ਤੋਂ ਥੋੜੀ ਦੂਰ ਪਿੰਡ ਭੋਜੋਵਾਲ ਅਤੇ ਮੁਜ਼ੱਫਰਪੁਰ ਵਿਖੇ ਪੰਜਾਬ ਸਰਕਾਰ ਵਲੋਂ ਆਈਆਂ ਰਾਸ਼ਨ ਕਿੱਟਾਂ ਲੋੜਵੰਦਾਂ ਨੂੰ ਵੰਡੀਆਂ ਗਈਆਂ। ਆਦਮਪੁਰ ਹਲਕਾ ਇੰਚਾਰਜ਼ ਆਦਮਪੁਰ ਦਾ ਧੰਨਵਾਦ ਸੁਖਵਿੰਦਰ ਸਿੰਘ ਸੁੱਖਾ ਪ੍ਰਧਾਨ ਕਿਸਾਨ ਵਿੰਗ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਆਮ ਆਦਮੀ ਪਾਰਟੀ ਦੀ ਹੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਆਪ ਪਾਰਟੀ ਵੱਲੋਂ ਵਾਅਦੇ ਪੂਰੇ ਕੀਤੇ ਜਾਂ ਰਹੇ ਹਨ ਅਤੇ ਲੋੜਵੰਦਾਂ ਦੀ ਮਦਦ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਹਲਕਾ ਯੂਥ ਪ੍ਰਧਾਨ ਗੁਰਪ੍ਰੀਤ ਸਿੰਘ ਕੈਂਪੀ, ਸਰਪੰਚ ਪਤੀ ਮਿੰਟੂ , ਪ੍ਰੇਮ ਕੁਮਾਰ ਪੰਚ , ਸੈਕਰਟਰੀ ਸੁਖਵਿੰਦਰ ਮੁਜੱਫਰਪੁਰ, ਲੰਬੜਦਾਰ ਕੁਲਵੰਤ ਸਿੰਘ ਭੰਗੂ, ਪ੍ਰਧਾਨ ਕਿਸਾਨ ਵਿੰਗ ਅਤੇ ਪੰਚਾਇਤ ਮੈਂਬਰਾਂ ਸਮੇਤ ਪਿੰਡ ਵਾਸੀ ਹਾਜ਼ਰ ਸਨ।




## ਕੰਧਾਲਾ ਜੱਟਾਂ 'ਚ ਕਾਰ ਚੋਰੀ, ਮਾਮਲਾ ਦਰਜ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਵਿਖੇ ਬੀਤੇ ਦਿਨੀ ਇਕ ਘਰ ਦੇ ਬਾਹਰ ਖੜੀ ਕੀਤੀ ਗਈ ਆਲਟੋ ਕਾਰ ਅਣਪਛਾਤੇ ਚੋਰ ਨੇ ਚੋਰੀ ਕਰ ਲਈ । ਪੁਲਸ ਨੇ ਚੋਰੀ ਦਾ ਸ਼ਿਕਾਰ ਹੋਏ ਬਖਸ਼ੀਸ਼ ਸਿੰਘ ਪੁੱਤਰ ਕਰਤਾਰ ਸਿੰਘ ਦੇ ਬਿਆਨ ਦੇ ਅਧਾਰ ਤੇ ਦਰਜ ਕੀਤਾ ਹੈ।ਉਸਨੇ ਆਪਣੇ ਬਿਆਨ ਵਿਚ ਦੱਸਿਆ ਕਿ ਉਨ੍ਹਾਂ ਆਪਣੀ ਕਾਰ ਘਰ ਦੇ ਨੇੜੇ ਗਰਾਊਂਡ ਵਿਚ ਖੜੀ ਕੀਤੀ ਸੀ ਜਿੱਥੋਂ ਉਹ ਚੋਰੀ ਹੋ ਗਈ।ਪੁਲਸ ਨੇ ਹੁਣ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ । ਥਾਣੇਦਾਰ ਸੁਰਿੰਦਰਪਾਲ ਸਿੰਘ ਚੋਰ ਦੀ ਭਾਲ ਵਿਚ ਜੁਟੇ ਹੋਏ ਹਨ।

# ਏ ਡੀ ਸੀ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਦੀ ਮਹੀਨਾਵਾਰ ਸਮੀਖਿਆ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਸਾਰੇ ਯੋਗ ਲਾਭਪਾਤਰੀਆਂ ਤੱਕ ਭਲਾਈ ਯੋਜਨਾਵਾਂ ਦਾ ਲਾਭ ਪਹੁੰਚਾਉਣ ਅਤੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੱਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਅਗਵਾਈ ਕਰਦਿਆਂ ਉਨ੍ਹਾਂ ਵਿਭਾਗ ਮੁਖੀਆਂ ਤੋਂ ਉਨ੍ਹਾਂ ਦੇ ਕੰਮ-ਕਾਜ ਦੀ ਸਮੀਖਿਆ ਕੀਤੀ।ਵਧੀਕ ਡਿਪਟੀ ਕਮਿਸ਼ਨਰ (ਜ) ਨੇ ਇਸ ਦੌਰਾਨ ਸੜਕ ਸੁਰੱਖਿਆ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲੈਕ ਸਪਾਟਾਂ ਦੀ ਪਛਾਣ ਕਰਕੇ ਲੋੜੀਂਦੇ ਸੁਰੱਖਿਆ ਉਪਾਅ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਕੋਈ ਵੀ ਰਾਹਗੀਰ ਸੜਕ ਹਾਦਸੇ ਦਾ ਸ਼ਿਕਾਰ ਨਾ ਹੋਵੇ। ਇਸ ਦੌਰਾਨ ਉਨ੍ਹਾਂ ਰਾਹਵੀਰ ਅਤੇ ਫਰਿਸ਼ਤੇ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਕਿਹਾ। ਟਰਾਂਸਪੋਰਟ ਵਿਭਾਗ ਵੱਲੋਂ ਦੱਸਿਆ ਗਿਆ ਕਿ ਮਈ ਮਹੀਨੇ ਦੌਰਾਨ ਜਨ-ਜਾਗਰੂਕਤਾ ਦੇ 44 ਅਤੇ ਜੂਨ ਮਹੀਨੇ ਦੌਰਾਨ 40 ਕੈਂਪ ਜ਼ਿਲ੍ਹੇ ਵਿੱਚ ਲਗਾਏ ਗਏ। ਇਸੇ ਤਰ੍ਹਾਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ 110 ਸਕੂਲੀ ਵਾਹਨਾਂ ਦੀ ਜਾਂਚ ਕੀਤੀ ਗਈ ਅਤੇ 23 ਵਾਹਨਾਂ ਦੇ ਚਲਾਨ ਕੱਟੇ ਗਏ। ਪੁਲਸ ਵਿਭਾਗ ਵੱਲੋਂ ਇਨਫੋਰਸਮੈਂਟ ਡਰਾਈਵ ਤਹਿਤ ਮਈ ਮਹੀਨੇ ਵਿੱਚ 6015 ਅਤੇ ਜੂਨ ਮਹੀਨੇ ਵਿੱਚ 5078 ਚਲਾਨ ਕੀਤੇ ਗਏ। ਉਨ੍ਹਾਂ ਜੀ.ਐਸ.ਟੀ., ਆਬਕਾਰੀ ਵਿਭਾਗ, ਜ਼ਿਲ੍ਹਾ ਵਾਤਾਵਰਣ ਕਮੇਟੀ, ਯੂ.ਈ.ਆਈ.ਪੀ., ਸਵੱਛ ਭਾਰਤ ਮੁਹਿੰਮ (ਸ਼ਹਿਰੀ), ਠੋਸ ਅਤੇ ਤਰਲ ਕੂੜਾ ਪ੍ਰਬੰਧਨ, ਯੂ.ਆਈ.ਈ.ਪੀ. ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) ਸਮੇਤ ਹੋਰ ਯੋਜਨਾਵਾਂ ਅਤੇ ਵਿਭਾਗਾਂ ਦੇ ਕੰਮਾਂ ਦੀ ਵੀ ਸਮੀਖਿਆ ਕੀਤੀ।ਏ.ਡੀ.ਸੀ. ਨੇ ਸਿਹਤ ਵਿਭਾਗ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਵੱਖ-ਵੱਖ ਸਿਹਤ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਟੀਚੇ ਸਮੇਂ ਸਿਰ ਪੂਰੇ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵੈਕਟਰ ਬੋਰਨ ਅਤੇ ਵਾਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਵੀ ਸਮੀਖਿਆ ਕੀਤੀ।ਉਨ੍ਹਾਂ ਆਮ ਆਦਮੀ ਕਲੀਨਿਕਾਂ ਦੇ ਕੰਮ-ਕਾਜ ਦੀ ਵੀ ਸਮੀਖਿਆ ਕੀਤੀ।ਉਨ੍ਹਾਂ ਕਿਹਾ ਕਿ ਗਰਭਵਤੀ ਮਹਿਲਾਵਾਂ ਦੀਆਂ ਵੱਧ ਤੋਂ ਵੱਧ ਡਿਲੀਵਰੀਆਂ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣ ਲਈ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਡਿਲੀਵਰੀ ਦੌਰਾਨ ਬੀ.ਪੀ.ਐੈਲ. ਪਰਵਾਰਾਂ ਨਾਲ ਸਬੰਧਿਤ ਮਹਿਲਾਵਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਵੀ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਡਰੱਗ ਐਂਡ ਕਾਸਮੈਟਿਕ ਐਕਟ ਤਹਿਤ ਮੈਡੀਕਲ ਸਟੋਰਾਂ ਦੀ ਨਿਯਮਿਤ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਬੇਨਿਯਮਤਾ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।
ਉਨ੍ਹਾਂ ਕਿਹਾ ਕਿ ਟੀ.ਬੀ. ਬਿਮਾਰੀ ਸਬੰਧੀ ਵੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾਵੇ ਅਤੇ ਅਜਿਹੇ ਮਰੀਜ਼ ਸਾਹਮਣੇ ਆਉਣ 'ਤੇ ਉਨ੍ਹਾਂ ਦਾ ਤੁਰੰਤ ਇਲਾਜ ਯਕੀਨੀ ਬਣਾਇਆ ਜਾਵੇ।ਇਸ ਮੌਕੇ ਸਹਾਇਕ ਕਮਿਸ਼ਨਰ (ਜ) ਡਾ. ਸੁਮਿਤ ਮੁਧ, ਐਸ. ਡੀ. ਐਮ. ਦਸੂਹਾ ਕਵਲਜੀਤ ਸਿੰਘ, ਐਸ.ਡੀ.ਐਮ. ਗੜ੍ਹਸ਼ੰਕਰ ਸੰਜੀਵ ਕੁਮਾਰ, ਐਸ.ਡੀ.ਐਮ. ਟਾਂਡਾ ਲਵਪ੍ਰੀਤ ਸਿੰਘ, ਐਸ.ਡੀ.ਐਮ. ਹੁਸ਼ਿਆਰਪੁਰ ਪਰਮਪ੍ਰੀਤ ਸਿੰਘ, ਐਸ.ਪੀ. ਨਵਨੀਤ ਕੌਰ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।




# ਪੰਜਾਬ ਬੰਦ ਦੀ ਕਾਲ 'ਤੇ ਨੂਰਮਹਿਲ ਰਿਹਾ ਬੰਦ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਫਾਈ ਸੇਵਕਾਂ ਦੀਆਂ ਮੰਗਾਂ ਦੇ ਸੰਬੰਧ ਵਿੱਚ ਤੇ ਪੰਜਾਬ ਦੀ ਕਾਲ ਤੇ ਨੂਰਮਹਿਲ ਸ਼ਹਿਰ ਪੂਰਨ ਬੰਦ ਰਿਹਾ ਅਤੇ ਪੁਰਾਣੇ ਬੱਸ ਅੱਡੇ ਤੇ ਸਫ਼ਾਈ ਸੇਵਕਾਂ ਅਤੇ ਹੋਰ ਵੱਖ ਵੱਖ ਸਮਾਜ ਸੇਵਕ ਜਥੇਬੰਦੀਆਂ ਦੇ ਆਗੂਆਂ ਨੇ ਇਸ ਧਰਨੇ ਨੂੰ ਮਜ਼ਬੂਤ ਕਰਨ ਲਈ ਦੱਬ ਕੇ ਹਮਾਇਤ ਕੀਤੀ। ਇਸ ਸਮੇਂ ਧਰਨੇ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਚੇਅਰਮੈਨ ਬਲਵੀਰ ਸਿੰਘ ਚੀਮਾ, ਸਫ਼ਾਈ ਸੇਵਕ ਨੂਰਮਹਿਲ ਦੇ ਪ੍ਰਧਾਨ ਰਾਜ ਕੁਮਾਰ ਸਹੋਤਾ, ਵਾਇਸ ਪ੍ਰਧਾਨ ਸੁਭਾਸ਼ ਕੁਮਾਰ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾ, ਬਲਵੀਰ ਸਿੰਘ ਸੰਧੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ,ਗੁਰਕਮਲ ਸਿੰਘ, ਰਾਜ ਕੁਮਾਰ ਸਹੋਤਾ,ਕਰਿੰਦਰ ਸਿੰਘ ਕੌਂਦੋਲਾ, ਸੁਰਜੀਤ ਸਿੰਘ ਭਿੰਦਾ, ਭੁਪਿੰਦਰ ਸਿੰਘ ਬਿਲਗਾ, ਬਲਰਾਜ ਸਿੰਘ ਲਾਡੀ, ਅਮਰਜੀਤ ਸਿੰਘ ਸੋਹੀ, ਬੀ ਐੱਸ ਪੀ ਦੇ ਆਗੂ, ਜਗਦੀਸ਼ ਸ਼ੇਰਪੁਰੀ, ਸਾਬਕਾ ਕੌਂਸਲਰ, ਦੇਵਲਾਜ ਸੁਮਨ,ਹੰਸ ਰਾਜ ਸਿੱਧੂ, ਸੁਰਜੀਤ ਸਿੰਘ ਸਮਰਾ, ਨਗਰ ਕੌਂਸਲ ਵਾਇਸ ਪ੍ਰਧਾਨ ਕੁਲਦੀਪ ਦੀਪਾਂ, ਚੰਨਣ ਸਿੰਘ ਬੁੱਟਰ, ਕਸ਼ਮੀਰੀ ਲਾਲ ਸੰਘਾ,ਆਦਿ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਬਹੁਤ ਲੰਮੇ ਸਮੇਂ ਤੋਂ ਲੱਟਕਦੀਆ ਆ ਰਹੀਆਂ ਹਨ ਜਿਵੇਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤੇ ਜਾਣ, ਨਵੇਂ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇ, ਤਨਖਾਹਾਂ ਵਧਾਈਆਂ ਜਾਣ, ਮੈਡੀਕਲ ਸਹੂਲਤਾਂ ਦਿੱਤੀਆ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਹਿੰਗਾਈ ਭੱਤੇ ਦਿੱਤੇ ਜਾਣ, ਬਾਂਕੀ ਜਿਹੜੇ ਮਹਿੰਗਾਈ ਭੱਤੇ ਕੱਟੇ ਹਨ ਬਹਾਲ ਕੀਤੇ ਜਾਣ।



# ਸ਼ਹੀਦ ਊਧਮ ਸਿੰਘ-ਸਾਮਰਾਜਵਾਦ ਨੂੰ..... (ਸ.ਫ਼ਾ 4 ਦਾ ਬਾਕੀ

ਦਿੱਤੀ ਤੇ ਆਖਿਆ, "ਕੱਲ੍ਹ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ ।ਇਹ ਤੁਹਾਡੇ ਪਿਆਰੇ 'ਬਾਵੇ' ਲਈ ਸ਼ੁਭ ਦਿਨ ਹੋਵੇਗਾ ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਓਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ ।ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜਾ ਹੋਇਆ । ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਣ ਕੀਤਾ ।ਮੀਟਿੰਗ ਮੁੱਕਦੇ ਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ, ਓਡਵਾਇਰ ਮੌਕੇ 'ਤੇ ਹੀ ਮਾਰਿਆ ਗਿਆ । ਲਾਰਡ ਜੈਟਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ । ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ 'ਤੇ ਫੜਿਆ ਗਿਆ । ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ ।ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, 'ਆਹ ਪਿਆ' ।ਰਾਤ ਨੂੰ 9 ਵਜੇ ਬੀ ਬੀ ਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ ।9 :15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ । ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ । 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ 'ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ।ਮਹੀਨਾ ਭਰ ਉਸ ਨੂੰ ਅੰਗਰੇਜ਼ੀ ਪੁਲਸ ਨੇ ਭਾਰੀ ਤਸੀਹੇ ਦਿੱਤੇ, ਪ੍ਰੰਤੂ ਉਹ ਆਪਣੇ ਮਿਸ਼ਨ 'ਤੇ ਡਟਿਆ ਰਿਹਾ ।26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸ ਦਾ ਵਜ਼ਨ 24 ਪੌਂਡ ਘਟ ਗਿਆ ।5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸ ਨੂੰ ਜੱਜਾਂ ਨੇ ਬਾਰ-ਬਾਰ ਟੋਕਿਆ । ਊਧਮ ਸਿੰਘ ਗਰਜਿਆ, ਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜਤ ਹਾਂ, ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।..... ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ ਅਤੇ ਆਸ ਕਰਦਾ ਹਾਂ ਕਿ ਜਦੋਂ ਮੈਂ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ, ਤਾਂ ਜੋ ਤੁਹਾਨੂੰ (ਅੰਗਰੇਜ਼ੀ) ਗੰਦੇ ਕੁੱਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ ।.... ਤੁਸੀਂ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਤ ਕੀਤਾ ਜਾਂਦਾ ਹੈ ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ।ਅਸੀ ਇੰਗਲੈਂਡ ਆਉਂਦੇ ਹਾਂ, ਤਾਂ ਮੌਤ ਦੀ ਸਜ਼ਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, 'ਅੰਗਰੇਜ਼ ਸਾਮਰਾਜਵਾਦ ਮੁਰਦਾਬਾਦ! ਇਨਕਲਾਬ ਜ਼ਿੰਦਾਬਾਦ !!' ਉਨ੍ਹਾ ਦਲੀਲ, ਨਾ ਵਕੀਲ, ਨਾ ਅਪੀਲ' ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ ।ਸੋ ਐਨਕਿਨਸਨ ਨੇ ਜਿਊਰੀ ਵੱਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ । ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ੍ਹ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ । ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਣ ਦਾ ਪੈਗਾਮ ਦਿੰਦਾ ਰਹੇਗਾ ।

**# ਸੰਪਰਕ : 96464-02470**

## ਦਰੱਖਤ ਲਾ ਕੇ ਗੁਰ ਪੁੰਨਿਆ ਦਾ ਪਵਿੱਤਰ ਦਿਹਾੜਾ ਮਨਾਇਆ



**ਲੁਧਿਆਣਾ (ਐਮ ਐਸ ਭਾਟੀਆ)**-ਪਿੰਡ ਮੱਲਕੇ ਜ਼ਿਲ੍ਹਾ ਮੋਗਾ ਦੇ ਸ਼ਬਦ ਸੁਰਤ ਸੰਗਮ ਆਸ਼ਰਮ ਵਿਖੇ ਪਰਿਆਵਰਣ ਦੀ ਸ਼ੁੱਧਤਾ ਖਾਤਰ ਸਾਧਵੀ ਯੋਗਾਂਜਲੀ ਚੈਤੰਨਿਆ ਪੁਰੀ ਦੀ ਅਗਵਾਈ ਹੇਠ ਸਰਬ ਸ੍ਰੀ ਦਲੀਪ ਸਿੰਘ ਖੀਪਲ ਲੁਧਿਆਣਾ, ਰਾਜ ਕੁਮਾਰ ਚੰਡੀਗੜ੍ਹ, ਕੁਲਦੀਪ ਸੱਦੀ ਚੰਡੀਗੜ੍ਹ, ਸੁਵਰਨਜੀਤ ਸਿੰਘ, ਕ੍ਰਿਸ਼ਨਾ ਦੇਵੀ, ਰਵਿੰਦਰ ਰੂਬੀ ਕਿਲਾ ਰਾਏਪੁਰ ਨੇ ਦਰੱਖਤ ਲਾਏ।ਇਸ ਤੋਂ ਪਹਿਲਾਂ ਪਿੰਡ ਤੋਲੇਵਾਲ ਕਿਲਾ ਰਾਏਪੁਰ ਵਿਖੇ ਵੀ ਦਰੱਖਤ ਲਾਏ ਸਨ।ਇਸ ਉਪਰੰਤ ਸਾਧਵੀ ਯੋਗਾਂਜਲੀ ਚੇਤੱਨਿਆ ਪੁਰੀ ਜੀ ਦੀ ਅਗਵਾਈ ਹੇਠ ਗੁਰ ਪੁੰਨਿਆ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਪ੍ਰੇਮ ਪੂਰਵਕ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਪੁੱਜੀ ਸੰਗਤ ਨੇ ਆਪਣੇ ਗੁਰੂਦੇਵ ਸਾਧਵੀ ਜੀ ਦੀ ਪੂਜਾ-ਆਰਤੀ ਕੀਤੀ।ਕੀਰਤਨੀਆਂ ਨੇ ਭਜਨ-ਕੀਰਤਨ-ਧਾਰਨਾਵਾਂ ਗਾ ਕੇ ਖ਼ੂਬ ਆਨੰਦ ਬੰਨ੍ਹਿਆ।

## ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਅਧਾਰਤ ਡਾਕੂਮੈਂਟਰੀ ਦਿਖਾਈ




**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਵਲੋਂ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਚਲਾਈ ਜਾ ਰਹੀ ਵਿਸ਼ੇਸ਼ ਜਾਗਰੂਕਤਾ ਮੁਹਿੰਮ ਤਹਿਤ ਪਿੰਡ ਸੈਦੋ ਕੇ ਉਤਾੜ ਅਤੇ ਸੈਦੋ ਕੇ ਹਿਠਾੜ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫ਼ਲਸਫ਼ੇ ਤੇ ਮਹਾਨ ਸਿੱਖਿਆਵਾਂ 'ਤੇ ਆਧਾਰਿਤ ਡਾਕੂਮੈਂਟਰੀ ਦਿਖਾਈ ਗਈ।ਇਸ ਮੌਕੇ ਵੱਡੀ ਗਿਣਤੀ ਵਿਚ ਪਿੰਡ ਵਾਸੀਆਂ ਨੇ ਡਾਕੂਮੈਂਟਰੀ ਦੇਖੀ ਅਤੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਵੱਲੋਂ ਦਿੱਤੇ ਸਮਾਨਤਾ, ਭਾਈਚਾਰੇ, ਮਨੁੱਖਤਾ ਅਤੇ ਸਮਾਜਿਕ ਨਿਆਂ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿਚ ਅਪਣਾਉਣ ਦਾ ਸੰਕਲਪ ਲਿਆ।

## ਪ੍ਰੈੱਸ ਕਲੱਬ ਨੇ ਕੀਤੀ ਫੂਡ ਸੇਫ਼ਟੀ ਅਫ਼ਸਰ ਨਾਲ ਮੁਲਾਕਾਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਪ੍ਰੈਸ ਕਲੱਬ ਵੱਲੋਂ ਪ੍ਰਧਾਨ ਦੀਪਕਪਾਲ ਸ਼ਰਮਾ ਦੀ ਅਗਵਾਈ ਹੇਠ ਸਿਵਲ ਸਰਜਨ ਦਫਤਰ ਵਿਖੇ ਫੂਡ ਸੇਫਟੀ ਅਫਸਰ ਗਗਨਦੀਪ ਕੌਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਮੁਲਾਕਾਤ ਦੌਰਾਨ ਕਲੱਬ ਦੇ ਪ੍ਰਧਾਨ ਦੀਪਕਪਾਲ ਸ਼ਰਮਾ ਤੇ ਹੋਰ ਪੱਤਰਕਾਰ ਭਾਈਚਾਰੇ ਵੱਲੋਂ ਫੂਡ ਸੇਫਟੀ ਅਫਸਰ ਨਾਲ ਵੱਖ-ਵੱਖ ਮਸਲਿਆਂ 'ਤੇ ਚਰਚਾ ਕੀਤੀ ਗਈ।ਅਫਸਰ ਗਗਨਦੀਪ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਅਭਿਆਨ ਤਹਿਤ ਬਜ਼ਾਰਾਂ ਚ ਖਾਣ-ਪੀਣ ਵਾਲੀਆਂ ਵਸਤੂਆਂ ਦੀ ਰੈਗੂਲਰ ਚੈਕਿੰਗ ਕੀਤੀ ਜਾ ਰਹੀ ਹੈ।ਫਾਸਟ ਫੂਡ ਦੀਆਂ ਰੇਹੜੀਆਂ ਤੇ ਅਜੀਨੋਮੋਟੋ ਦੀ ਵਰਤੋਂ ਸਬੰਧੀ ਉਨਾਂ ਕਿਹਾ ਕਿ ਅਜੀਨੋਮੋਟੋ ਦੀ ਵਰਤੋਂ ਨਹੀਂ ਕਰਨ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮਿਲਾਵਟੀ ਪਨੀਰ ਸਬੰਧੀ ਵੀ ਉਹ ਰੈਗੂਲਰ ਚੈਕਿੰਗ ਕਰਦੇ ਰਹਿੰਦੇ ਹਨ।ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜਿਹੜਾ ਵੀ ਨਕਲੀ ਜਾਂ ਮਿਲਾਵਟੀ ਪਨੀਰ ਬਣਾਉਂਦਾ ਫੜਿਆ ਗਿਆ ਉਸ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇਗੀ।ਫਿਲਹਾਲ ਸ੍ਰੀ ਮੁਕਤਸਰ ਸਾਹਿਬ ਚ ਅਜਿਹਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ।ਮੀਟ ਦੀਆਂ ਦੁਕਾਨਾਂ ਤੇ ਅਜੀਨੋਮੋਟੋ ਦੀ ਵਰਤੋਂ ਸਬੰਧੀ ਉਨਾਂ ਕਿਹਾ ਕਿ ਸਮੇਂ-ਸਮੇਂ ਸਿਰ ਮੀਟ ਸ਼ਾਪ ਸੰਚਾਲਕਾਂ ਨੂੰ ਵੀ ਉਹ ਸਾਫ-ਸਫਾਈ ਦੀਆਂ ਹਦਾਇਤਾਂ ਦਿੰਦੇ ਰਹਿੰਦੇ ਨੇ ਤੇ ਆਉਂਦੇ ਦਿਨਾਂ ਚ ਵੀ ਇੱਕ ਵਾਰ ਫਿਰ ਤੋਂ ਚੈਕਿੰਗ ਕਰਕੇ ਇਸ ਸਬੰਧੀ ਸਖਤੀ ਨਾਲ ਪਾਲਣ ਕਰਾਉਣ ਸਬੰਧੀ ਕਾਰਵਾਈ ਕਰਨਗੇ।

## ਬੇਟੀ ਦਾ ਜਨਮ ਦਿਨ ਛਾਂਦਾਰ ਤੇ ਫ਼ਲਦਾਰ ਪੌਦੇ ਲਾ ਕੇ ਮਨਾਇਆ



**ਬਠਿੰਡਾ (ਬਖਤੌਰ ਢਿੱਲੋਂ)**-ਪਿੰਡ ਚੁੱਘੇ ਕਲਾਂ ਦੀ ਨੰਨ੍ਹੀ ਬੱਚੀ ਸਤਿਨੂਰ ਕੌਰ ਦਾ ਦੂਜਾ ਜਨਮ ਦਿਨ ਮਾਪਿਆਂ ਨੇ ਵੱਖਰੇ ਢੰਗ ਨਾਲ ਮਨਾ ਕੇ ਅਗਾਂਹਵਧੂ ਪਰਿਵਾਰ ਹੋਣ ਦਾ ਸਬੂਤ ਦਿੱਤਾ ਹੈ। ਪਰਵਾਰ ਨੇ ਮੌਜੂਦਾ ਰਿਵਾਇਤ ਦੇ ਉਲਟ ਬੱਚੀ ਦੀ ਤੰਦਰੁਸਤੀ ਲਈ ਗੁਰੂ ਘਰ ਵਿੱਚ ਅਰਦਾਸ ਕਰਾਉਣ ਉਪਰੰਤ ਗੁਰਦੁਆਰਾ ਸਾਹਿਬ ਅਤੇ ਹੋਰ ਸਾਂਝੀਆਂ ਥਾਂਵਾਂ 'ਤੇ ਛਾਂਦਾਰ ਅਤੇ ਫ਼ਲਦਾਰ ਪੌਦੇ ਲਾਏ ਅਤੇ ਸਮਾਜ ਭਲਾਈ ਹਿੱਤ ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਆਰਥਿਕ ਸਹਾਇਤਾ ਦਿੱਤੀ। ਬੱਚੀ ਨੂੰ ਆਸ਼ੀਰਵਾਦ ਦੇਣ ਲਈ ਪਿੰਡਚ 'ਚ ਸਮਾਜ ਭਲਾਈ ਦੇ ਕਈ ਦਹਾਕਿਆਂ ਤੋਂ ਕੰਮ ਕਰਨ ਵਾਲੇ ਸ਼ਹੀਦ ਭਗਤ ਸਿੰਘ ਯੁਵਕ ਭਲਾਈ ਕਲੱਬ ਦੇ ਆਗੂ ਮਾ. ਸੁਖਜਿੰਦਰ ਕੁਮਾਰ, ਮਾ. ਸੁਖਮੰਦਰ ਸਿੰਘ, ਜਸਵੀਰ ਸਿੰਘ ਤੇ ਬਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਕਮੇਟੀ ਮੈਂਬਰ ਜਗਸੀਰ ਝੁੰਬਾ, ਸਮਾਜ ਸੇਵੀ ਜਸਵਿੰਦਰ ਸਿੰਘ ਸਰਦਾਰਗੜ੍ਹ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਰਾਮ ਸਿੰਘ ਨਿਰਮਾਣ ਤੇ ਮਾ: ਜੋਗਿੰਦਰ ਸਿੰਘ ਸਰਦਾਰਗੜ੍ਹ ਆਦਿ ਉਚੇਚੇ ਤੌਰ 'ਤੇ ਪਹੁੰਚੇ। ਬੱਚੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਉਸਦੇ ਦਾਦਾ ਜਗਤਾਰ ਸਿੰਘ ਪਿਤਾ ਅਯਾਦਵਿੰਦਰ ਸਿੰਘ ਤੇ ਸਮੂਹ ਪਰਵਾਰ ਨੇ ਸਮਾਜ ਭਲਾਈ ਤੇ ਲੋਕ ਹਿਤ ਕੰਮਾਂ ਲਈ ਵਰਤਣ ਵਾਸਤੇ ਤਿੰਨ ਸੰਸਥਾਵਾਂ ਨੂੰ ਨਕਦ ਰਾਸ਼ੀ ਭੇਟ ਕੀਤੀ। ਅੰਤ 'ਚ ਰਾਮ ਸਿੰਘ ਨਿਰਮਾਣ ਤੇ ਮਾ: ਸੁਖਜਿੰਦਰ ਸਿੰਘ ਨੇ ਇਸ ਨਿਵੇਕਲੇ ਉਸਾਰੂ ਤੇ ਅਗਾਂਹਵਧੂ ਕਦਮ ਦੀ ਸ਼ਲਾਘਾ ਕਰਦਿਆਂ ਪਰਵਾਰ ਦਾ ਧੰਨਵਾਦ ਕੀਤਾ।

## ਸੈਲੋ ਪਲਾਂਟ ਦੇ ਵਿਰੋਧ 'ਚ ਧਰਨਾ ਜਾਰੀ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਵੱਲੋਂ ਇਕਾਈ ਪ੍ਰਧਾਨ ਕਰਮ ਸਿੰਘ ਦੀ ਅਗਵਾਈ 'ਚ ਪਿੰਡ ਤੂਰਬੰਜਾਰਾ ਵਿਖੇ ਧਰਨਾ ਦੇ ਕੇ ਪੱਕਾ ਮੋਰਚਾ ਲਾਇਆ ਗਿਆ। ਬਲਾਕ ਦਿੜ੍ਹਬਾ ਦੇ ਪ੍ਰਧਾਨ ਹਰਜੀਤ ਸਿੰਘ ਮਹਿਲਾਂ ਤੇ ਬਲਾਕ ਖ਼ਜ਼ਾਨਚੀ ਜਗਦੀਪ ਸਿੰਘ ਮਹਿਲਾ ਨੇ ਦੱਸਿਆ ਕਿ ਪਿੰਡ ਦੇ ਬਿਲਕੁਲ ਨਾਲ ਲੱਗਦੀ ਹੱਦ ਵਿੱਚ ਪੀਯੂਬੀ ਐਗਰੀ ਲੋਸਟਿਕ ਪ੍ਰਾਈਵੇਟ ਲਿਮਿਟਡ ਕੰਪਨੀ ਵੱਲੋਂ ਸੈਲੋ ਪਲਾਂਟ ਲਾਇਆ ਜਾ ਰਿਹਾ ਹੈ, ਜਿਸ ਦਾ ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਸਖਤ ਵਿਰੋਧ ਕੀਤਾ ਜਾ ਰਿਹਾ ਹੈ, ਕਿਉਂਕਿ ਸੈਲੋ ਕੰਪਨੀ ਸਾਰੀਆਂ ਹਿਦਾਇਤਾਂ ਨੂੰ ਛਿੱਕੇ ਟੰਗ ਕੇ ਧੱਕੇਸ਼ਾਹੀ ਨਾਲ ਸੈਲੋ ਪਲਾਟ ਲਾਉਣਾ ਚਾਹੁੰਦੀ ਹੈ, ਜਿਸ ਦਾ ਮਾਨਯੋਗ ਕੋਰਟ ਵਿੱਚ ਕੇਸ ਵੀ ਚੱਲ ਰਿਹਾ ਹੈ। ਦੋ ਸਾਲ ਪਹਿਲਾਂ ਵੀ ਇਸੇ ਕੰਪਨੀ ਨੇ ਇਸ ਜਗ੍ਹਾ ਤੇ ਸੈਲੋ ਪਲਾਂਟ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਪਿੰਡ ਵਾਸੀਆਂ ਦੇ ਸਖਤ ਵਿਰੋਧ ਨੂੰ ਦੇਖਦਿਆਂ ਕੰਪਨੀ ਪਿੱਛੇ ਹਟ ਗਈ ਸੀ। ਹੁਣ ਦੁਬਾਰਾ ਫਿਰ ਤੋਂ ਧੱਕੇਸ਼ਾਹੀ ਨਾਲ ਪਿੰਡ ਦੀ ਹੱਦ ਵਿੱਚ ਸੈਲੋ ਪਲਾਂਟ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਪਿੰਡ ਵਾਸੀ ਕਿਸੇ ਵੀ ਕੀਮਤ 'ਤੇ ਨਹੀਂ ਲੱਗਣ ਦੇਣਗੇ।

## ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਾਉਣ ਲਈ ਕੀਤਾ ਪ੍ਰੇਰਤ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਪਰਮਜੀਤ ਸਿੰਘ)**-ਡੀ.ਜੀ.ਪੀ ਪੰਜਾਬ ਵੱਲੋਂ ਸੂਬੇ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪੁਲਿਸ ਵੱਲੋਂ ਵਾਤਾਵਰਨ ਸੰਭਾਲ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ।ਐਸ.ਐਸ.ਪੀ. ਦਫ਼ਤਰ ਸ੍ਰੀ ਮੁਕਤਸਰ ਸਾਹਿਬ ਦੇ ਬਾਹਰ ਪੌਦਿਆਂ ਦਾ ਲੰਗਰ ਲਾਇਆ ਗਿਆ।ਡੀ.ਐਸ.ਪੀ. ਸ੍ਰੀ ਹਰਜੀਤ ਸਿੰਘ ਮਾਨ ਤੇ ਇੰਸਪੈਕਟਰ ਇੰਦਰਜੀਤ ਕੌਰ, ਇੰਚਾਰਜ ਸੀ.ਪੀ.ਆਰ.ਸੀ. ਦੀ ਅਗਵਾਈ ਹੇਠ ਪੁਲਿਸ ਟੀਮ ਵੱਲੋਂ ਆਉਂਦੇ-ਜਾਂਦੇ ਰਾਹਗੀਰਾਂ, ਵਾਹਨ ਚਾਲਕਾਂ ਤੇ ਆਮ ਲੋਕਾਂ ਨੂੰ ਮੁਫ਼ਤ ਪੌਦੇ ਵੰਡੇ ਗਏ।ਇਸ ਦੌਰਾਨ ਲੋਕਾਂ ਨੂੰ ਆਪਣੇ ਘਰਾਂ, ਖੇਤਾਂ, ਦਫ਼ਤਰਾਂ ਅਤੇ ਜਨਤਕ ਥਾਵਾਂ 'ਤੇ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਐਸਆਈ ਸੁਖਦੇਵ ਸਿੰਘ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸ੍ਰੀ ਮੁਕਤਸਰ ਸਾਹਿਬ ਸਨ।ਡੀ.ਐਸ.ਪੀ. ਸ੍ਰੀ ਹਰਜੀਤ ਸਿੰਘ ਮਾਨ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵੱਲੋਂ ਅੱਜ ਲਗਭਗ 200 ਪੌਦੇ ਵੱਖ-ਵੱਖ ਪੁਲਿਸ ਦਫ਼ਤਰਾਂ, ਥਾਣਿਆਂ, ਚੌਕੀਆਂ ਤੇ ਪੁਲਿਸ ਲਾਈਨ ਵਿਖੇ ਲਾਉਣ ਦਾ ਟੀਚਾ ਰੱਖਿਆ ਗਿਆ ਹੈ।

## ਨੀਟ ਪੇਪਰ ਲੀਕ ਨਾਲ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਹੋਇਆ ਖਿਲਵਾੜ : ਚੌਰਾਇਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੀਟ ਪੇਪਰ ਲੀਕ ਖਿਲਾਫ਼ ਦੇਸ਼ ਭਰ ਦੇ ਵਿਦਿਆਰਥੀਆਂ ਵੱਲੋਂ ਚੱਲ ਰਹੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਹੈ ਤੇ ਦਿੱਲੀ ਦੇ ਜੰਤਰ-ਮੰਤਰ 'ਤੇ ਸੀ.ਜੇ.ਪੀ. ਸਮੇਤ ਕਈ ਵਿਦਿਆਰਥੀ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਸ਼ਾਲ ਪ੍ਰਦਰਸ਼ਨਾਂ ਦੇ ਬਾਅਦ ਕੇਂਦਰ ਨੇ ਸਖ਼ਤ ਕਾਨੂੰਨ ਬਣਾਉਣ ਅਤੇ ਦੋਸ਼ੀਆਂ ਖਿਲਾਫ ਜਾਂਚ ਦਾ ਐਲਾਨ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਦੇ ਜਨਰਲ ਸਕੱਤਰ ਚੇਤਨ ਚੌਰਾਇਆ ਨੇ ਕੀਤਾ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਵਿਦਿਆਰਥੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਤੇ ਨੀਟ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰ ਰਹੇ ਸਨ। ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਨੇ ਲੋਕ ਸਭਾ ਦਾ ਘਿਰਾਓ ਕਰਨ ਦਾ ਐਲਾਨ ਵੀ ਕੀਤਾ ਸੀ। ਦੋਸ਼ ਹੈ ਕਿ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕੁਝ ਵਿਦਿਆਰਥੀਆਂ ਨਾਲ ਪੁਲਿਸ ਵੱਲੋਂ ਧੱਕਾਮੁੱਕੀ ਵੀ ਕੀਤੀ ਗਈ, ਪਰ ਵਿਦਿਆਰਥੀ ਆਪਣੀਆਂ ਮੰਗਾਂ ਤੋਂ ਪਿੱਛੇ ਨਹੀਂ ਹਟੇ।

ਕੇਂਦਰੀ ਮੰਤਰੀਆਂ ਨਾਲ ਭਾਜਪਾ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਹੋਈ, ਜਿਸ 'ਚ ਵਿਦਿਆਰਥੀਆਂ ਦਾ ਮੰਗ ਪੱਤਰ ਸੌਂਪਿਆ ਗਿਆ। ਇਸੇ ਤਹਿਤ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਆਪਣਾ ਅਸਤੀਫਾ ਦੇਣਾ ਪਿਆ।

## ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਮਾਰਕਫੈਡ ਰਾਮਪੁਰਾ ਦੇ ਸੀਨੀਅਰ ਬ੍ਰਾਂਚ ਮੈਨੇਜਰ ਕਰਮਜੀਤ ਸਿੰਘ ਵੱਲੋਂ ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਰਜਿ: ਰਾਮਪੁਰਾ ਦੇ ਸਹਿਯੋਗ ਨਾਲ ਸਥਾਨਕ ਸਰਕਾਰੀ ਸਕੂਲਾਂ (ਸ.ਪ.ਸ. ਲਹਿਰਾ ਮੁਹੱਬਤ ਅਤੇ ਸ.ਪ.ਸ. ਲਾਲ ਸਿੰਘ ਬਸਤੀ ਲਹਿਰਾ ਮੁਹੱਬਤ) ਵਿਖੇ 260 ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ। ਮੁੱਖ ਮਹਿਮਾਨ ਵੱਜੋਂ ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਦੇ ਕਨਵੀਨਰ ਧਰਮਪਾਲ ਢੱਡਾ, ਸੀਨੀਅਰ ਐਡਵੋਕੇਟ ਪਵਨ ਕੁਮਾਰ ਗਰਗ, ਬਲਦੇਵ ਜਿੰਦਲ ਅਤੇ ਰਜਿੰਦਰ ਬਾਹੀਆ ਮੌਜੂਦ ਸਨ। ਸਮਾਜ ਸੇਵੀ ਬਲਜਿੰਦਰ ਸਿੰਘ (ਰਿਟ. ਪ੍ਰਿੰਸੀਪਲ) ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਹਿੰਦਿਆਂ ਵਿਸ਼ੇਸ਼ ਉਪਰਾਲੇ ਲਈ ਧੰਨਵਾਦ ਕੀਤਾ। ਇਸ ਮੌਕੇ ਐਸ. ਐਮ. ਸੀ. ਚੇਅਰਮੈਨ ਰਾਜਵਿੰਦਰ ਸਿੰਘ, ਸਕੂਲ ਸਟਾਫ 'ਚੋਂ ਵੀਰਪਾਲ ਕੌਰ, ਗੁਰਵਿੰਦਰ ਕੌਰ, ਵਰਿੰਦਰਪਾਲ ਕੌਰ, ਜਸਵੀਰ ਕੌਰ, ਵਿਕਾਸ, ਸੰਦੀਪ ਕੌਰ, ਕੁਲਵਿੰਦਰ ਕੌਰ, ਰਾਣੀ ਕੌਰ, ਪੂਨਮ ਰਾਣੀ, ਗੁਰਪ੍ਰੀਤ ਕੌਰ, ਹਰਵਿੰਦਰ ਸਿੰਘ, ਮਨਜੀਤ ਕੌਰ, ਵੀਰਪਾਲ ਕੌਰ, ਗੁਰਪ੍ਰੀਤ ਕੌਰ ਅਤੇ ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਸ.ਫ਼ਾਈ ਸੇਵਕ ਯੂਨੀਅਨ ਦੇ ਹੱਕ 'ਚ ਜਗਰਾਓਂ ਮੁਕੰਮਲ ਬੰਦ



**ਜਗਰਾਉਂ (ਅਮਿਤ ਖੰਨਾ)**

ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ 'ਤੇ 8 ਜੁਲਾਈ ਤੋਂ ਚੱਲ ਰਹੀ ਅਣਮਿੱਥੇ ਸਮੇਂ ਦੀ ਹੜਤਾਲ ਦੇ ਸਮਰਥਨ ਵਿੱਚ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ।ਸ਼ਹਿਰ ਦੇ ਵਪਾਰੀਆਂ, ਕਿਸਾਨ-ਮਜ਼ਦੂਰ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਅਤੇ ਭਰਾਤਰੀ ਜਥੇਬੰਦੀਆਂ ਨੇ ਸਫਾਈ ਕਾਮਿਆਂ ਦੇ ਸੰਘਰਸ਼ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਦੁਕਾਨਾਂ ਤੇ ਕਾਰੋਬਾਰ ਬੰਦ ਰੱਖ ਕੇ ਸੰਘਰਸ਼ ਨੂੰ ਭਰਵਾਂ ਸਮਰਥਨ ਦਿੱਤਾ। ਨਗਰ ਕੌਂਸਲ ਦਫ਼ਤਰ ਵਿਖੇ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸਫਾਈ ਸੇਵਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਰੁਣ ਗਿੱਲ, ਸੈਂਟਰਲ ਵਾਲਮੀਕਿ ਸਭਾ ਇੰਡੀਆ ਦੇ ਪ੍ਰੈਸ ਸਕੱਤਰ ਕੁਲਵੰਤ ਸਿੰਘ ਸਹੋਤਾ, ਸ਼ਹਿਰੀ ਪ੍ਰਧਾਨ ਅਮਿਤ ਕਲਿਆਣ, ਸੈਂਟਰਲ ਵਾਲਮੀਕਿ ਸਭਾ ਇੰਡੀਆ ਦੇ ਸ਼ਹਿਰੀ ਸਕੱਤਰ ਸਤੀਸ਼ ਬੱਗਾ, ਨਿਊ ਸ਼ਹੀਦ ਊਧਮ ਸਿੰਘ ਟੈਕਸੀ ਸਟੈਂਡ ਦੇ ਪ੍ਰਧਾਨ ਜੀਤਾ ਇਨਕਲਾਬੀ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਧਾਲੀਵਾਲ, ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਮਾਸਟਰ ਗੁਰਮੇਲ ਸਿੰਘ ਰੂਮੀ, ਪੇਂਡੂ ਮਜ਼ਦੂਰ ਯੂਨੀਅਨ ਮਸ਼ਾਲ ਦੇ ਆਗੂ ਮਦਨ ਸਿੰਘ ਅਤੇ ਨਗਰ ਸੁਧਾਰ ਸਭਾ ਦੇ ਪ੍ਰਧਾਨ ਮਾਸਟਰ ਅਵਤਾਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੋਸ਼ਲ ਮੀਡੀਆ ਤੇ ਅਖ਼ਬਾਰਾਂ ਰਾਹੀਂ ਕੀਤਾ ਜਾ ਰਿਹਾ ਪ੍ਰਚਾਰ ਗੁੰਮਰਾਹਕੁੰਨ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਆਗੂਆਂ ਨੇ ਅਖੌਤੀ ਦਲਿਤ ਲੀਡਰਾਂ ਵੱਲੋਂ ਸਫਾਈ ਸੇਵਕ ਯੂਨੀਅਨ ਦੇ ਸੰਘਰਸ਼ ਪ੍ਰਤੀ ਅਪਣਾਏ ਗੋਡੇ ਟੇਕੂ ਰਵੱਈਏ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਯੂਨੀਅਨ ਦੀ ਏਕਤਾ ਨੂੰ ਕਿਸੇ ਵੀ ਕੀਮਤ 'ਤੇ ਕਮਜ਼ੋਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸੰਘਰਸ਼ ਆਪਣੀਆਂ ਮੰਗਾਂ ਦੀ ਪ੍ਰਾਪਤੀ ਤੱਕ ਜਾਰੀ ਰਹੇਗਾ।ਇਸ ਮੌਕੇ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਪੱਪੂ ਅਤੇ ਕੌਂਸਲਰ ਦੇ ਪਤੀ ਟੋਨੀ ਵਰਮਾ, ਡਿੰਪੀ ਚੋਪੜਾ, ਅਵਤਾਰ ਸਿੰਘ ਰਸੂਲਪੁਰ ਕਿਸਾਨ ਆਗੂ ਗੁਰਦੀਪ ਸਿੰਘ, ਸੁਖਦੇਵ ਸਿੰਘ ਮਾਣੂੰਕੇ, ਰਵਿੰਦਰਪਾਲ ਪਾਲ ਸਿੰਘ ਰਾਜੂ ਹੁਕਮ ਰਾਜ ਦੇਹੜਕਾ, ਡਾ ਰਜਿੰਦਰ ਸ਼ਰਮਾ, ਰਾਜੇਸ਼ ਇੰਦਰ ਸਿੰਘ ਸਿੱਧੂ, ਪਰਮਜੀਤ ਸਿੰਘ ਰਿਪੀ ਲੱਧੜ ਬਲਾਕ ਅੰਮੀ ਚੇਅਰਮੈਨ ਜਗਰਾਉਂ, ਦੀਪਕ ਕਲਸੀ ਲਿਬੜਾ ਹੈਲਥ ਕਲੱਬ ਬਾਬਾ ਗੁਰਚਰਨ ਸਿੰਘ ਦਲੇਰ, ਜੀਵਨ ਸਿੰਘ ਬਾਗੀਆਂ ਚੇਅਰਮੈਨ ਐਸੀ ਦਿਹਾਤੀ ਅੰਗਰੇਜ਼ ਸਿੰਘ ਮੌਡ ਤਿਹਾੜਾ, ਅਤਵਾਰੀ ਲਾਲ ਪ੍ਰਧਾਨ ਰਿਕਸ਼ਾ ਯੂਨੀਅਨ, ਡਾ. ਨਿਰਮਲ ਭੁੱਲਰ, ਰਾਜੀਵ ਕੁਮਾਰ ਬੱਗਾ ਐਂਟੀ ਕੁਰੱਪਸ਼ਨ ਪ੍ਰਧਾਨ, ਕਾਮਰੇਡ ਬੂਟਾ ਸਿੰਘ ਹਾਂਸ ਕਲਾਂ ਨੇ ਵੀ ਸੰਬੋਧਨ ਕਰਦਿਆਂ ਸੰਘਰਸ਼ ਨੂੰ ਪੂਰਾ ਸਮਰਥਨ ਦਿੱਤਾ।

## ਉੱਘੇ ਸਾਹਿਤਕਾਰ ਗੁਰਬਚਨ ਸਿੰਘ ਚਿੰਤਕ ਕੈਨੇਡਾ ਦੀ ਯਾਦ 'ਚ ਸ਼ਰਧਾਂਜਲੀ ਸਮਾਰੋਹ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੈਨੇਡਾ ਵਿੱਚ ਰਹਿ ਰਹੇ ਉੱਘੇ ਸਾਹਿਤਕਾਰ ਗੁਰਬਚਨ ਸਿੰਘ ਚਿੰਤਕ ਦਾ ਕੁਝ ਦਿਨ ਪਹਿਲਾਂ ਕੈਨੇਡਾ ਵਿੱਚ ਦਿਹਾਂਤ ਹੋ ਗਿਆ ਸੀ।ਉਹ ਉੱਘੇ ਸਾਹਿਤਕਾਰ ਦੇ ਨਾਲ ਨਾਲ ਉੱਘੇ ਸਮਾਜ ਸੇਵੀ ਵੀ ਸਨ।ਉਨ੍ਹਾਂ ਸਕੂਲਾਂ ਦੇ ਗ਼ਰੀਬ ਬੱਚਿਆਂ ਦੀਆਂ ਫੀਸਾਂ ਹੀ ਨਹੀਂ ਦਿੱਤੀ ਸਗੋਂ ਸਕੂਲਾਂ ਵਿੱਚ ਬੱਚਿਆਂ ਲਈ ਪਾਰਕ ਵੀ ਬਣਾਕੇ ਦਿੱਤੇ।ਉਨ੍ਹਾਂ ਦੇ ਸੰਪਰਕ ਵਿਚ ਆਈਆਂ ਸਾਰੀਆਂ ਸਾਹਿਤ ਸਭਾਵਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ।ਉਹ ਲੋਕ ਸਾਹਿਤ ਅਕਾਦਮੀ ਅਤੇ ਲੋਹਮਣੀ ਮੈਗਜ਼ੀਨ ਦੇ ਆਰਥਿਕ ਥੰਮ ਸਨ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਗੁਰਮੇਲ ਸਿੰਘ ਬੌਡੇ ਨੇ ਚਿੰਤਕ ਦੇ ਯੋਗਦਾਨ ਤੇ ਸ਼ਖ਼ਸ਼ੀਅਤ ਦੀ ਗੱਲ ਕੀਤੀ।ਉਘੇ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਚਿੰਤਕ ਨਾਲ ਜੁੜੀਆਂ ਸਾਂਝਾਂ ਦੀ ਗੱਲ ਕੀਤੀ।ਕੇ ਐਲ ਗਰਗ ਨੇ ਚਿੰਤਕ ਵਲੋਂ ਸਕੂਲ ਦੀ ਪ੍ਰਯੋਗਸ਼ਾਲਾ ਵਿੱਚ ਦਿੱਤੇ ਆਰਥਿਕ ਯੋਗਦਾਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ।ਉਘੇ ਅਲੋਚਕ ਡਾ ਸੁਰਜੀਤ ਬਰਾੜ, ਜਗੀਰ ਸਿੰਘ ਖੋਖਰ, ਚਰਨਜੀਤ ਸਮਾਲਸਰ, ਜਸਵੀਰ ਸਿੰਘ, ਡਾ ਹਰਨੇਕ ਸਿੰਘ ਰੋਡੇ, ਲਿਖਾਰੀ ਸਭਾ ਮੋਗਾ ਦੇ ਪ੍ਰਧਾਨ ਬਲਦੇਵ ਸਿੰਘ ਢਿੱਲੋਂ, ਜਗਦੀਸ਼ ਕਮਲ ਲੋਪੋ ਜਨਰਲ ਸਕੱਤਰ ਲੇਖਕ ਵਿਚਾਰ ਮੰਚ ਨਿਹਾਲ ਸਿੰਘ ਵਾਲਾ, ਗੁਰਦੀਪ ਸਿੰਘ ਲੋਪੋ, ਹਰਭਜਨ ਸਿੰਘ ਨਾਗਰਾ ਤੇ ਪ੍ਰੇਮ ਕੁਮਾਰ ਸ਼ਰਧਾਂਜਲੀ ਦੇਣ ਵਾਲਿਆਂ ਵਿਚ ਸ਼ਾਮਿਲ ਸਨ। ਸਾਹਿਤਕਾਰਾਂ ਨੇ ਕੈਨੇਡਾ ਦੀ ਜੂਨੀਅਰ ਗੋਲਫ ਚੈਂਪੀਅਨ ਗੁਰਬਚਨ ਸਿੰਘ ਚਿੰਤਕ ਦੀ ਦੋਹਤਰੀ ਹੰਸਿਕਾ ਤੱਥਗੁਰ ਬਾਰੇ ਅੰਗਰੇਜ਼ੀ ਵਿੱਚ ਲਿਖੀ ਪੁਸਤਕ 'ਫਲਾਈਟ ਆਫ ਦਾ ਅਬਾਬੀਲ' ਲੋਕ ਅਰਪਨ ਕੀਤੀ ਗਈ।ਇਸ ਮੌਕੇ ਜਸਵਿੰਦਰ ਕੌਰ, ਐਡਵੋਕੇਟ ਪ੍ਰਿਤਪਾਲ ਸਿੰਘ, ਚਰਨਜੀਤ ਸਿੰਘ ਹਾਜ਼ਰ ਸਨ।ਗੁਰਮੇਲ ਸਿੰਘ ਬੌਡੇ ਅਤੇ ਚਰਨਜੀਤ ਸਮਾਲਸਰ ਨੇ ਮੰਚ ਸੰਚਾਲਨ ਕੀਤਾ।

## ਸੜਕ ਹਾਦਸੇ ਵਿਚ ਦੋ ਸਕੂਲੀ ਵਿਦਿਆਰਥੀਆਂ ਦੀ ਮੌਤ



**ਪਟਿਆਲਾ/ਪਾਤੜਾਂ (ਰਾਜਿੰਦਰ ਸਿੰਘ ਥਿੰਦ/ਨਿਸ਼ਾਨ ਸਿੰਘ ਬਣਵਾਲਾ)**- ਜ਼ਿਲ੍ਹੇ ਦੇ ਪਾਤੜਾਂ ਨੇੜਲੇ ਪਿੰਡ ਖਾਨੇਵਾਲ ਵਿਖੇ ਪਾਤੜਾਂ- ਜਾਖਲ ਰੋਡ 'ਤੇ ਵੀਰਵਾਰ ਸਵੇਰੇ ਵਾਪਰੇ ਇੱਕ ਹਾਦਸੇ ਦੌਰਾਨ ਦੋ ਸਕੂਲੀ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ।ਜਾਣਕਾਰੀ ਅਨੁਸਾਰ ਦੋਵੇਂ ਵਿਦਿਆਰਥੀ ਪਿੰਡ ਹਰਿਆਊ ਕਲਾਂ ਤੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੰਗਾ ਦੇ ਸੀਨੀਅਰ ਸੈਕੰਡਰੀ ਸਕੂਲ 'ਚ ਬਾਰਵੀਂ ਕਲਾਸ ਦੇ ਵਿਦਿਆਰਥੀ ਸਨ।ਮ੍ਰਿਤਕਾਂ ਦੀ ਪਛਾਣ ਮੋਹਿਤ ਕੁਮਾਰ ਅਤੇ ਪ੍ਰਿੰਸ ਕੁਮਾਰ ਵਜੋਂ ਹੋਈ ਹੈ। ਮੋਹਿਤ ਕੁਮਾਰ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਹਾਦਸਾ ਇਨ੍ਹਾ ਭਿਆਨਕ ਸੀ ਕਿ ਬੱਸ ਕਰੀਬ 50 ਫੁੱਟ ਦੂਰੀ ਤੱਕ ਮੋਟਰਸਾਈਕਲ ਸਵਾਰ ਵਿਦਿਆਰਥੀਆਂ ਨੂੰ ਘੜੀਸ ਕੇ ਲੈ ਗਈ। ਬੱਸ ਮੂਣਕ ਨੇੜਲੇ ਪਿੰਡ ਹਮੀਰਗੜ੍ਹ ਦੇ ਬਚਪਨ ਇੰਟਰਨੈਸ਼ਨਲ ਪਬਲਿਕ ਸਕੂਲ ਦੀ ਦੱਸੀ ਜਾਂਦੀ ਹੈ। ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।

## ਵਿਧਾਇਕ ਕੋਹਲੀ ਵੱਲੋਂ ਪਟਿਆਲਾ ਤੋਂ ਦੋ ਹੋਰ ਬੱਸਾਂ ਰਵਾਨਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਸਰਕਾਰ ਦੀ ਵਿਰਾਸਤ ਸੇਵਾ ਸੰਗਠਨ ਵੱਲੋਂ ਚਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰ ਦੇ ਸ਼ੇਰਾ ਵਾਲਾ ਗੇਟ ਅਤੇ ਸਨੌਰੀ ਅੱਡਾ ਤੋਂ ਅੱਜ ਦੋ ਬੱਸਾਂ ਰਵਾਨਾ ਕੀਤੀਆਂ।ਹਲਕਾ ਕੋਆਰਡੀਨੇਟਰ ਹਰਵਿੰਦਰਪਾਲ ਸਿੰਘ ਵਿੱਟੀ, ਜ਼ਿਲ੍ਹਾ ਪ੍ਰੈਜ਼ੀਡੈਂਟ ਵੀਮੈਨ ਵਿੰਗ ਆਰਤੀ ਗੁਪਤਾ, ਵਾਰਡ ਨੰਬਰ 33 ਦੇ ਐਮ.ਸੀ. ਗੀਤਾ ਰਾਣੀ, ਹਲਕਾ ਕੋਆਰਡੀਨੇਟਰ ਐਨ.ਐਮ.ਐਮ. ਦਵਿੰਦਰ ਪਾਲ ਸਿੰਘ ਮਿੱਕੀ, ਐਕਸ ਐਮ.ਸੀ. ਲੱਕੀ ਗੁਪਤਾ ਵੀ ਮੌਜੂਦ ਸਨ।ਸੰਗਤਾਂ ਯਾਤਰਾ ਦੌਰਾਨ ਬਹੁਤ ਉਤਸ਼ਾਹ ਵਿਚ ਸਨ।ਸਰਕਾਰ ਦੇ ਇਸ ਵਿਸੇਸ਼ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਐਮ.ਐਲ.ਏ. ਪਟਿਆਲਾ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਇਹ ਯਾਤਰਾ ਤਿੰਨ ਦਿਨ ਲਈ ਹੈ, ਜਿੱਥੇ ਕਿ ਵਧੀਆ ਹੋਟਲ ਵਿਚ ਖਾਣਾ ਅਤੇ ਰਹਿਣ ਦਾ ਪ੍ਰਬੰਧ ਹੁੰਦਾ ਹੈ।ਇਹ ਜਲਿਆਂਵਾਲਾ ਬਾਗ, ਰਾਮ ਤੀਰਥ ਮੰਦਰ, ਦੁਰਗਿਆਣਾ ਮੰਦਰ ਤੇ ਵਾਹਗਾ ਬਾਰਡਰ ਵੀ ਜਾਂਦੀ ਹੈ।ਤੀਰਥ ਯਾਤਰਾ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਕਿਸੇ ਵੀ ਸ਼ਰਧਾਲੂ ਤੋਂ ਕੋਈ ਪੈਸਾ ਨਹੀਂ ਲਿਆ ਜਾ ਰਿਹਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਅਣਗਿਣਤ ਸ਼ਰਧਾਲੂ ਤੀਰਥ ਯਾਤਰਾ ਕਰ ਚੁੱਕੇ ਹਨ ਤੇ ਲੱਖਾਂ ਸ਼ਰਧਾਲੂ ਲਗਾਤਾਰ ਸਬੰਧਤ ਇਲਾਕੇ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ, ਜਿਨ੍ਹਾਂ ਨੂੰ ਇਹ ਯਾਤਰਾ ਕਰਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਸਰਕਾਰ ਨੇ ਇਸ ਉਪਰਾਲੇ ਦਾ ਸੂਬਾ ਵਾਸੀਆਂ ਵੱਲੋਂ ਸਹਿਯੋਗ ਕਰਨ ਦੇ ਨਾਲ ਨਾਲ ਧੰਨਵਾਦ ਵੀ ਕੀਤਾ ਜਾ ਰਿਹਾ ਹੈ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ।ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ।




## ਸ.ਫ਼ਾਈ ਕਾਮਿਆਂ ਦੇ ਸੱਦੇ 'ਤੇ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਸਮਰਥਨ



**ਰਾਏਕੋਟ (ਸੰਤੋਖ ਗਿੱਲ)**-ਸਫ਼ਾਈ ਕਾਮਿਆਂ ਦੀਆਂ ਯੂਨੀਅਨਾਂ ਅਤੇ ਵੱਖ-ਵੱਖ ਟਰੇਡ ਯੂਨੀਅਨਾਂ ਦੇ ਸਮਰਥਨ ਨਾਲ ਪੰਜਾਬ ਬੰਦ ਦੇ ਸੱਦੇ ਨੂੰ ਰਾਏਕੋਟ 'ਚ ਭਰਵਾਂ ਭਰਵਾਂ ਹੁੰਗਾਰਾ ਮਿਲਿਆ ਹੈ।ਹਸਪਤਾਲ, ਦਵਾਈਆਂ ਦੀਆਂ ਦੁਕਾਨਾਂ ਤੇ ਸ਼ਰਾਬ ਦੇ ਠੇਕੇ ਖੁੱਲ੍ਹੇ ਰਹੇ, ਜਦਕਿ ਸਬਜ਼ੀ ਤੇ ਫਲ਼ਾਂ ਦੀਆਂ ਰੇਹੜੀਆਂ ਅਤੇ ਖਾਣਪੀਣ ਵਾਲੀਆਂ ਦੁਕਾਨਾਂ ਅਤੇ ਖੋਖੇ ਵੀ ਬੰਦ ਰਹੇ।ਸੀਟੂ ਨਾਲ ਸਬੰਧਤ ਰੇਹੜੀ-ਫੜ੍ਹੀ ਯੂਨੀਅਨ ਵੱਲੋਂ ਵੀ ਮੁਕੰਮਲ ਹੜਤਾਲ ਕਰਕੇ ਸਫ਼ਾਈ ਕਾਮਿਆਂ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਮੂਲੀਅਤ ਕੀਤੀ।ਸ਼ਹਿਰ ਦੀਆਂ ਵਪਾਰਕ ਜਥੇਬੰਦੀਆਂ ਨੇ ਵੀ ਸਫ਼ਾਈ ਕਾਮਿਆਂ ਦਾ ਪੂਰਾ ਸਮਰਥਨ ਕੀਤਾ।ਸ਼ਹਿਰ ਵਿੱਚ ਕਾਲੇ ਝੰਡਿਆਂ ਨਾਲ ਰੋਸ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਸਫ਼ਾਈ ਮਜ਼ਦੂਰ ਯੂਨੀਅਨ ਦੇ ਆਗੂ ਬੌਬੀ ਗਿੱਲ, ਮਿੰਟੂ ਨਾਹਰ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਾਲਮੀਕ ਭਾਈਚਾਰੇ ਦਾ ਹੋਰ ਇਮਤਿਹਾਨ ਨਾ ਲਵੇ।ਉਨ੍ਹਾਂ ਬਰਨਾਲਾ 'ਚ ਸਫ਼ਾਈ ਕਾਮਿਆਂ ਉਪਰ ਬੇਰਹਿਮੀ ਨਾਲ ਲਾਠੀਚਾਰਜ ਕਰਨ ਵਾਲੇ ਡੀ.ਐੱਸ ਪੀ ਤੇ ਥਾਣੇਦਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ।

**ਧੂਰੀ (ਬਿੰਨੀ ਗਰਗ, ਮੋਹਿਤ ਗਰਗ, ਮਨੋਹਰ ਸਿੰਘ ਸੱਗੂ)** : ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਹਮਖਿਆਲੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਵੀਰਵਾਰ ਨੂੰ ਪੰਜਾਬ ਬੰਦ ਦੇ ਦਿੱਤੇ ਗਏ ਸੱਦੇ ਦੌਰਾਨ ਸਫ਼ਾਈ ਸੇਵਕ ਯੂਨੀਅਨ ਦੀ ਪ੍ਰਧਾਨ ਮਨੋਜ ਰਾਣੀ, ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ, ਆਦਿ ਸਮਾਜ ਦੇ ਜਿਲ੍ਹਾ ਆਗੂ ਰਾਜਿੰਦਰ ਸਿੰਘ ਲੱਧੜ, ਮੁਨੀਸ਼ ਵੈਦ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਕਾਰਕੁੰਨਾਂ, ਵਾਟਰ ਸਪਾਲਈ ਤੇ ਸੀਵਰੇਜ ਬੋਰਡ ਦੇ ਕਾਮਿਆਂ ਨੇ ਹਮਖਿਆਲੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਸ਼ਹਿਰ ਦੇ ਵੱਖ-ਵੱਖ ਬਜਾਰਾਂ 'ਚ ਰੋਸ ਮਾਰਚ ਕਰਦਿਆਂ ਮੁੱਖ ਮੰਤਰੀ ਪੰਜਾਬ, ਡੀ ਐੱਸ ਪੀ ਬਰਨਾਲਾ ਤੇ ਐੱਸ ਐੱਚ ਓ ਬਰਨਾਲਾ ਦੇ ਖਿਲਾਫ਼ ਨਾਅਰੇਬਾਜੀ ਕਰਦਿਆਂ ਕੱਕੜਵਾਲ ਚੌਂਕ 'ਚ ਪੁਤਲਾ ਫੂਕਿਆ ਗਿਆ

## ਭੂਪੇਸ਼ ਬਘੇਲ ਤੇ ਰਾਜਾ ਵੜਿੰਗ ਆਉਣਗੇ ਮਾਨਸਾ

**ਬੁਢਲਾਡਾ (ਆਤਮਾ ਸਿੰਘ ਪਮਾਰ)**

ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ, ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ 2 ਅਗਸਤ ਨੂੰ ਮਾਨਸਾ ਪਹੁੰਚ ਰਹੇ ਹਨ।ਉਹ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ, 2022 ਦੇ ਵਿਧਾਨ ਸਭਾ ਉਮੀਦਵਾਰਾਂ, ਬਲਾਕ ਕਾਂਗਰਸ ਕਮੇਟੀਆਂ ਦੇ ਅਹੁੱਦੇਦਾਰਾਂ, ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ, ਮੌਜੂਦਾ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ, ਮੌਜੂਦਾ ਕੌਂਸਲਰ, ਮੌਜੂਦਾ ਸਰਪੰਚ, ਬੀ.ਐਲ.ਏ 1 ਅਤੇ ਮੌਜੂਦਾ ਬਲਾਕ ਸੰਮਤੀ ਮੈਂਬਰਾਂ ਨਾਲ ਮੀਟਿੰਗ ਕਰਨਗੇ।ਸਿੰਗਲਾ ਨੇ ਦੱਸਿਆ ਕਿ ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਮਾਮਲਿਆਂ ਦੀ ਸਹਿ-ਇੰਚਾਰਜ ਹੀਨਾ ਕਾਵੜੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹਿਣਗੇ।ਸਿੰਗਲਾ ਨੇ ਦੱਸਿਆ ਕਿ ਇਹ ਮੀਟਿੰਗ 2 ਅਗਸਤ ਨੂੰ ਦੁਪਹਿਰ 2:30 ਵਜੇ ਫੋਰ ਸੀਜ਼ਨ ਹੋਟਲ, ਰਮਦਿੱਤੇ ਵਾਲਾ ਕੈਂਚੀਆਂ, ਮਾਨਸਾ ਵਿਖੇ ਹੋਵੇਗੀ।ਉਨ੍ਹਾਂ ਦੱਸਿਆ ਕਿ ਭੂਪੇਸ਼ ਬਘੇਲ ਦੇ ਦੌਰੇ ਨੂੰ ਲੈ ਕੇ ਜ਼ਿਲ੍ਹੇ 'ਚ ਲਗਾਤਾਰ ਤਿਆਰੀ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ।

## ਸਫਾ 2 ਦੇ ਬਾਕੀ...

### 10 ਨੂੰ 'ਰੇਲ ਰੋਕੋ...

ਮਜ਼ਬੂਤ ਕਰਨ, ਸਮਾਜਿਕ ਸੁਰੱਖਿਆ ਦਾ ਵਿਸਥਾਰ, ਰੁਜ਼ਗਾਰ ਸਿਰਜਣ, ਸਰਕਾਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ, ਜਨਤਕ ਵੰਡ ਪ੍ਰਣਾਲੀ ਦੀ ਰੱਖਿਆ, ਦਮਨਕਾਰੀ ਕਾਨੂੰਨਾਂ ਦੀ ਵਾਪਸੀ ਅਤੇ ਸੰਵਿਧਾਨਕ ਤੇ ਲੋਕਤੰਤਰੀ ਹੱਕਾਂ ਦੀ ਰਾਖੀ ਦੀ ਮੰਗ ਕੀਤੀ।

ਕਨਵੈਨਸ਼ਨ ਨੇ ਤੁਰੰਤ ਕਾਰਵਾਈ ਦੇ ਤਹਿਤ 10 ਅਗਸਤ ਨੂੰ 'ਭਾਰਤ ਛੱਡੋ ਅੰਦੋਲਨ' ਦੀ ਯਾਦ ਵਿੱਚ ਦੇਸ਼ ਭਰ ਵਿੱਚ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਧਰਨੇ, ਮੁਜ਼ਾਹਰੇ, ਰੇਲ ਰੋਕੋ, ਰਸਤਾ ਰੋਕੋ, ਕੰਮਕਾਜ ਵਾਲੀਆਂ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ, ਮਨੁੱਖੀ ਲੜੀਆਂ ਅਤੇ ਹੋਰ ਸ਼ਾਂਤਮਈ ਜਨ-ਸੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਤੋਂ ਇਲਾਵਾ ਸਾਂਝੇ ਰਾਜ ਪੱਧਰੀ ਕਨਵੈਨਸ਼ਨਾਂ, ਵਿਕੇਂਦਰੀਕ੍ਰਿਤ ਮਹਾਂਪੜਾਵਾਂ ਅਤੇ ਲੋੜ ਪੈਣ 'ਤੇ ਦੇਸ਼-ਵਿਆਪੀ ਵੱਡੇ ਸਿੱਧੇ ਸੰਘਰਸ਼ਾਂ ਦੀ ਤਿਆਰੀ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ।

ਕਨਵੈਨਸ਼ਨ ਦੇ ਅੰਤ ਵਿੱਚ ਮਜ਼ਦੂਰਾਂ ਅਤੇ ਕਿਸਾਨਾਂ ਨੇ ਆਪਣੀ ਏਕਤਾ ਨੂੰ ਹੋਰ ਮਜ਼ਬੂਤ ਕਰਨ ਅਤੇ ਲੋਕਾਂ ਦੇ ਹੱਕਾਂ, ਸੰਵਿਧਾਨ, ਧਰਮ ਨਿਰਪੱਖਤਾ, ਸਮਾਜਿਕ ਇਨਸਾਫ਼ ਅਤੇ ਲੋਕਤੰਤਰ ਦੀ ਰੱਖਿਆ ਲਈ ਸੰਘਰਸ਼ ਨੂੰ ਹੋਰ ਵਿਸ਼ਾਲ ਬਣਾਉਣ ਦਾ ਅਹਿਦ ਕੀਤਾ।ਸਮਾਗਮ ਦਾ ਸਮਾਪਨ ਇਸ ਨਾਅਰੇ ਨਾਲ ਹੋਇਆ—'ਇਕਜੁੱਟ ਹੋਵੋ, ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ-ਜਿੱਤ ਸਾਡੀ ਹੋਵੇਗੀ।'

### ਹਾਕੀ 'ਚ ਵੀ ਸੰਘੀ ...

ਜਾਂਦੀ ਰਹੀ ਹੈ। ਉਦਾਹਰਣ ਵਜੋਂ 2014 ਦੇ ਹਾਕੀ ਵਿਸ਼ਵ ਕੱਪ ਦੌਰਾਨ ਟੀਮ ਦੀ ਜਰਸੀ ਦਾ ਰੰਗ ਬਦਲ ਕੇ ਪੀਲਾ ਕਰ ਦਿੱਤਾ ਗਿਆ ਸੀ ਅਤੇ 2018 ਦੇ ਹਾਕੀ ਵਿਸ਼ਵ ਕੱਪ ਦੌਰਾਨ ਰੰਗ ਬਦਲ ਕੇ ਬਿਲਕੁਲ ਵੱਖਰੇ ਡਿਜ਼ਾਈਨ ਨਾਲ ਹਲਕਾ ਨੀਲਾ ਕਰ ਦਿੱਤਾ ਗਿਆ ਸੀ। ਵੀਰੇਨ ਰਸਕਿਨਾ ਨੇ ਨਵੀਂ ਵਰਦੀ ਨੂੰ ਸ਼ਰਮਨਾਕ ਦੱਸਿਆ ਹੈ। ਉਨ੍ਹਾ ਐੱਕਸ 'ਤੇ ਲਿਖਿਆ ਹੈ, "ਮੈਨੂੰ ਲੱਗਦਾ ਹੈ ਕਿ ਹਾਕੀ ਇੰਡੀਆ ਨੇ ਭਾਰਤੀ ਹਾਕੀ ਲਈ ਕਈ ਚੰਗੇ ਕੰਮ ਕੀਤੇ ਹਨ... ਪਰ ਇਹ ਸ਼ਰਮਨਾਕ ਹੈ। ਭਾਰਤੀ ਟੀਮ ਦੀ ਵਿਰਾਸਤ ਅਤੇ ਪਛਾਣ ਹਮੇਸ਼ਾ ਤੋਂ 'ਨੀਲੀ' ਰਹੀ ਹੈ। ਮੈਂ ਕਈ ਸਾਲਾਂ ਤੱਕ ਮਾਣ ਨਾਲ ਨੀਲੀ ਜਰਸੀ ਪਹਿਨੀ ਹੈ। ਪ੍ਰਸ਼ਾਸਕ ਸਾਡੀ ਭਾਰਤੀ ਟੀਮ ਨੂੰ ਨੀਲੇ ਰੰਗ ਵਿੱਚ ਦੇਖਣਾ ਚਾਹੁੰਦੇ ਹਨ। ਸੰਤਰੀ ਰੰਗ ਪਿੱਛੇ ਕੀ ਤਰਕ ਹੈ?" ਉਨ੍ਹਾ ਕਿਹਾ, 'ਮੇਰਾ ਸਧਾਰਨ ਅਤੇ ਨਿਮਰ ਨੁਕਤਾ ਮਾਣ, ਪਛਾਣ ਅਤੇ ਵਿਰਾਸਤ ਬਾਰੇ ਹੈ।' ਪ੍ਰਿਅੰਕਾ ਗਾਂਧੀ ਨੇ ਰੰਗ ਬਦਲਣ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਭਾਰਤ ਦੀ ਪਛਾਣ ਅਹਿੰਸਾ, ਸੱਚਾਈ ਅਤੇ ਭਾਈਚਾਰੇ ਨਾਲ ਹੈ।

### ਸਰਕਾਰ ਦਾ ਜਵਾਬ...

ਨੂੰ ਹਟਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਦੀ ਬਜਾਏ ਐਕਟ ਦੇ ਹਵਾਲੇ ਨਾਲ ਇੱਕ ਵਿਸਤ੍ਰਿਤ ਨੋਟ ਰਾਹੀਂ ਇਸ ਨੂੰ ਸ਼ਾਮਲ ਕਰਨ ਨੂੰ ਜਾਇਜ਼ ਠਹਿਰਾਇਆ। ਜਥੇਦਾਰ ਗੜਗੱਜ ਨੇ ਸਰਕਾਰ ਵੱਲੋਂ ਭੇਜੇ ਗਏ ਜਵਾਬ ਨੂੰ ਅਸਵੀਕਾਰ ਕਰਦਿਆਂ ਕਿਹਾ ਕਿ ਜੇ ਸਰਕਾਰ ਕਾਨੂੰਨ 'ਤੇ ਚਰਚਾ ਜਾਰੀ ਰੱਖਣਾ ਚਾਹੁੰਦੀ ਹੈ ਤਾਂ ਅਕਾਲ ਤਖਤ ਵੱਲੋਂ ਗੱਲਬਾਤ ਲਈ ਰਾਹ ਖੁੱਲ੍ਹਾ ਹੈ। ਉਨ੍ਹਾ ਇਸ ਮੁੱਦੇ 'ਤੇ ਸਰਕਾਰ ਨਾਲ ਗੱਲਬਾਤ ਲਈ ਇੱਕ ਕਮੇਟੀ ਦੇ ਗਠਨ ਦਾ ਐਲਾਨ ਕੀਤਾ। ਇਸ ਕਮੇਟੀ ਵਿੱਚ ਸੇਵਾਮੁਕਤ ਜਸਟਿਸ ਰੁਪਿੰਦਰ ਸਿੰਘ ਸੋਢੀ, ਸੇਵਾਮੁਕਤ ਜਸਟਿਸ ਮਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਵਿਦਵਾਨ ਡਾ. ਕੇਹਰ ਸਿੰਘ ਪਟਿਆਲਾ, ਲੁਧਿਆਣਾ ਦੇ ਪ੍ਰੋਫੈਸਰ ਜਗਮੋਹਨ ਸਿੰਘ ਅਤੇ ਐੱਸ ਜੀ ਪੀ ਸੀ ਸਕੱਤਰ ਲਖਵੀਰ ਸਿੰਘ ਸ਼ਾਮਲ ਹਨ, ਜੋ ਕੋਆਰਡੀਨੇਟਰ ਵਜੋਂ ਸੇਵਾ ਨਿਭਾਉਣਗੇ।

### ਮੋਦੀ ਦਾ ਅਸਤੀਫਾ...

ਮੰਤਰੀ ਦੁਆਰਾ ਜਾਰੀ ਨਹੀਂ ਕੀਤਾ ਗਿਆ, ਨਾ ਹੀ ਇਸ 'ਤੇ ਉਨ੍ਹਾ ਦੁਆਰਾ ਦਸਤਖਤ ਕੀਤੇ ਗਏ ਹਨ।' ਪੀ ਆਈ ਬੀ ਨੇ ਇੰਟਰਨੈੱਟ ਉਪਭੋਗਤਾਵਾਂ ਨੂੰ ਅਜਿਹੇ ਦਾਅਵਿਆਂ ਨੂੰ ਆਨਲਾਈਨ ਸਾਂਝਾ ਕਰਨ ਤੋਂ ਪਹਿਲਾਂ ਅਧਿਕਾਰਤ ਸਰੋਤਾਂ ਰਾਹੀਂ ਜਾਣਕਾਰੀ ਦੀ ਪੁਸ਼ਟੀ ਕਰਨ ਦੀ ਸਲਾਹ ਵੀ ਦਿੱਤੀ। ਇਹ ਤਾਜ਼ਾ ਸਪੱਸ਼ਟੀਕਰਨ ਪੀ ਆਈ ਬੀ ਫੈਕਟ-ਚੈੱਕ ਯੂਨਿਟ ਵੱਲੋਂ ਉਨ੍ਹਾਂ ਝੂਠੀਆਂ ਵੀਡੀਓਜ਼ ਤੋਂ ਇਨਕਾਰ ਕਰਨ ਤੋਂ ਕੁਝ ਦਿਨ ਬਾਅਦ ਆਇਆ ਹੈ ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਨੂੰ ਪੇਪਰ ਲੀਕ ਦੇ ਮੁੱਦੇ 'ਤੇ ਜੰਤਰ-ਮੰਤਰ 'ਤੇ ਪ੍ਰਦਰਸ਼ਨਕਾਰੀਆਂ ਵਿਰੁੱਧ ਕਥਿਤ ਤੌਰ 'ਤੇ ਧਮਕੀ ਭਰੀਆਂ ਟਿੱਪਣੀਆਂ ਕਰਦੇ ਦਿਖਾਇਆ ਗਿਆ।

## 4056 ਔਰਤਾਂ ਨੂੰ ਪੰਜਾਬ ਸਰਕਾਰ ਵੱਲੋਂ 1.70 ਕਰੋੜ ਰੁਪਏ ਦੀ ਵਿੱਤੀ ਸਹਾਇਤਾ : ਐਡਵੋਕੇਟ ਰਾਏ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਦੀ ਭਲਾਈ ਅਤੇ ਮਾਤਾ-ਬੱਚਾ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਲੋਕ-ਪੱਖੀ ਉਪਰਾਲੇ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਚਾਲੂ ਵਿੱਤੀ ਸਾਲ ਦੌਰਾਨ ਹੁਣ ਤੱਕ ਸੂਬੇ ਦੀਆਂ 4056 ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ 1.70 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ।ਵਿਧਾਇਕ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਸਰਕਾਰ ਵੱਲੋਂ ਪਹਿਲੇ ਬੱਚੇ ਦੇ ਜਨਮ 'ਤੇ ਲਾਭਪਾਤਰੀ ਔਰਤਾਂ ਨੂੰ 5000 ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।ਇਹ ਰਕਮ ਦੋ ਕਿਸ਼ਤਾਂ ਵਿੱਚ ਜਾਰੀ ਕੀਤੀ ਜਾਂਦੀ ਹੈ, ਜਿਸ ਵਿੱਚ ਪਹਿਲੀ ਕਿਸ਼ਤ 3000 ਰੁਪਏ ਤੇ ਦੂਜੀ ਕਿਸ਼ਤ 2000 ਰੁਪਏ ਦੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਦੂਜਾ ਬੱਚਾ ਧੀ ਹੋਵੇ ਤਾਂ ਸਰਕਾਰ ਵੱਲੋਂ 6000 ਰੁਪਏ ਦੀ ਮਾਲੀ ਸਹਾਇਤਾ ਇੱਕੋ ਕਿਸ਼ਤ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਇਹ ਰਕਮ ਲਾਭਪਾਤਰੀਆਂ ਦੇ ਬੈਂਕ ਖਾਤਿਆਂ 'ਚ ਡਾਇਰੈਕਟ ਬੈਨਿਫਿਟ ਟ੍ਰਾਂਸਫਰ (ਡੀ.ਬੀ.ਟੀ.) ਰਾਹੀਂ ਭੇਜੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਦੇ ਨਾਲ-ਨਾਲ ਸਮੇਂ ਸਿਰ ਸਹਾਇਤਾ ਯਕੀਨੀ ਬਣਦੀ ਹੈ।ਵਿਧਾਇਕ ਰਾਏ ਨੇ ਦੱਸਿਆ ਕਿ ਵਿੱਤੀ ਸਾਲ 2026-27 ਦੌਰਾਨ ਹੁਣ ਤੱਕ 38,357 ਲਾਭਪਾਤਰੀ ਮਹਿਲਾਵਾਂ ਨੂੰ ਇਸ ਸਕੀਮ ਅਧੀਨ ਰਜਿਸਟਰ ਕੀਤਾ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਇਹ ਅੰਕੜੇ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਵੱਧ ਤੋਂ ਵੱਧ ਹੱਕਦਾਰ ਮਹਿਲਾਵਾਂ ਤੱਕ ਪਹੁੰਚ ਰਹੀਆਂ ਹਨ।ਵਿਧਾਇਕ ਨੇ ਕਿਹਾ ਕਿ ਇਹ ਯੋਜਨਾ ਕੇਵਲ ਵਿੱਤੀ ਸਹਾਇਤਾ ਤੱਕ ਹੀ ਸੀਮਿਤ ਨਹੀਂ, ਸਗੋਂ ਮਾਵਾਂ ਦੀ ਸਿਹਤ, ਪੋਸ਼ਣ ਤੇ ਨਵਜੰਮੇ ਬੱਚਿਆਂ ਦੀ ਬਿਹਤਰ ਦੇਖਭਾਲ ਨੂੰ ਯਕੀਨੀ ਬਣਾਉਣ ਵੱਲ ਇੱਕ ਅਹਿਮ ਕਦਮ ਹੈ।

## ਭਾਜਪਾ ਪ੍ਰਧਾਨ ਤਖਤ ਦਮਦਮਾ ਸਾਹਿਬ ਹੋਏ ਨਤਮਸਤਕ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਵੱਲੋਂ ਜ਼ਿਲ੍ਹਾ ਬਠਿੰਡਾ ਦੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਗਾਟਵਾਲੀ ਵਿਖੇ ਪਹੁੰਚਣ 'ਤੇ ਭਾਜਪਾ ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਭਾਜਪਾ ਪੰਜਾਬ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਲੋਕ ਸਹੂਲਤਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ।ਸੂਬਾ ਪ੍ਰਧਾਨ ਨੇ ਕਿਹਾ ਕਿ ਭਾਜਪਾ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਜਨਮ ਦਿਨ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਉਨ੍ਹਾਂ ਵੱਲੋਂ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨਾਲ ਤਖਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਨਤਮਸਤਕ ਹੋ ਕੇ ਮਾਨਵਤਾ ਅਤੇ ਪੰਜਾਬ ਵਾਸੀਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਗਈ। ਉਨ੍ਹਾਂ ਨੂੰ ਪਤਵੰਤਿਆਂ ਵੱਲੋਂ ਸਿਰੋਪਾਓ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮਨਮੋਹਿਕ ਮਾਡਲਾਂ ਨਾਲ ਸਨਮਾਨਤ ਕੀਤਾ ਗਿਆ।ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵਿੱਚ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਦਿਆਲ ਸੋਢੀ, ਭਾਜਪਾ ਬਠਿੰਡਾ ਦਿਹਾਤੀ ਦੇ ਪ੍ਰਧਾਨ ਸ੍ਰੀ ਗੁਰਪ੍ਰੀਤ ਸਿੰਘ ਮਲੂਕਾ, ਭਾਜਪਾ ਬਠਿੰਡਾ ਸ਼ਹਿਰੀ ਦੇ ਪ੍ਰਧਾਨ ਸ੍ਰੀ ਸਰੂਪ ਚੰਦ ਸਿੰਗਲਾ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਭਾਜਪਾ ਦੇ ਸੀਨੀਅਰ ਆਗੂ ਸ਼੍ਰੀ ਗੋਪਾਲ ਕ੍ਰਿਸ਼ਨ ਬਾਂਸਲ ਤਲਵੰਡੀ ਸਾਬੋ, ਸੀਨੀਅਰ ਸਿਟੀਜਨ ਮਹਿੰਦਰ ਸਿੰਘ ਰੂਪ ਭਾਗੀਵਾਂਦਰ ਵੀ ਉਚੇਚੇ ਤੌਰ 'ਤੇ ਮੌਜੂਦ ਰਹੇ।

## ਸੁਖਾਨੰਦ ਦੀ ਰਹਿਨੁਮਾਈ ਹੇਠ ਰਿਕਾਰਡ ਵਿਕਾਸ ਕਾਰਜ ਹੋਏ : ਆਪ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਬਾਘਾ ਪੁਰਾਣਾ ਹਲਕੇ ਵਿਚ ਰਿਕਾਰਡ ਵਿਕਾਸ ਕਾਰਜ ਹੋਏ ਹਨ ਅਤੇ ਜੋ ਵਿਕਾਸ ਕਾਰਜ ਅਜੇ ਬਾਕੀ ਹਨ, ਉਨ੍ਹਾਂ ਨੂੰ ਵੀ ਪੜਾਅਵਾਰ ਢੰਗ ਨਾਲ ਪੂਰਾ ਕੀਤਾ ਜਾ ਰਿਹਾ ਹੈ।ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੋਨੀ ਧਾਲੀਵਾਲ ਮਾੜੀ ਮੁਸਤਫਾ, ਸਰਪੰਚ ਗੁਰਭੇਜ ਸਿੰਘ ਮਾੜੀ ਮੁਸਤਫਾ, ਸਰਪੰਚ ਗੁਰਵੀਰ ਸਿੰਘ ਡੇਮਰੂ, ਬਲਾਕ ਪ੍ਰਧਾਨ ਸੋਸ਼ਲ ਮੀਡੀਆ ਅਤੇ ਨਸ਼ਾ ਮੁਕਤ ਮੋਰਚਾ ਪ੍ਰਦੀਪ ਰੋਡੇ ਅਤੇ ਬਲਾਕ ਪ੍ਰਧਾਨ ਕਿਸਾਨ ਵਿੰਗ ਬੇਅੰਤ ਰੋਡੇ ਨੇ ਸਾਂਝੇ ਤੌਰ 'ਤੇ ਕੀਤਾ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਅਤੇ ਗਾਰੰਟੀਆਂ ਨੂੰ ਇੱਕ-ਇੱਕ ਕਰਕੇ ਪੂਰਾ ਕਰਨ ਦੀ ਦਿਸ਼ਾ ਵਿਚ ਪ੍ਰਭਾਵਸ਼ਾਲੀ ਕਦਮ ਚੁੱਕੇ ਹਨ।

## ਪੱਤਰਕਾਰ ਸੁਰੇਸ਼ ਕੁਮਾਰ ਨੂੰ ਸਦਮਾ, ਜੀਜੇ ਦਾ ਦੇਹਾਂਤ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਨਥਾਣਾ ਤੋਂ ਸੱਚ ਕਹੂੰ ਦੇ ਪੱਤਰਕਾਰ ਸੁਰੇਸ਼ ਕੁਮਾਰ, ਵਾਸੀ ਤੁੰਗਵਾਲੀ (ਬਠਿੰਡਾ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਬੀਤੇ ਦਿਨੀਂ ਉਨ੍ਹਾਂ ਦੇ ਜੀਜਾ ਸੱਤਪਾਲ ਇੰਸਾਂ ਪੁੱਤਰ ਪਿਆਰਾ ਲਾਲ, ਵਾਸੀ ਧਨੌਲਾ ਸਦੀਵੀ ਵਿਛੋੜਾ ਦੇ ਗਏ। ਉਹ 60 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਦਿਹਾਂਤ 'ਤੇ ਵੱਖ-ਵੱਖ ਆਗੂਆਂ, ਪੱਤਰਕਾਰ ਸਾਥੀਆਂ ਅਤੇ ਰਿਸ਼ਤੇਦਾਰ ਸਨੇਹੀ-ਪਿਆਰਿਆਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ੋਕਗ੍ਰਸਤ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਇਜਹਾਰ ਕੀਤਾ ਹੈ। ਸਵ: ਸੱਤਪਾਲ ਇੰਸਾਂ ਨਮਿਤ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਤੇ ਸ਼ਰਧਾਂਜਲੀ ਸਮਾਗਮ ਗਊਸ਼ਾਲਾ ਭਵਨ, ਧਨੌਲਾ (ਜ਼ਿਲ੍ਹਾ ਬਰਨਾਲਾ) ਵਿਖੇ 2 ਅਗਸਤ (ਐਤਵਾਰ) ਨੂੰ ਦੁਪਹਿਰ 1:00 ਵਜੇ ਹੋਵੇਗਾ।

## ਰਹਿਬਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿਖੇ ਵਿਸ਼ਵ ਓ ਆਰ ਐੱਸ ਦਿਵਸ ਮਨਾਇਆ




**ਭਵਾਨੀਗੜ੍ਹ (ਰਾਜ ਖੁਰਮੀ)**-ਰਹਿਬਰ ਹਸਪਤਾਲ ਦੇ ਸਹਿਯੋਗ ਨਾਲ ਰਹਿਬਰ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਭਵਾਨੀਗੜ੍ਹ ਵਿਖੇ ਵਿਸ਼ਵ ਓ ਆਰ ਐਸ ਦਿਵਸ ਉਤਸ਼ਾਹ ਅਤੇ ਜਾਗਰੂਕਤਾ ਭਰਪੂਰ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਇੰਸਟੀਚਿਊਟ ਦੇ ਵਿਦਿਆਰਥੀਆਂ ਅਤੇ ਰਹਿਬਰ ਹਸਪਤਾਲ ਦੇ ਮੈਡੀਕਲ ਸਟਾਫ਼ ਵੱਲੋਂ ਸਾਂਝੇ ਤੌਰ 'ਤੇ ਪੋਸਟਰ ਮੇਕਿੰਗ, ਸੈਮੀਨਾਰ ਅਤੇ ਜਾਗਰੂਕਤਾ ਨਾਟਕ ਵਰਗੀਆਂ ਗਤੀਵਿਧੀਆਂ ਕਰਵਾਈਆਂ ਗਈਆਂ।ਸਮਾਗਮ ਦੌਰਾਨ ਮਾਹਿਰ ਡਾਕਟਰਾਂ ਅਤੇ ਇੰਸਟੀਚਿਊਟ ਦੇ ਪ੍ਰਿੰਸੀਪਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਵਿੱਚ ਦਸਤ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਓ.ਆਰ.ਐਸ. ਸਭ ਤੋਂ ਸਸਤਾ, ਸਰਲ ਅਤੇ ਪ੍ਰਭਾਵਸ਼ਾਲੀ ਇਲਾਜੀ ਉਪਾਅ ਹੈ।ਸਮਾਗਮ ਦੇ ਅੰਤ ਵਿੱਚ ਜਾਗਰੂਕਤਾ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

## 17 ਫੁੱਟ ਲੰਮਾ ਪੰਜਾਬੀ ਪਰਾਂਦਾ ਤਿਆਰ ਕਰਕੇ ਬਣਾਇਆ ਵਿਸ਼ਵ ਰਿਕਾਰਡ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ ਦੇ ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ. ਸੰਦੀਪ ਸਿੰਘ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਕਲਾ ਦੇ ਮਾਧਿਅਮ ਰਾਹੀਂ ਵਿਸ਼ਵ ਪੱਧਰ 'ਤੇ ਪਹੁੰਚਾਉਂਦਿਆਂ 17 ਫੁੱਟ ਲੰਮਾ ਪੰਜਾਬੀ ਪਰਾਂਦਾ ਤਿਆਰ ਕਰਕੇ 'ਵਿਸ਼ਵ ਬੁੱਕ ਰਿਕਾਰਡ' ਵਿੱਚ ਆਪਣਾ ਨਾਮ ਦਰਜ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਉਪਲਬਧੀ ਕਾਲਜ ਦੇ ਫਾਈਨ ਆਰਟਸ ਵਿਭਾਗ ਅਤੇ ਸਮੁੱਚੇ ਪੰਜਾਬ ਲਈ ਮਾਣ ਵਾਲੀ ਗੱਲ ਬਣੀ ਹੈ।ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ. ਸੰਦੀਪ ਸਿੰਘ ਨੇ ਇਸ ਵਿਸ਼ਵ ਰਿਕਾਰਡ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਿਲੱਖਣ ਪਰਾਂਦੇ ਦੀ ਕੁੱਲ ਲੰਬਾਈ 17 ਫੁੱਟ ਹੈ। ਇਸ ਨੂੰ ਤਿਆਰ ਕਰਨ ਲਈ ਲਗਭਗ 1100 ਰੀਲਾਂ ਧਾਗੇ ਦੀਆਂ ਵਰਤੀਆਂ ਗਈਆਂ। ਇੱਕ ਰੀਲ ਦੀ ਔਸਤ ਲੰਬਾਈ ਕਰੀਬ 100 ਫੁੱਟ (ਲਗਭਗ 33 ਮੀਟਰ) ਹੋਣ ਦੇ ਆਧਾਰ 'ਤੇ ਇਸ ਪਰਾਂਦੇ ਨੂੰ ਤਿਆਰ ਕਰਨ ਲਈ ਲਗਭਗ 36,300 ਮੀਟਰ ਧਾਗੇ ਦੀ ਵਰਤੋਂ ਕੀਤੀ ਗਈ।ਇਸ ਵਿਸ਼ਾਲ ਪਰਾਂਦੇ ਨੂੰ ਤਿਆਰ ਕਰਨ ਵਿੱਚ ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ. ਸੰਦੀਪ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਸਾਂਝੇ ਤੌਰ 'ਤੇ ਮਿਹਨਤ ਕੀਤੀ। ਇਸ ਰਚਨਾਤਮਕ ਉਪਰਾਲੇ ਵਿੱਚ ਹਰਪ੍ਰੀਤ ਕੌਰ, ਰਮਨਦੀਪ ਕੌਰ, ਜਸਪ੍ਰੀਤ ਕੌਰ, ਕਮਲਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਲਵਪ੍ਰੀਤ ਸਿੰਘ, ਤਰਨਪ੍ਰੀਤ ਸਿੰਘ, ਰਾਹੁਲ ਸਿੰਘ, ਜਗਜੀਤ ਸਿੰਘ, ਅਰਸ਼ਦੀਪ ਸਿੰਘ ਅਤੇ ਰਜਤ ਸ਼ੇਖ ਨੇ ਅਹਿਮ ਭੂਮਿਕਾ ਨਿਭਾਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪੱਤਰਕਾਰ ਭਾਈਚਾਰੇ ਨੇ ਖੰਡ ਮਿੱਲ ਮੋਰਚੇ 'ਚ ਸ਼ਾਮਲ ਹੋ ਕੇ ਐੱਸ ਕੇ ਐੱਮ ਨਾਲ ਇਕਜੁੱਟਤਾ ਕੀਤੀ ਜ਼ਾਹਰ



ਤਰਨ ਤਾਰਨ -ਸ਼ੇਰੋਂ ਖੰਡ ਮਿੱਲ ਦੀ ਅਠਾਨਵੇਂ ਏਕੜ ਜ਼ਮੀਨ ਦੀ ਮਾਲਕੀ ਪੁੱਡਾ ਸਮੇਤ ਵੱਖ-ਵੱਖ ਏਜੰਸੀਆਂ ਨੂੰ ਤਬਦੀਲ ਕਰਨ ਖਿਲਾਫ਼ ਅਤੇ ਖੰਡ ਮਿੱਲ ਚਾਲੂ ਕਰਨ ਦੇ ਲੋਕ ਪੱਖੀ ਮੁੱਦੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸ਼ੁਰੂ ਕੀਤੇ ਅੰਦੋਲਨ ਦੇ 71 ਵੇਂ ਦਿਨ ਵੀਰਵਾਰ ਨੂੰ ਪੱਤਰਕਾਰ ਭਾਈਚਾਰੇ ਨੇ ਮਨਜੀਤ ਸਿੰਘ ਸੰਧੂ, ਹਰਪ੍ਰੀਤ ਸਿੰਘ , ਬਲਵਿੰਦਰ ਸਿੰਘ ਦੀ ਅਗਵਾਈ ਹੇਠ ਮੋਰਚੇ ਵਿੱਚ ਸ਼ਾਮਲ ਹੋ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਖੰਡ ਮਿੱਲ ਚਾਲੂ ਕਰਨ ਲਈ ਲੜੇ ਜਾ ਰਹੇ ਸੰਘਰਸ਼ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਜਮਹੂਰੀ ਕਿਸਾਨ ਸਭਾ ਦੇ ਦਲਜੀਤ ਸਿੰਘ ਦਿਆਲਪੁਰਾ, ਕੁੱਲ ਹਿੰਦ ਕਿਸਾਨ ਸਭਾ ਦੇ ਮਹਾਂਵੀਰ ਸਿੰਘ ਗਿੱਲ, ਕੌਮੀ ਕਿਸਾਨ ਯੂਨੀਅਨ ਦੇ ਤਰਸੇਮ ਸਿੰਘ ਲੁਹਾਰ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜੱਸਾ ਸਿੰਘ ਕੱਦਗਿੱਲ, ਆਲ ਇੰਡੀਆ ਕਿਸਾਨ ਸਭਾ ਦੇ ਡਾ ਇੰਦਰਜੀਤ ਸਿੰਘ ਮਰਹਾਣਾ, ਕਿਰਤੀ ਕਿਸਾਨ ਯੂਨੀਅਨ ਦੇ ਨਛੱਤਰ ਸਿੰਘ ਪੰਨੂ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਾਬਾ ਸੁਲੱਖਣ ਸਿੰਘ ਮੰਡਾਲਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਖੰਡ ਮਿੱਲ ਚਾਲੂ ਕਰਨ ਦਾ ਕੀਤਾ ਵਾਅਦਾ ਪੂਰਾ ਕਰੇ ਤਾਂ ਜੋ ਇਸ ਇਲਾਕੇ ਦੀ ਇਕੋ-ਇਕ ਸਹਿਕਾਰੀ ਸਨਅਤ ਕਿਸਾਨਾਂ -ਮਜ਼ਦੂਰਾਂ ਦੀ ਆਰਥਕ ਖੁਸ਼ਹਾਲੀ ਵਿੱਚ ਵਾਧਾ ਕਰੇ।

ਇਸ ਮੌਕੇ ਇਕੱਤਰ ਕਿਸਾਨ ਆਗੂਆਂ ਨੇ ਸਫਾਈ ਕਰਮਚਾਰੀਆਂ ਦੀ ਹੜਤਾਲ ਦੀ ਡਟਵੀਂ ਹਮਾਇਤ ਕਰਦੇ ਹੋਏ ਹਾਕਮਾਂ ਕੋਲੋਂ ਹੜਤਾਲੀ ਕਰਮਚਾਰੀਆਂ ਦੀਆਂ ਵਾਜਬ ਮੰਗਾਂ ਹੱਲ ਕਰਨ ਦੀ ਜ਼ੋਰਦਾਰ ਮੰਗ ਕੀਤੀ । ਮੋਰਚੇ ਵਿੱਚ ਹਿੱਸਾ ਲੈਣ ਪਹੁੰਚੇ ਆਗੂਆਂ ਜਸਬੀਰ ਸਿੰਘ ਨਿੱਜਰਪੁਰਾ, ਰੇਸ਼ਮ ਸਿੰਘ ਫੈਲੋਕੇ, ਗੁਰਪ੍ਰੀਤ ਸਿੰਘ ਗੰਡੀਵਿੰਡ , ਕੇਹਰ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ ਤੱਖਤੂਚੱਕ , ਸੁਖਚੈਨ ਸਿੰਘ ਸਰਹਾਲੀ, ਅਜੈਬ ਸਿੰਘ ਦੀਨਪੁਰ, ਸੁਖਬਾਜ ਸਿੰਘ ਸਿੱਧੂ, ਰਾਜਗੋਬਿੰਦ ਸਿੰਘ ਜਮਾਲਪੁਰ, ਸੁਰਜੀਤ ਸਿੰਘ ਸ਼ੇਖਚੱਕ, ਸਰਦਾਰਾ ਸਿੰਘ ਸਖੀਰਾ, ਦਿਲਬਾਗ ਸਿੰਘ ਦੁੱਗਲਵਾਲਾ, ਪਿਆਰਾ ਸਿੰਘ ਸਰਪੰਚ, ਜਸਪਾਲ ਸਿੰਘ ਦੀਨਪੁਰ ਆਦਿ ਨੇ ਮੋਰਚੇ ਦੀ ਕਾਮਯਾਬੀ ਲਈ ਸੰਯੁਕਤ ਕਿਸਾਨ ਮੋਰਚੇ ਨਾਲ ਭਰਵਾਂ ਸਹਿਯੋਗ ਕਰਨ ਦਾ ਭਰੋਸਾ ਦਿੱਤਾ।

# ਸਿਹਤ ਵਿਭਾਗ ਦੀ ਟੀਮ ਨੇ ਲੋਕਾਂ ਨੂੰ ਡੇਂਗੂ ਬਾਰੇ ਦਿੱਤੀ ਜਾਣਕਾਰੀ



ਚੋਹਲਾ ਸਾਹਿਬ (ਰਮਨ ਚੱਡਾ)-ਸਿਵਲ ਸਰਜਨ ਤਰਨ ਤਾਰਨ ਸੰਦੀਪ ਧਵਨ ਅਤੇ ਜ਼ਿਲ੍ਹਾ ਮਲੇਰੀਆ ਅਫਸਰ ਡਾਕਟਰ ਲਾਜਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਲੋਕਾਂ ਨੂੰ ਡੇਂਗੂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਸਮੇਂ ਐਸ ਆਈ ਬਿਕਰਮਜੀਤ ਸਿੰਘ ਅਤੇ ਐਸ ਆਈ ਅੰਗਰੇਜ਼ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਟੀਮ ਬਲਾਕ ਸਰਹਾਲੀ ਅਧੀਨ ਆਉਂਦੀਆਂ ਵੱਖ ਵੱਖ ਨਰਸਰੀਆਂ ਤੇ ਪਹੁੰਚੀ ਅਤੇ ਨਰਸਰੀ ਮਾਲਕਾਂ ਨੂੰ ਡੇਂਗੂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਉਹ ਆਪਣੇ ਆਲੇ ਦੁਆਲੇ ਪਾਣੀ ਇੱਕਠਾ ਨਾ ਹੋਣ ਦੇਣ। ਉਹਨਾਂ ਦੱਸਿਆ ਕਿ ਉਹ ਟੁੱਟੇ ਗਮਲਿਆਂ, ਟੁੱਟੇ ਟਾਇਰਾਂ ਅਤੇ ਬੂਟਿਆਂ ਲਈ ਪੁੱਟੇ ਟੋਇਆਂ ਦੀ ਸਾਫ ਸਫਾਈ ਰੱਖਣ ਅਤੇ ਪਾਣੀ ਇੱਕਠਾ ਨਾ ਹੋਣ ਦੇਣ। ਉਹਨਾਂ ਦੱਸਿਆ ਕਿ ਬੂਟਿਆਂ ਨੂੰ ਥੋੜ੍ਹੇ ਵਿਰਲੇ ਰੱਖਿਆ ਜਾਵੇ ਅਤੇ ਸਾਫ ਸਫਾਈ ਵਿੱਚ ਰੱਖੇ ਜਾਣ ਤਾਂ ਜੋ ਡੇਂਗੂ ਫੈਲਾਉਣ ਵਾਲੇ ਮੱਛਰ ਪੈਦਾ ਨਾ ਹੋ ਸਕਣ। ਇਸ ਸਮੇਂ ਐਸ ਆਈ ਜਸਪ੍ਰੀਤ ਸਿੰਘ ਅਤੇ ਹੈਲਥ ਵਰਕਰ ਜਸਪਿੰਦਰ ਸਿੰਘ ਨੇ ਦੱਸਿਆ ਕਿ ਅੱਜ ਉਹਨਾਂ ਦੀ ਟੀਮ ਲੋਕਾਂ ਦੇ ਕੋਠਿਆਂ ਤੇ ਪਈਆਂ ਟੈਂਕੀਆਂ ਦੀ ਸਾਫ ਸਫਾਈ ਚੈੱਕ ਕਰਨ ਲਈ ਪਹੁੰਚੀ ਅਤੇ ਲੋਕਾਂ ਨੂੰ ਦੱਸਿਆ ਕਿ ਉਹ ਪਾਣੀ ਵਾਲੀਆਂ ਟੈਂਕੀਆਂ ਨੂੰ ਸਾਫ ਕਰਦੇ ਰਹਿਣ ਅਤੇ ਛੱਤਾਂ ਤੇ ਪਏ ਟੁੱਟੇ ਟਾਇਰਾਂ ਅਤੇ ਗਮਲਿਆਂ ਵਿੱਚ ਪਾਣੀ ਇੱਕਠਾ ਨਾ ਹੋਣ ਦੇਣ। ਉਹਨਾਂ ਦੱਸਿਆ ਕਿ ਰਾਤ ਨੂੰ ਸੌਣ ਸਮੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨ ਅਤੇ ਪੂਰਾ ਤਨ ਢਕਣ ਵਾਲੇ ਕੱਪੜੇ ਪਹਿਨਣ।

# ਸਫਾਈ ਕਰਮਚਾਰੀਆਂ ਦੇ ਗੁਰਦਾਸਪੁਰ ਬੰਦ ਸੱਦੇ ਨੂੰ ਮਿਲਿਆ ਭਰਵਾਂ ਹੁੰਗਾਰਾ, ਸਾਰੇ ਸ਼ਹਿਰ ਦੇ ਬਾਜ਼ਾਰ ਹੋਏ ਬੰਦ



ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਜ਼ਿਲ੍ਹੇ 'ਚ ਸਫ਼ਾਈ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਬੰਦ ਦਾ ਅਸਰ ਸਪੱਸ਼ਟ ਤੌਰ 'ਤੇ ਦੇਖਣ ਨੂੰ ਮਿਲਿਆ। ਸਫ਼ਾਈ ਕਰਮਚਾਰੀ ਯੂਨੀਅਨਾਂ ਵੱਲੋਂ ਵੀਰਵਾਰ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਬੰਦ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਵਪਾਰ ਮੰਡਲ ਤੇ ਹੋਰ ਵੱਖ-ਵੱਖ ਸੰਗਠਨਾਂ ਨੇ ਆਪਣਾ ਸਮਰਥਨ ਦਿੰਦਿਆਂ ਆਪੋ-ਆਪਣੇ ਕਾਰੋਬਾਰ ਤੇ ਸੰਸਥਾਵਾਂ ਬੰਦ ਰੱਖਣ ਦਾ ਐਲਾਨ ਕੀਤਾ। ਗੁਰਦਾਸਪੁਰ ਸ਼ਹਿਰ 'ਚ ਸਵੇਰ ਤੋਂ ਹੀ ਬਾਜ਼ਾਰ ਬੰਦ ਰਹੇ। ਹਾਲਾਂਕਿ ਐਮਰਜੈਂਸੀ ਸੇਵਾਵਾਂ, ਕੈਮਿਸਟ ਤੇ ਮੈਡੀਕਲ ਸਟੋਰ, ਹਸਪਤਾਲ ਤੇ ਡਾਕਟਰੀ ਸੇਵਾਵਾਂ ਆਪਣਾ ਕੰਮ ਕਰਦੀਆਂ ਰਹੀਆਂ। ਇਸ ਮੌਕੇ ਸਫਾਈ ਸੇਵਕਾਂ ਵੱਲੋਂ ਸ਼ਹਿਰ ਵਿੱਚ ਰੋਸ ਮਾਰਚ ਕੱਢ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨੀਸ਼ ਕੁਮਾਰ, ਸਕੱਤਰ ਸੋਨੂੰ ਸਭਰਵਾਲ, ਰਵੀ, ਬਸ਼ੀਰ, ਅਸ਼ਵਨੀ ਨਿੱਕਾ ਤੇ ਬੰਟੀ ਨੇ ਦੱਸਿਆ ਕਿ 30 ਜੁਲਾਈ ਦੇ ਬੰਦ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਪੂਰਾ ਸਮਰਥਨ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਕਰੀਬ ਤਿੰਨ ਹਫ਼ਤਿਆਂ ਤੋਂ ਸਫ਼ਾਈ ਸੇਵਕ ਪੂਰੇ ਪੰਜਾਬ 'ਚ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਹਨ, ਪਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣ ਦੀ ਬਜਾਏ ਸੂਬੇ ਭਰ 'ਚ ਸੰਘਰਸ਼ ਕਰ ਰਹੇ ਸਫ਼ਾਈ ਕਰਮਚਾਰੀਆਂ ਨਾਲ ਧੱਕੇਸ਼ਾਹੀ ਕਰ ਰਹੀ ਹੈ। ਆਗੂਆਂ ਨੇ ਸੰਘਰਸ਼ ਦੀ ਹਮਾਇਤ ਕਰ ਰਹੀ ਪੰਜਾਬ ਸਟੂਡੈਂਟਸ ਯੂਨੀਅਨ, ਇੰਡੀਅਨ ਫੈਡਰੇਸ਼ਨ ਆੱਫ ਟਰੇਡ ਯੂਨੀਅਨਜ਼, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਕਿਰਤੀ ਕਿਸਾਨ ਯੂਨੀਅਨ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਸੀ.ਟੀ.ਯੂ ਪੰਜਾਬ, ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਪੀ ਆਰ ਐੱਸ ਯੂ, ਸ੍ਰੀ ਗੁਰੂ ਰਵਿਦਾਸ ਸਭਾ (ਸ਼ਹਿਰੀ), ਸਤਿਗੁਰੂ ਨਾਭਾ ਦਾਸ ਸਭਾ, ਮਹਾਸ਼ਾ ਇੰਪਲਾਇਜ਼ ਭਲਾਈ ਫਰੰਟ, ਸਨਾਤਨ ਜਾਗਰਣ ਮੰਚ, ਰਾਸ਼ਟਰੀ ਵਿਕਲਾਂਗ ਸਭਾ, ਡਰਾਇਵਰ ਯੂਨੀਅਨ, ਸਿਵਲ ਹਸਪਤਾਲ ਸਫਾਈ ਸੇਵਕ ਯੂਨੀਅਨ, ਮਹਾਂਰਿਸ਼ੀ ਵਾਲਮਿਕੀ ਸਭਾ ਆਦਿ ਜਥੇਬੰਦੀਆਂ ਦਾ ਧੰਨਵਾਦ ਕੀਤਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਾ ਛੁਡਾਊ ਕੇਂਦਰ ਵਿਖੇ ਸੈਮੀਨਾਰ



ਪਠਾਨਕੋਟ (ਦਵਿੰਦਰ ਸਿੰਘ)- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋਂ ਚੇਅਰਮੈਨ ਕਮ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਨੀਸ਼ ਗਰਗ ਤੇ ਸੀ ਜੇ ਐਮ ਪ੍ਰਭਜੋਤ ਕੌਰ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਛੜਾਓ ਕੇਂਦਰ ਪਠਾਨਕੋਟ ਵਿਖੇ ਡਾਕਟਰ ਸਤਿਆਰਥ ਜਾਂਗਲੀ ਦੀ ਅਗਵਾਈ ਵਿੱਚ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਪੈਨਲ ਐਡਵੋਕੇਟ ਰੋਮਿਕਾ ਅਤੇ ਪੀ ਐਲ ਵੀ ਵਿਨੋਦ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਬੁਲਾਰਿਆਂ ਵੱਲੋਂ ਨਸ਼ਾ ਛੜਾਓ ਕੇਂਦਰ ਵਿੱਚ ਮਰੀਜ਼ਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਉਨਾਂ ਨੂੰ ਮੂਵੀ ਦਿਖਾ ਕੇ ਨਸ਼ੇ ਦੇ ਮਾੜੇ ਅਸਰ ਬਾਰੇ ਵੀ ਜਾਣੂ ਕਰਵਾਇਆ ਗਿਆ। ਬੁਲਾਰਿਆਂ ਵੱਲੋਂ ਨਸ਼ਾ ਛਡਾਓ ਕੇਂਦਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮਰੀਜ਼ਾਂ ਨੂੰ ਮੁਫਤ ਸੇਵਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ, ਉਹਨਾਂ ਦੱਸਿਆ ਕਿ ਐਨ ਡੀ ਪੀ ਸੀ ਐਕਟ 27/61/85 ਤਹਿਤ ਜਿਹੜੇ ਵੀ ਮਰੀਜ਼ ਹੁੰਦੇ ਹਨ, ਉਹਨਾਂ ਨੂੰ ਅਥਾਰਟੀ ਵੱਲੋਂ ਮੁਫਤ ਵਿੱਚ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ, ਤਾਂ ਜੋ ਉਹ ਸਮਾਜ ਵਿੱਚ ਚੰਗੇ ਸ਼ਹਿਰੀ ਬਣ ਕੇ ਆਪਣਾ ਜੀਵਨ ਬਸਰ ਕਰ ਸਕਣ। ਇਸ ਮੌਕੇ ਕੌਂਸਲਰ ਮਨਭਾਵਨ ਸਿੰਘ, ਕੁਸਮ ਮਲਪੋਤਰਾ, ਰੋਹਿਤ ਕੁਮਾਰ, ਜਸਬੀਰ ਸਿੰਘ, ਰਾਹੁਲ, ਅਜੇ ਕੁਮਾਰ, ਹਰਵਿੰਦਰ ਕੌਰ ਆਦਿ ਸ਼ਾਮਲ ਸਨ ।

## ਕਿਰਤੀ ਕਿਸਾਨ ਯੂਨੀਅਨ ਇਲਾਕਾ ਹਰਚੋਵਾਲ ਦਾ ਅਜਲਾਸ ਘੋੜੇਵਾਹ 'ਚ ਹੋਇਆ



ਧਾਰੀਵਾਲ/ਹਰਚੋਵਾਲ (ਮਨਦੀਪ ਵਿੱਕੀ)-ਕਿਰਤੀ ਕਿਸਾਨ ਯੂਨੀਅਨ ਇਲਾਕਾ ਹਰਚੋਵਾਲ ਦਾ ਅਜਲਾਸ ਪਿੰਡ ਘੋੜੇਵਾਹ ਵਿਚ ਜ਼ਿਲ੍ਹਾ ਸਕੱਤਰ ਅਨੋਖ ਸਿੰਘ ਘੋੜੇਵਾਹ ਦੀ ਅਗਵਾਈ ਹੇਠ ਹੋਇਆ। ਇਸ ਚੋਣ ਅਜਲਾਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਕੱਤਰ ਅਨੋਖ ਸਿੰਘ ਘੋੜੇਵਾਹ ਨੇ ਦੱਸਿਆ ਕਿ ਹਰਜਿੰਦਰ ਸਿੰਘ ਘੋੜੇਵਾਹ ਪ੍ਰਧਾਨ, ਸੰਤੋਖ ਸਿੰਘ ਵਧਾਈ ਉਪ ਪ੍ਰਧਾਨ, ਮਨਜੀਤ ਸਿੰਘ ਖੁਸ਼ਹਾਲਪੁਰ ਸਕੱਤਰ, ਸੂਬੇਦਾਰ ਗੁਰਦਿਆਲ ਸਿੰਘ ਭਾਮ ਖਜ਼ਾਨਚੀ ਚੁਣੇ ਗਏ। ਉਨ੍ਹਾਂ ਦੱਸਿਆ ਕਿ ਇਸ ਮੌਕੇ ਇੱਕ ਤੇਰਾਂ ਮੈਂਬਰੀ ਕਮੇਟੀ ਵੀ ਚੁਣੀ ਗਈ ਜਿਸ ਵਿੱਚ ਚੈਂਚਲ ਸਿੰਘ, ਅਨੋਖ ਸਿੰਘ ਘੋੜੇਵਾਹ, ਹਰਪਾਲ ਸਿੰਘ, ਜਗੀਰ ਸਿੰਘ, ਮਨਜੀਤ ਸਿੰਘ ਪਟਵਾਰੀ, ਮੰਗਲ ਸਿੰਘ, ਜੋਗਿੰਦਰ ਸਿੰਘ, ਤਰਸੇਮ ਸਿੰਘ ਅਤੇ ਡਾਕਟਰ ਰਮਿੰਦਰ ਸਿੰਘ ਭਾਮ ਸ਼ਾਮਲ ਹਨ।

## ਮੋਟਰਸਾਈਕਲ ਚੋਰੀ, ਮਾਮਲਾ ਦਰਜ

ਪਠਾਨਕੋਟ (ਦਵਿੰਦਰ ਸਿੰਘ)-ਨਹਿਰੀ ਵਿਭਾਗ ਦੇ ਕਰਮਚਾਰੀ ਦਾ ਆਪਣੇ ਦਫਤਰ ਮਲਕਪੁਰ ਦੇ ਬਾਹਰ ਖੜ੍ਹਾ ਕੀਤਾ ਹੋਇਆ ਮੋਟਰਸਾਈਕਲ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਨੂੰ ਆਪਣੀ ਸ਼ਿਕਾਇਤ ਵਿੱਚ ਰਾਜ ਕੁਮਾਰ ਪੁੱਤਰ ਮੇਹਰ ਚੰਦ ਵਾਸੀ ਪਿੰਡ ਆਸਾਵਾਨ ਨੇ ਦੱਸਿਆ ਕਿ 27 ਜੁਲਾਈ ਨੂੰ ਉਸਨੇ ਆਪਣਾ ਮੋਟਰਸਾਈਕਲ ਨਹਿਰੀ ਵਿਭਾਗ ਦੇ ਦਫਤਰ ਮਲਕਪੁਰ ਦੇ ਬਾਹਰ ਖੜ੍ਹਾ ਕੀਤਾ ਸੀ। ਜਦੋਂ ਉਹ ਦਫਤਰ 'ਚੋਂ ਬਾਹਰ ਆਇਆ ਤਾਂ ਉਸਨੇ ਦੇਖਿਆ ਕਿ ਮੋਟਰਸਾਈਕਲ ਗਾਇਬ ਹੈ, ਜਿਸ 'ਤੇ ਪੁਲਸ ਵੱਲੋਂ ਰਾਜ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਰੋਹਿਤ ਵਾਸੀ ਆਦਰਸ਼ ਕਲੋਨੀ ਸਰਨਾ ਦੇ ਖਿਲਾਫ ਚੋਰੀ ਦਾ ਮਾਮਲਾ ਦਰਜ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵੱਡਾ ਨੰਗਲ ਛੱਪੜ 'ਚੋਂ ਮਿਲੀ ਲਾਸ਼

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਦੇ ਨਜ਼ਦੀਕੀ ਪਿੰਡ ਵੱਡਾ ਨੰਗਲ ਤੋਂ ਇੱਕ ਲਾਸ਼ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਮੌਕੇ 'ਤੇ ਮਿਲੀ ਜਾਣਕਾਰੀ ਮੁਤਾਬਕ ਕਾਦੀਆਂ ਦੇ ਨਜ਼ਦੀਕੀ ਵੱਡਾ ਨੰਗਲ ਵਿਖੇ ਪਿੰਡ ਵਿੱਚ ਮੌਜੂਦ ਇੱਕ ਵੱਡੇ ਛੱਪੜ ਵਿੱਚ ਪਿੰਡ ਨਿਵਾਸੀਆਂ ਨੂੰ ਲਾਸ਼ ਤੈਰਦੀ ਨਜ਼ਰ ਆਈ ਜਿਸ 'ਤੇ ਉਸ ਦੀ ਸੂਚਨਾ ਪਿੰਡ ਦੇ ਸਰਪੰਚ ਅਤੇ ਪੁਲਸ ਨੂੰ ਦਿੱਤੀ। ਮੌਕੇ 'ਤੇ ਪਿੰਡ ਦੇ ਸਰਪੰਚ ਅਤੇ ਪੁਲਸ ਨੇ ਪਹੁੰਚ ਕੇ ਜਾਇਜ਼ਾ ਲਿਆ ਅਤੇ ਲੋਕਾਂ ਦੀ ਮਦਦ ਦੇ ਨਾਲ ਪੁਲਸ ਨੇ ਲਾਸ਼ ਨੂੰ ਛੱਪੜ ਵਿੱਚੋਂ ਬਾਹਰ ਕੱਢਿਆ। ਇਸ ਮੌਕੇ ਪੁਲਸ ਥਾਣਾ ਮੁਖੀ ਕੰਵਲਪ੍ਰੀਤ ਸਿੰਘ ਕਾਦੀਆਂ ਨੇ ਦੱਸਿਆ ਕਿ ਪੁਲਸ ਨੂੰ ਪਿੰਡ ਨਿਵਾਸੀਆਂ ਤੋਂ ਮਿਲੀ ਸੂਚਨਾ ਦੇ ਅਧਾਰ 'ਤੇ ਮੌਕੇ 'ਤੇ ਆ ਕੇ ਇਸ ਲਾਸ਼ ਨੂੰ ਕਬਜ਼ੇ ਵਿੱਚ ਲਿਆ ਹੈ। ਇਸ ਸੰਬੰਧ ਵਿੱਚ ਐਸ ਐਚ ਓ ਥਾਣਾ ਕਾਦੀਆਂ ਨੇ ਦੱਸਿਆ ਕਿ ਲਾਸ਼ ਦੀ ਪਛਾਣ ਨਜ਼ਦੀਕੀ ਛੋਟਾ ਨੰਗਲ ਸ਼ਿਵਾ ਪੁੱਤਰ ਕੁਲਦੀਪ ਕੁਮਾਰ ਵਜੋਂ ਹੋਈ ਹੈ।

# ਸਫਾਈ ਸੇਵਕਾਂ ਦੇ ਸਮਰਥਨ 'ਚ ਧਰਨੇ 'ਤੇ ਪੁੱਜੇ ਸੁਖ ਅੰਜਲਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਬਰਨਾਲਾ ਵਿਖੇ ਕੁਝ ਦਿਨ ਪਹਿਲਾਂ ਸਫਾਈ ਸੇਵਕਾਂ 'ਤੇ ਹੋਏ ਕਥਿਤ ਲਾਠੀਚਾਰਜ ਦੇ ਵਿਰੋਧ ਵਿੱਚ ਅਜਨਾਲਾ ਵਿੱਚ ਲੱਗੇ ਧਰਨੇ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਦੇ ਭਰਾ ਅਤੇ ਹਲਕਾ ਅਜਨਾਲਾ ਤੋਂ ਸੇਵਾਦਾਰ ਸੁਖਜਿੰਦਰ ਸਿੰਘ ਸੁਖ ਔਜਲਾ ਧਰਨੇ ਵਿੱਚ ਸ਼ਾਮਲ ਹੋਏ।

ਇਸ ਮੌਕੇ ਉਨ੍ਹਾਂ ਧਰਨਾਕਾਰੀਆਂ ਨੂੰ ਆਪਣਾ ਸਮਰਥਨ ਦਿੰਦਿਆਂ ਕਿਹਾ ਕਿ ਹਰ ਰੋਜ਼ ਸਵੇਰੇ ਉੱਠ ਕੇ ਸ਼ਹਿਰਾਂ ਅਤੇ ਪਿੰਡਾਂ ਨੂੰ ਸਾਫ਼-ਸੁਥਰਾ ਰੱਖਣ ਵਾਲੇ ਸਫਾਈ ਸੇਵਕਾਂ ਦੇ ਨਾਲ ਪੂਰਾ ਸਮਾਜ ਖੜ੍ਹਾ ਹੈ। ਸੁਖ ਔਜਲਾ ਨੇ ਸਫਾਈ ਸੇਵਕਾਂ ਨਾਲ ਹੋਈ ਕਥਿਤ ਪੁਲਸ ਕਾਰਵਾਈ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਕਿਸੇ ਵੀ ਮੁਲਾਜ਼ਮ ਨਾਲ ਇਸ ਤਰ੍ਹਾਂ ਦੀ ਕੁੱਟਮਾਰ ਅਤੇ ਦੁਰਵਿਵਹਾਰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸ਼ੁਰੂ ਤੋਂ ਹੀ ਸਫਾਈ ਸੇਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਸਫਾਈ ਸੇਵਕਾਂ ਦਾ ਮੁੱਦਾ ਲੋਕ ਸਭਾ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ ਹੈ ਅਤੇ ਸੰਸਦ ਤੋਂ ਲੈ ਕੇ ਸੜਕ ਤੱਕ ਉਨ੍ਹਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰ ਰਹੇ ਹਨ। ਸੁਖ ਔਜਲਾ ਨੇ ਕਿਹਾ ਕਿ ਜਿੱਥੇ ਵੀ ਲੋੜ ਪਈ, ਕਾਂਗਰਸ ਪਾਰਟੀ ਸਫਾਈ ਸੇਵਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਰਹੇਗੀ। ਉਨ੍ਹਾਂ ਕਿਹਾ ਕਿ ਸਮਾਜ ਨੂੰ ਸਾਫ਼-ਸੁਥਰਾ ਰੱਖਣ ਵਾਲੇ ਕਰਮਚਾਰੀਆਂ ਦੇ ਸਨਮਾਨ ਅਤੇ ਹੱਕਾਂ ਦੀ ਹਰ ਹਾਲਤ ਵਿੱਚ ਰੱਖਿਆ ਕੀਤੀ ਜਾਵੇਗੀ।

# ਪੁਲਸ ਨੇ 120 ਗੁੰਮ ਹੋਏ ਮੋਬਾਇਲ ਅਸਲ ਮਾਲਕਾਂ ਨੂੰ ਵਾਪਸ ਕੀਤੇ



ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਪੁਲਸ ਨੇ ਐੱਸ.ਐੱਸ.ਪੀ. ਦਫ਼ਤਰ ਗੁਰਦਾਸਪੁਰ ਵਿਖੇ ਸੀ.ਈ.ਆਈ.ਆਰ ਹੈਲਪਲਾਈਨ ਪੋਰਟਲ ਤਹਿਤ ਇੱਕ ਵਿਸ਼ੇਸ਼ ਮੋਬਾਈਲ ਫੋਨ ਵੰਡ ਸਮਾਗਮ ਦਾ ਆਯੋਜਨ ਕੀਤਾ, ਜਿਸ ਦੌਰਾਨ 120 ਗੁੰਮ ਅਤੇ ਖੋਏ ਹੋਏ ਮੋਬਾਈਲ ਫੋਨ ਸਫਲਤਾਪੂਰਵਕ ਬਰਾਮਦ ਕਰਕੇ ਉਹਨਾਂ ਦੇ ਅਸਲ ਮਾਲਕਾਂ ਨੂੰ ਸੌਂਪੇ ਗਏ। ਇਹ ਕਾਰਵਾਈ ਐੱਸ.ਐੱਸ.ਪੀ. ਆਦਿਤਿਆ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤੀ ਗਈ। ਗੁਰਦਾਸਪੁਰ ਪੁਲਸ ਵੱਲੋਂ ਡਿਜੀਟਲ ਟ੍ਰੈਕਿੰਗ ਤਕਨੀਕਾਂ ਅਤੇ ਸੀ.ਈ.ਆਈ.ਆਰ ਪੋਰਟਲ ਦੀ ਸਹਾਇਤਾ ਨਾਲ ਗੁੰਮ ਅਤੇ ਖੋਏ ਹੋਏ ਮੋਬਾਈਲ ਫੋਨਾਂ ਦੀ ਪਛਾਣ ਕਰਕੇ ਉਹਨਾਂ ਨੂੰ ਟ੍ਰੇਸ ਕੀਤਾ ਗਿਆ। ਅਸਲ ਮਾਲਕਾਂ ਦੀ ਤਸਦੀਕ ਉਪਰੰਤ ਵੱਖ-ਵੱਖ ਬ੍ਰਾਂਡਾਂ ਦੇ ਇਹ ਮੋਬਾਈਲ ਫੋਨ ਉਹਨਾਂ ਨੂੰ ਵਾਪਸ ਕੀਤੇ ਗਏ। ਬਰਾਮਦ ਕੀਤੇ ਗਏ ਮੋਬਾਈਲ ਫੋਨਾਂ ਦੀ ਕੁੱਲ ਅਨੁਮਾਨਿਤ ਕੀਮਤ ਲਗਭਗ ?26 ਲੱਖ ਹੈ। ਇਸ ਮੌਕੇ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਲਾਭਪਾਤਰੀਆਂ ਨੇ ਆਪਣੇ ਮੋਬਾਈਲ ਪ੍ਰਾਪਤ ਕੀਤੇ ਅਤੇ ਗੁਰਦਾਸਪੁਰ ਪੁਲਸ ਵੱਲੋਂ ਕੀਤੇ ਗਏ ਯਤਨਾਂ ਦੀ ਸਰਾਹਨਾ ਕੀਤੀ। ਸੀ.ਈ.ਆਈ.ਆਰ ਪੋਰਟਲ ਭਾਰਤ ਸਰਕਾਰ ਦੇ ਦੂਰਸੰਚਾਰ ਵਿਭਾਗ ਦੀ ਇੱਕ ਮਹੱਤਵਪੂਰਨ ਪਹਿਲ ਹੈ, ਜੋ ਗੁੰਮ ਜਾਂ ਚੋਰੀ ਹੋਏ ਮੋਬਾਈਲ ਫੋਨਾਂ ਨੂੰ ਬਲੌਕ ਕਰਨ, ਉਨ੍ਹਾਂ ਦੇ ਦੁਰਉਪਯੋਗ ਨੂੰ ਰੋਕਣ ਅਤੇ ਆਈ ਐਮ ਈ ਆਈ ਆਧਾਰਤ ਟ੍ਰੈਕਿੰਗ ਰਾਹੀਂ ਉਨ੍ਹਾਂ ਦੀ ਬਰਾਮਦਗੀ ਨੂੰ ਸੁਗਮ ਬਣਾਉਂਦੀ ਹੈ। ਗੁਰਦਾਸਪੁਰ ਪੁਲਸ ਵੱਲੋਂ ਆਮ ਲੋਕਾਂ ਨੂੰ ਅਪੀਲ ਹੈ ਕਿ ਜੇਕਰ ਉਨ੍ਹਾਂ ਦਾ ਮੋਬਾਈਲ ਫੋਨ ਗੁੰਮ ਜਾਂ ਚੋਰੀ ਹੋ ਜਾਂਦਾ ਹੈ ਤਾਂ ਉਹ ਤੁਰੰਤ ਸੀ.ਈ.ਆਈ.ਆਰ ਪੋਰਟਲ 'ਤੇ ਜਾਂ ਆਪਣੇ ਨਜ਼ਦੀਕੀ ਸਾਂਝ ਕੇਂਦਰ/ਪੁਲਸ ਥਾਣੇ ਵਿਖੇ ਇਸ ਦੀ ਸੂਚਨਾ ਦਰਜ ਕਰਵਾਉਣ, ਤਾਂ ਜੋ ਸਮੇਂ ਸਿਰ ਲੋੜੀਂਦੀ ਕਾਰਵਾਈ ਕਰਕੇ ਮੋਬਾਈਲ ਫੋਨ ਦੀ ਬਰਾਮਦਗੀ ਸੰਭਵ ਬਣਾਈ ਜਾ ਸਕੇ।

# ਜੇ ਐੱਮ ਕੇ ਇੰਟਰਨੈਸ਼ਨਲ ਸਕੂਲ 'ਚ ਮਨਾਇਆ ਗ੍ਰੈਂਡ ਪੇਰੈਂਟਸ ਡੇ



ਪਠਾਨਕੋਟ (ਦਵਿੰਦਰ ਸਿੰਘ)-ਜੇ ਐਮ ਕੇ ਇੰਟਰਨੈਸ਼ਨਲ ਸਕੂਲ ਵਿੱਚ ਗ੍ਰੈਂਡਪੇਰੈਂਟਸ ਡੇ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਦਾ ਆਯੋਜਨ ਸਕੂਲ ਦੇ ਚੇਅਰਮੈਨ ਅਨੁਜ ਸੂਦ ਅਤੇ ਡਾਇਰੈਕਟਰ ਤਾਨਿਆ ਸੂਦ ਦੀ ਰਹਿਨੁਮਾਈ ਹੇਠ, ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਨੀਰਜ ਮੋਹਨ ਪੁਰੀ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਚੇਅਰਪਰਸਨ ਵੰਦਨਾ ਸੂਦ, ਡਾਇਰੈਕਟਰ ਤਾਨਿਆ ਸੂਦ, ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਨੀਰਜ ਮੋਹਨ ਪੁਰੀ ਅਤੇ ਅਸਿਸਟੈਂਟ ਡਾਕਟਰ ਚਰਨਜੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ। ਸਕੂਲ ਪਰਵਾਰ ਵੱਲੋਂ ਸਾਰੇ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਨੰਨ੍ਹੇ-ਮੁੰਨੇ ਵਿਦਿਆਰਥੀਆਂ ਵੱਲੋਂ ਆਕਰਸ਼ਕ ਸਵਾਗਤੀ ਪੇਸ਼ਕਾਰੀ ਨਾਲ ਹੋਈ। ਇਸ ਤੋਂ ਬਾਅਦ ਦਾਦਾ-ਦਾਦੀ ਅਤੇ ਨਾਨਾ-ਨਾਨੀ ਨੂੰ ਸਮਰਪਤ ਭਾਵਪੂਰਣ ਨਾਟਕ ਪੇਸ਼ਕਾਰੀ ਨੇ ਹਾਜ਼ਰ ਸਾਰੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਨਰਸਰੀ, ਐਲ.ਕੇ.ਜੀ., ਯੂ.ਕੇ.ਜੀ. ਅਤੇ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮਾਂ ਅਤੇ ਮਨਮੋਹਕ ਨ੍ਰਿਤ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਮੁੱਖ ਮਹਿਮਾਨ ਚੇਅਰਪਰਸਨ ਵੰਦਨਾ ਸੂਦ ਅਤੇ ਡਾਇਰੈਕਟਰ ਤਾਨਿਆ ਸੂਦ ਨੇ ਸੰਬੋਧਨ ਵਿੱਚ ਕਿਹਾ ਕਿ ਦਾਦਾ-ਦਾਦੀ ਅਤੇ ਨਾਨਾ-ਨਾਨੀ ਪਰਵਾਰ ਦੀ ਸਭ ਤੋਂ ਵੱਡੀ ਤਾਕਤ ਅਤੇ ਬੱਚਿਆਂ ਦੇ ਪਹਿਲੇ ਸੰਸਕਾਰਦਾਤਾ ਹੁੰਦੇ ਹਨ।

ਇਸ ਮੌਕੇ ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਨੀਰਜ ਮੋਹਨ ਪੁਰੀ ਨੇ ਕਿਹਾ ਕਿ ਦਾਦਾ-ਦਾਦੀ ਅਤੇ ਨਾਨਾ-ਨਾਨੀ ਪਰਵਾਰ ਦੀ ਅਮੋਲਕ ਧਰੋਹਰ ਹਨ। ਉਨ੍ਹਾਂ ਦੇ ਤਜਰਬੇ, ਸੰਸਕਾਰ ਅਤੇ ਪਿਆਰ ਨਾਲ ਬੱਚਿਆਂ ਦੀ ਸ਼ਖ਼ਸੀਅਤ ਦਾ ਸਮੁੱਚਾ ਵਿਕਾਸ ਹੁੰਦਾ ਹੈ। ਸਮਾਗਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਨੇ ਸਾਰੇ ਮੁੱਖ ਮਹਿਮਾਨਾਂ, ਮਾਪਿਆਂ ਅਤੇ ਗ੍ਰੈਂਡਪੇਰੈਂਟਸ ਦਾ ਧੰਨਵਾਦ ਕੀਤਾ।

# ਸ਼ੈਰੀ ਕਲਸੀ ਵੱਲੋਂ ਮੁਹੱਲਾ ਕਲੀਨਿਕ ਦਾ ਉਦਘਾਟਨ



ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਹੀਦ ਭਾਈ ਸੁੱਖਾ ਸਿੰਘ, ਸ਼ਹੀਦ ਭਾਈ ਮਹਿਤਾਬ ਸਿੰਘ ਨੂੰ ਸਮਰਪਤ ਮੁਹੱਲਾ ਕਲੀਨਿਕ ਦਾ ਬਟਾਲਾ ਵਾਸੀਆਂ ਦੀ ਮੌਜੂਦਗੀ ਵਿੱਚ ਉਦਘਾਟਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਸੀਨੀਅਰ ਆਗੂ ਪ੍ਰਦੀਪ ਕੁਮਾਰ ਅਤੇ ਐੱਸ ਐੱਮ ਓ ਮਨਿੰਦਰਜੀਤ ਸਿੰਘ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਬਿਹਤਰ ਅਤੇ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਸਿਹਤ ਖੇਤਰ ਵਿੱਚ ਵੱਡੀ ਪੱਧਰ 'ਤੇ ਮਿਸਾਲੀ ਸੁਧਾਰ ਹੋਏ ਹਨ। ਆਮ ਆਦਮੀ ਕਲੀਨਿਕਾਂ ਵਿੱਚ ਗਰੀਬ ਲੋਕਾਂ ਨੂੰ ਮੁਫ਼ਤ ਡਾਕਟਰੀ ਜਾਂਚ, ਦਵਾਈਆਂ ਅਤੇ ਵੱਖ-ਵੱਖ ਲੈਬ ਟੈਸਟਾਂ ਦੀ ਸਹੂਲਤ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਨਾਲ ਲੋਕਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋ ਰਹੀ ਹੈ ਕਿਉਂਕਿ ਆਮ ਆਦਮੀ ਕਲੀਨਿਕ ਵਿਚ 46 ਤਰ੍ਹਾਂ ਦੇ ਟੈਸਟ ਅਤੇ 107 ਤਰ੍ਹਾਂ ਦੀਆਂ ਦਵਾਈਆਂ ਮੁਫ਼ਤ ਮਿਲ ਰਹੀਆਂ ਹਨ। ਇਸ ਕਲੀਨਿਕ ਵਿੱਚ ਕੋਈ ਪਰਚੀ ਫੀਸ ਨਹੀਂ ਲੱਗ ਰਹੀ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਖੋਲ੍ਹਣ ਨਾਲ ਲੋਕਾਂ ਨੂੰ ਯੋਗ ਮੈਡੀਕਲ ਅਫ਼ਸਰ ਵੱਲੋਂ ਮੁਆਇਨਾ ਕਰਕੇ ਲੋੜੀਂਦੇ ਟੈਸਟ ਅਤੇ ਦਵਾਈਆਂ ਮੁਫ਼ਤ ਮੁਹਈਆ ਕਰਵਾਈਆਂ ਜਾ ਰਹੀਆਂ ਹਨ।

# ਸਠਿਆਲਾ ਕਾਲਜ ਦੇ ਐੱਨ ਸੀ ਸੀ ਕੈਡੇਟਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



ਬਿਆਸ (ਪਰਮਜੀਤ ਸਿੰਘ ਰੱਖੜਾ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਪ੍ਰੋ. ਡਾ. ਕਰਮਜੀਤ ਸਿੰਘ ਅਤੇ ਡੀਨ ਕਾਲਜ ਵਿਕਾਸ ਕੌਂਸਲ ਪ੍ਰੋਫੈਸਰ ਡਾ. ਸਰੋਜ ਅਰੋੜਾ ਦੀ ਰਹਿਨੁਮਾਈ ਅਤੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਦੀ ਅਗਵਾਈ ਵਿੱਚ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਦੇ ਐੱਨ ਸੀ ਸੀ ਕੈਡੇਟਾਂ ਨੇ 19 ਤੋਂ 28 ਜੁਲਾਈ ਤੱਕ ਐੱਨ ਸੀ ਸੀ ਅਕੈਡਮੀ ਰੂਪਨਗਰ ਵਿਖੇ ਆਯੋਜਿਤ ਸਾਲਾਨਾ ਆਰਮੀ ਟ੍ਰੇਨਿੰਗ ਕੈਂਪ (ਸੀ ਏ ਟੀ ਸੀ) ਵਿੱਚ ਸ਼ਾਨਦਾਰ ਭਾਗੀਦਾਰੀ ਕਰਦਿਆਂ ਵੱਖ-ਵੱਖ ਮੁਕਾਬਲਿਆਂ ਵਿੱਚ ਕਾਲਜ ਦਾ ਨਾਮ ਰੌਸ਼ਨ ਕੀਤਾ। 24 ਪੰਜਾਬ ਬਟਾਲੀਅਨ ਐੱਨ ਸੀ ਸੀ ਦੀ ਦੇਖ-ਰੇਖ ਹੇਠ ਆਯੋਜਿਤ ਇਸ ਕੈਂਪ ਵਿੱਚ ਪੰਜਾਬ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ 346 ਕੈਡੇਟਾਂ ਨੇ ਹਿੱਸਾ ਲਿਆ। ਇਸ ਸਮੁੱਚੇ ਕੈਂਪ ਵਿੱਚ ਕਾਲਜ ਦਾ ਅੰਡਰ ਅਫਸਰ ਸਰਜੀਤਪਾਲ ਸਿੰਘ ਕੈਂਪ ਸੀਨੀਅਰ ਸੀ।

ਕਾਲਜ ਇੰਚਾਰਜ ਅਤੇ ਐਸੋਸੀਏਟ ਐੱਨ ਸੀ ਸੀ ਅਫਸਰ ਡਾ. (ਲੈਫ.) ਹਰਸਿਮਰਨ ਕੌਰ ਨੇ ਦੱਸਿਆ ਕਿ ਕੈਂਪ ਦੌਰਾਨ ਕੈਡੇਟਾਂ ਨੂੰ ਸ਼ੂਟਿੰਗ ਅਭਿਆਸ, ਡਰੋਨ ਟੈਕਨਾਲੋਜੀ, ਮੈਪ ਰੀਡਿੰਗ, ਆਰਮੀ ਹਥਿਆਰਾਂ ਦੀ ਜਾਣ-ਪਛਾਣ, ਕੰਪਾਸ ਰਾਹੀਂ ਨੇਵੀਗੇਸ਼ਨ, ਗੰਨ ਹੈਂਡਲਿੰਗ ਅਤੇ ਹੋਰ ਫੌਜੀ ਸਿਖਲਾਈ ਨਾਲ ਸੰਬੰਧਤ ਗਤੀਵਿਧੀਆਂ ਕਰਵਾਈਆਂ ਗਈਆਂ। ਕੈਂਪ ਦੌਰਾਨ ਚੁਣੇ ਹੋਏ ਬੈੱਸਟ ਕੈਡੇਟਾਂ ਨੂੰ ਚੰਡੀਗੜ੍ਹ ਵਿਖੇ ਕਾਰਗਿਲ ਵਾਰ ਮੈਮੋਰੀਅਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਕਾਰਗਿਲ ਦਿਵਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਕੈਡੇਟਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਐੱਨ ਸੀ ਸੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਮਿਲਣ ਦਾ ਵੀ ਮੌਕਾ ਮਿਲਿਆ। ਕੈਂਪ ਦੌਰਾਨ ਵਾਲੀਬਾਲ, ਫੁੱਟਬਾਲ, ਬਾਸਕਟਬਾਲ, ਰੱਸਾਕਸ਼ੀ (ਟੱਗ ਆਫ ਵਾਰ) ਅਤੇ ਖੋ-ਖੋ ਸਮੇਤ ਵੱਖ-ਵੱਖ ਖੇਡਾਂ ਅਤੇ ਮਨੋਰੰਜਨ ਗਤੀਵਿਧੀਆਂ ਪ੍ਰਤੀਯੋਗਤਾ ਦੇ ਰੂਪ ਵਿੱਚ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਸਠਿਆਲਾ ਕਾਲਜ ਦੇ ਕੈਡੇਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗਰਲਜ਼ ਕੈਡੇਟਾਂ ਨੇ ਰੱਸਾਕਸ਼ੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਕੈਡੇਟ ਅਮਰਿੰਦਰ ਸਿੰਘ ਨੇ ਵੈਪਨ ਹੈਂਡਲਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਕੈਡੇਟਾਂ ਨੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਭਾਗ ਲੈਂਦਿਆਂ ਭੰਗੜਾ ਮੁਕਾਬਲੇ ਵਿੱਚ ਪਹਿਲਾ ਸਥਾਨ ਅਤੇ ਗਾਇਨ ਮੁਕਾਬਲੇ ਵਿੱਚ ਮੈਡਲ ਹਾਸਲ ਕੀਤਾ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਇਕਾਈ ਤਰਸਿੱਕਾ ਦੀ ਚੋਣ, ਬਲਜੀਤ ਸਿੰਘ ਲਾਲੀ ਮੁੜ ਪ੍ਰਧਾਨ ਚੁਣੇ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਇਕਾਈ ਪਿੰਡ ਤਰਸਿੱਕਾ (ਪੱਤੀ ਮਾਂਗਟ) ਦੀ ਇੱਕ ਅਹਿਮ ਚੋਣਮੀ ਮੀਟਿੰਗ ਅਤੇ ਚੋਣ ਇਜਲਾਸ ਆਯੋਜਿਤ ਕੀਤਾ ਗਿਆ। ਇਸ ਮੀਟਿੰਗ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ੋਨ ਤਰਸਿੱਕਾ ਦੇ ਪ੍ਰਧਾਨ ਰਣਜੀਤ ਸਿੰਘ ਚਾਟੀਵਿੰਡ ਉਚੇਚੇ ਤੌਰ 'ਤੇ ਹਾਜ਼ਰ ਹੋਏ। ਇਸ ਦੌਰਾਨ ਪਿਛਲੀ ਕਮੇਟੀ ਵੱਲੋਂ ਕੀਤੇ ਗਏ ਸੰਘਰਸ਼ੀ ਕਾਰਜਾਂ ਅਤੇ ਇੱਕ ਪਿੱਛੂ ਗਤੀਵਿਧੀਆਂ ਦਾ ਲੇਖਾ-ਜੋਖਾ ਸੰਗਤਾਂ ਸਾਹਮਣੇ ਰੱਖਿਆ ਗਿਆ, ਉਪਰੰਤ ਪਿਛਲੀ ਕਮੇਟੀ ਨੂੰ ਭੰਗ ਕਰਕੇ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਨਵੀਂ ਚੋਣ ਵਿੱਚ ਬਲਜੀਤ ਸਿੰਘ (ਲਾਲੀ) ਨੂੰ ਮੁੜ ਸਰਬਸੰਮਤੀ ਨਾਲ ਇਕਾਈ ਤਰਸਿੱਕਾ ਦਾ ਪ੍ਰਧਾਨ ਚੁਣਿਆ ਗਿਆ। ਨਵੀਂ ਚੁਣੀ ਗਈ ਇਕਾਈ ਕਮੇਟੀ (ਤਰਸਿੱਕਾ) ਦੇ ਅਹੁਦੇਦਾਰਾਂ ਵਿੱਚ ਪ੍ਰਧਾਨ ਬਲਜੀਤ ਸਿੰਘ ਲਾਲੀ, ਸੈਕਟਰੀ ਜਸਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਨਿਸ਼ਾਨ ਸਿੰਘ, ਮੀਤ ਪ੍ਰਧਾਨ ਬਲਵੰਤ ਸਿੰਘ, ਖਜ਼ਾਨਚੀ ਅਜਮੇਰ ਸਿੰਘ, ਕਾਰਜਕਾਰੀ ਸੈਕਟਰੀ ਜਗਤਾਰ ਸਿੰਘ, ਸੈਕਟਰੀ ਆਈ.ਟੀ. ਸੈੱਲ ਹਰਦੀਪ ਸਿੰਘ, ਮੀਤ ਸੈਕਟਰੀ ਸੁਖਜੀਤ ਸਿੰਘ, ਮੀਤ ਸੈਕਟਰੀ ਗੁਰਮੁਖ ਸਿੰਘ, ਮੀਤ ਖਜ਼ਾਨਚੀ ਤਰਲੋਕ ਸਿੰਘ ਮੈਂਬਰ, ਮੀਤ ਸੈਕਟਰੀ ਤਰਲੋਕ ਸਿੰਘ (ਝਾਣੀ) ਪ੍ਰੈੱਸ ਸੈਕਟਰੀ ਸਿਮਰਨਜੀਤ ਸਿੰਘ, ਮੈਂਬਰ (ਡੈਲੀਗੇਟ) ਹਰਜਿੰਦਰ ਸਿੰਘ, ਮੈਂਬਰ ਗੁਰਜੰਟ ਸਿੰਘ, ਮੈਂਬਰ ਸੁਖਦੇਵ ਸਿੰਘ, ਮੈਂਬਰ ਗੁਰਜੀਤ ਸਿੰਘ, ਮੈਂਬਰ ਬਲਜੀਤ ਸਿੰਘ, ਮੈਂਬਰ ਮੱਖਣ ਸਿੰਘ ਆਦਿ ਸ਼ਾਮਿਲ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ੋਨ ਪ੍ਰਧਾਨ ਰਣਜੀਤ ਸਿੰਘ ਚਾਟੀਵਿੰਡ ਨੇ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੱਤੀ। ਨਵੇਂ ਚੁਣੇ ਪ੍ਰਧਾਨ ਬਲਜੀਤ ਸਿੰਘ ਲਾਲੀ ਅਤੇ ਪ੍ਰੈੱਸ ਸੈਕਟਰੀ ਸਿਮਰਨਜੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

# ਬੰਦ ਦੇ ਸੱਦੇ 'ਤੇ ਰਈਆ ਦੇ ਬਾਜ਼ਾਰਾਂ 'ਚ ਸਫਾਈ ਸੇਵਕ ਯੂਨੀਅਨ ਵੱਲੋਂ ਮਾਰਚ ਤੇ ਪੰਜਾਬ ਸਰਕਾਰ ਖਿਲਾਫ ਮੁਜ਼ਾਹਰਾ



ਰਈਆ (ਡੀ ਕੇ ਰੈਂਡੀ)- ਸਫਾਈ ਸੇਵਕ ਯੂਨੀਅਨ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਸਫਲ ਬਣਾਉਂਦਿਆਂ ਰਈਆ ਦੇ ਬਾਜ਼ਾਰਾਂ ਵਿੱਚ ਸਫਾਈ ਸੇਵਕ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਅਸ਼ਵਨੀ ਕੁਮਾਰ ਦੀ ਅਗਵਾਈ ਵਿੱਚ ਮਾਰਚ ਕੀਤਾ ਗਿਆ ਤੇ ਪੰਜਾਬ ਸਰਕਾਰ ਦੇ ਖਿਲਾਫ ਮੁਜ਼ਾਹਰਾ ਕੀਤਾ ਗਿਆ। ਸਫਾਈ ਸੇਵਕ ਮਜ਼ਦੂਰਾਂ ਦੇ ਸੰਘਰਸ਼ ਨੂੰ ਉਦੋਂ ਵੱਡਾ ਬਲ ਮਿਲਿਆ ਜਦੋਂ ਦਿਹਾਤੀ ਮਜ਼ਦੂਰ ਸਭਾ ਅਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਵਰਕਰਾਂ ਵੱਲੋਂ ਗੁਰਨਾਮ ਸਿੰਘ ਭਿੰਡਰ ਅਤੇ ਸਵਿੰਦਰ ਸਿੰਘ ਖਹਿਰਾ ਦੀ ਅਗਵਾਈ ਵਿੱਚ ਮਜ਼ਦੂਰਾਂ ਕਿਸਾਨਾਂ ਦਾ ਵੱਡਾ ਜਥਾ ਸੰਘਰਸ਼ ਦੀ ਹਮਾਇਤ ਕਰਦਾ ਹੋਇਆ ਸ਼ਾਮਿਲ ਹੋਇਆ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸਫਾਈ ਸੇਵਕਾਂ ਦੇ ਆਗੂ ਮਿੰਟੂ ਪ੍ਰਧਾਨ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਸਾਥੀ ਗੁਰਮੇਜ ਸਿੰਘ ਤਿੰਮੋਵਾਲ ਨੇ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹਨ, ਪੰਜਾਬ ਦੇ ਅੰਦਰ ਮਜ਼ਦੂਰਾਂ ਵੱਲ ਸਰਕਾਰ ਨੇ ਪਿੱਠ ਕੀਤੀ ਹੋਈ ਹੈ। ਬੀਤੇ ਦਿਨੀਂ ਬਰਨਾਲਾ 'ਚ ਸਫਾਈ ਸੇਵਕਾਂ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਲਗਾਇਆ ਸ਼ਾਂਤਮਈ ਰੋਸ ਧਰਨੇ 'ਤੇ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ ਐਸ ਪੀ ਬੈਂਸ ਤੇ ਐਸ ਐਚ ਓ ਵੱਲੋਂ ਸ਼ਰੇਆਮ ਮਜ਼ਦੂਰ ਬੀਬੀਆਂ 'ਤੇ ਅੱਤਿਆਚਾਰ ਕੀਤਾ ਗਿਆ, ਜਿਸ ਵਿੱਚ ਬਹੁਤ ਸਾਰੇ ਮਜ਼ਦੂਰ ਜ਼ਖਮੀ ਹੋ ਗਏ। ਪੰਜਾਬ ਪੁਲਸ ਤੈਸ਼ ਵਿੱਚ ਆ ਕਿ ਮਜ਼ਦੂਰਾਂ ਨੂੰ ਜਾਤੀਸੂਚਕ ਸ਼ਬਦਾਂ ਦਾ ਇਸਤੇਮਾਲ ਕਰਦੀ ਰਹੀ। ਉਹਨਾਂ ਕਿਹਾ ਕਿ ਅੱਜ ਪੰਜਾਬ ਬੰਦ ਦੀ ਕਾਲ ਨੂੰ ਸਫਲ ਬਣਾਉਣ ਲਈ ਰਈਆ ਦੇ ਬਾਜ਼ਾਰਾਂ 'ਚ ਮਾਰਚ ਕੀਤਾ ਰੋਸ ਮੁਜ਼ਾਹਰਾ ਕਰਕੇ ਪੰਜਾਬ ਦੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ। ਉਹਨਾਂ ਕਿਹਾ ਜੇਕਰ ਸਰਕਾਰ ਨੇ ਇਹਨਾਂ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ 'ਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਤੇ ਡਟ ਕੇ ਇਹਨਾਂ ਸਫਾਈ ਸੇਵਕਾਂ ਦਾ ਸਾਥ ਦਿੱਤਾ ਜਾਵੇਗਾ।ਆਗੂਆਂ ਨੇ ਦੁਕਾਨਦਾਰਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਜੋਗਿੰਦਰ ਸਿੰਘ, ਓਮ ਪ੍ਰਕਾਸ਼, ਸੁਖਦੀਪ ਸਿੰਘ, ਬਾਬੂ ਸਿੰਘ, ਆਸ਼ੂ, ਬੀਨੂ, ਗੁਰਮੀਤ ਕੌਰ, ਸਰਬਜੀਤ ਕੌਰ, ਸੰਤੋਸ਼, ਕਾਜਲ, ਰਕੇਸ਼ ਕੁਮਾਰ, ਸੁਖਜਿੰਦਰ ਸਿੰਘ ਧਿਆਨਪੁਰ, ਭਰਾਤਰੀ ਜਥੇਬੰਦੀ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਅਮਰੀਕ ਸਿੰਘ ਦਾਊਦ, ਪਲਵਿੰਦਰ ਸਿੰਘ ਮਹਿਮਪੁਰ ਜਮਹੂਰੀ ਕਿਸਾਨ ਸਭਾ ਦੇ, ਹਰਪ੍ਰੀਤ ਸਿੰਘ ਬਟਾਰੀ, ਸੂਬਾ ਸਿੰਘ ਵਡਾਲਾ, ਪਰਗਟ ਸਿੰਘ ਟੌਂਗ, ਪਰਵਿੰਦਰ ਸਿੰਘ ਰਈਆ, ਹਰਭਜਨ ਸਿੰਘ ਫੇਰੂਮਾਨ ਆਦਿ ਆਗੂ ਸ਼ਾਮਲ ਸਨ।

# ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਆਜ਼ਾਦੀ ਦਿਵਸ : ਤਹਿਸੀਲਦਾਰ



ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 15 ਅਗਸਤ ਨੂੰ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਆਜ਼ਾਦੀ ਦਿਵਸ ਮਨਾਉਣ ਸਬੰਧੀ ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਬਟਾਲਾ ਕਲੱਬ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਆਜ਼ਾਦੀ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਚਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਤਹਿਸੀਲਦਾਰ ਨੇ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪੁਲਸ ਜਵਾਨਾਂ, ਪੰਜਾਬ ਹੋਮਗਾਰਡ ਅਤੇ ਐੱਨ.ਐੱਨ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੇ ਮਾਰਚ ਪਾਸਟ 'ਚ ਹਿੱਸਾ ਲਿਆ ਜਾਵੇਗਾ। ਆਜ਼ਾਦੀ ਦਿਵਸ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।ਉਨਾਂ ਦੱਸਿਆ ਕਿ ਮਾਰਚ ਪਾਸਟ (ਬੈਂਡ/ਐਨ.ਸੀ.ਸੀ ਕੈਡਿਟ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ ਪੁਲਿਸ ਲਾਈਨ ਬਟਾਲਾ ਵਿਖੇ ਹੋਵੇਗੀ। ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਹੋਵੇਗੀ।ਉਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਲੋਕਾਂ ਦੇ ਬੈਠਣ, ਪੀਣ ਲਈ ਸਾਫ ਪਾਣੀ ਅਤੇ ਦੇ ਵਾਹਨਾਂ ਲਈ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ।

ਇਸ ਮੌਕੇ ਉਨਾਂ ਨਗਰ ਕੌਂਸਲ ਬਟਾਲਾ ਨੂੰ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਦੇ ਪ੍ਰਬੰਧਾਂ ਦਾ ਖਾਸ ਖਿਆਲ ਰੱਖਣ ਲਈ ਕਿਹਾ। ਮੀਟਿੰਗ ਵਿੱਚ ਸ਼ਸ਼ੀ ਭੂਸ਼ਨ ਵਰਮਾ ਐਮ ਡੀ, ਐਫ.ਸੀ ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਲੈਕਚਰਾਰ ਹਰਪ੍ਰੀਤ ਸਿੰਘ, ਪਰਮਜੀਤ ਸਿੰਘ, ਬਿਕਰਮਜੀਤ ਸਿੰਘ, ਡਾ. ਸਤਿੰਦਰਜੀਤ ਕੌਰ, ਸ੍ਰੀਮਤੀ ਕਮਲਜੀਤ ਕੌਰ, ਸੁਖਦੇਵ ਸਿੰਘ, ਲਖਬੀਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲਾਂ ਦੇ ਨੁਮਾਇੰਦੇ ਹਾਜ਼ਰ ਸਨ।

# ਪੰਜਾਬ ਬੰਦ ਦੇ ਸੱਦੇ ਨੂੰ ਡੇਰਾ ਬਾਬਾ ਨਾਨਕ 'ਚ ਭਰਵਾਂ ਹੁੰਗਾਰਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਦਿੱਤੇ ਗਏ ਬੰਦ ਦੇ ਸੱਦੇ ਨੂੰ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ 'ਚ ਭਰਵਾਂ ਹੁੰਗਾਰਾ ਵੇਖਣ ਨੂੰ ਮਿਲਿਆ। ਇਸ ਬੰਦ ਦੇ ਸੱਦੇ ਮੌਕੇ ਮੈਡੀਕਲ ਸਹੂਲਤਾਂ ਛੱਡ ਕੇ ਕਸਬੇ ਦੀਆਂ ਸਮੂਹ ਦੁਕਾਨਾਂ ਬੰਦ ਰਹੀਆਂ। ਬਾਜ਼ਾਰਾਂ ਵਿੱਚ ਵੀ ਸੁੰਨਸਾਨ ਛਾਈ ਰਹੀ। ਇਸ ਮੌਕੇ ਸਫਾਈ ਸੇਵਕਾਂ ਵੱਲੋਂ ਕਸਬੇ ਦੇ ਵੱਖ-ਵੱਖ ਬਜ਼ਾਰਾਂ ਵਿੱਚ ਰੋਸ ਮਾਰਚ ਕੱਢਿਆ ਗਿਆ ਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਫਾਈ ਸੇਵਕ ਯੂਨੀਅਨ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਪ੍ਰੇਮ ਨਾਥ ਨੇ ਸ਼ਹਿਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਾਡੇ ਬੰਦ ਦੇ ਸੱਦੇ ਦੀ ਹਮਾਇਤ ਕਰਦਿਆਂ ਹੋਇਆਂ ਡੇਰਾ ਬਾਬਾ ਨਾਨਕ ਤੇ ਸਮੂਹ ਵਾਸੀਆਂ ਵੱਲੋਂ ਆਪਣੇ ਕਾਰੋਬਾਰ ਬੰਦ ਰੱਖ ਕੇ ਸਾਨੂੰ ਭਰਵਾਂ ਹੁੰਗਾਰਾ ਦਿੱਤਾ ਹੈ, ਇਸ ਲਈ ਅਸੀਂ ਸਮੂਹ ਸ਼ਹਿਰ ਵਾਸੀਆਂ ਦਾ ਧੰਨਵਾਦ ਕਰਦੇ ਹਾਂ। ਉਹਨਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਸਾਡੀਆਂ ਮੰਗਾਂ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਨਹੀਂ ਤਾਂ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਗੁਰਦਾਸਪੁਰ ਜ਼ਿਲ੍ਹੇ ਦੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਦੇ ਸਪੁੱਤਰ ਉਦੇਵੀਰ ਸਿੰਘ ਰੰਧਾਵਾ ਨੇ ਆਪਣੇ ਸਾਥੀਆਂ ਸਮੇਤ ਧਰਨੇ ਵਾਲੀ ਜਗ੍ਹਾ 'ਤੇ ਪਹੁੰਚ ਕੇ ਸਫਾਈ ਕਰਮਚਾਰੀਆਂ ਨੂੰ ਸਮਰਥਨ ਦਿੱਤਾ ਅਤੇ ਮੰਗ ਕੀਤੀ ਕਿ ਪੰਜਾਬ ਸਰਕਾਰ ਜਲਦੀ ਤੋਂ ਜਲਦੀ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਮੰਨ ਕੇ ਉਨ੍ਹਾਂ ਨੂੰ ਤੁਰੰਤ ਪੱਕਾ ਕਰੇ ।ਇਸ ਮੌਕੇ ਪ੍ਰੇਮ ਨਾਥ, ਪੀਟਰ ਮਸੀਹ, ਇੰਦਰਜੀਤ, ਆਸ਼ੂ, ਹਰਸ਼ ਕੁਮਾਰ, ਪਵਨ ਕੁਮਾਰ, ਹੈਪੀ ਬੇਦੀ, ਰਸ਼ਪਾਲ, ਵਿਸ਼ਾਲ, ਕੁਲਦੀਪ ਸਿੰਘ, ਕਪਲ ਕੁਮਾਰ, ਸੁਖਜਿੰਦਰ, ਜਤਿੰਦਰ, ਲਾਲੀ, ਲਾਡੀ, ਰਮਨ ਕੁਮਾਰ, ਅਪਰਮ ਸ਼ਰਮਾ, ਅਰਸ਼, ਰਵੀ ਕੁਮਾਰ, ਜਤਿੰਦਰ ਸਿੰਘ, ਧਰਮਪਾਲ, ਕਾਲਾ, ਗੋਰਾ, ਰੀਨਾ, ਗੁਰਜੀਤ, ਸਰਬਜੀਤ ਸਿੰਘ ਆਦਿ ਸਫ਼ਾਈ ਕਰਮਚਾਰੀ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਨੇ ਪੰਜਾਬ ਬੰਦ ਦੀ ਕੀਤੀ ਹਮਾਇਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਵਲੋਂ ਸਫਾਈ ਕਰਮਚਾਰੀਆਂ ਦੀ ਲਗਾਤਾਰ ਚੱਲ ਰਹੀ ਹੜਤਾਲ ਅਤੇ ਪੰਜਾਬ ਬੰਦ ਦੇ ਸੱਦੇ ਦੀ ਹਮਾਇਤ ਵਿੱਚ ਕਾਦੀਆਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਗਈ ।ਜਥੇਬੰਦੀ ਦੇ ਜ਼ਿਲ੍ਹਾ ਆਗੂ ਮਾਸਟਰ ਜਗੀਰ ਸਿੰਘ ਅਤੇਪੁਰ ਅਤੇ ਬਲਾਕ ਖਜ਼ਾਨਚੀ ਕੁਲਵਿੰਦਰ ਸਿੰਘ ਬਸਰਾਵਾਂ ਦੀ ਅਗਵਾਈ ਵਿੱਚ ਮਜ਼ਦੂਰ ਮਾਰਚ ਨੂੰ ਸੰਬੋਧਨ ਕਰਦਿਆਂ ਕਿਹਾ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਸੰਘਰਸ਼ ਕਰਦੇ ਕਾਮਿਆਂ ਦੀਆਂ ਮੰਗਾਂ ਨੂੰ ਮੰਨਣ ਦੀ ਬਜਾਏ ਜਬਰ ਤਸ਼ੱਦਦ ਨਾਲ ਉਨਾਂ ਦੀ ਅਵਾਜ਼ ਨੂੰ ਦਬਾਉਣ ਦੇ ਰਾਹ ਪੀ ਹੋਈ ਹੈ।

ਇਸ ਮੌਕੇ ਪ੍ਰੈਸ ਸਕੱਤਰ ਡਾ ਅਸ਼ੋਕ ਭਾਰਤੀ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਪੰਜਾਬ ਇਨ੍ਹਾਂ ਕਾਮਿਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਵਿੱਚ ਸਾਥ ਦੇਵੇਗੀ।ਇਸ ਮੌਕੇ ਹਰਜੀਤ ਸਿੰਘ ਮਠੋਲਾ, ਕਸ਼ਮੀਰ ਸਿੰਘ ਮਠੋਲਾ, ਅਮਰਜੀਤ ਸਿੰਘ ਅਤੇਪੁਰ, ਗੁਰਦੀਪ ਸਿੰਘ ਬਸਰਾਵਾਂ ਆਦਿ ਹਾਜ਼ਰ ਸਨ।

## ਸਫਾਈ ਸੇਵਕਾਂ ਨੂੰ 20500 ਰੁਪਏ ਪ੍ਰਤੀ ਮਹੀਨਾ ਤਨਖਾਹ ਦਾ ਐਲਾਨ ਸ਼ਲਾਘਾਯੋਗ : ਚੇਅਰਮੈਨ ਕੁਲਦੀਪ ਪਾਠਕ

**ਢਿੱਲਵਾਂ ( ਪਲਵਿੰਦਰ ਸਿੰਘ ਜੈ ਰਾਮ ਪੁਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੂਬਾ ਸਰਕਾਰ ਨੇ ਸਫਾਈ ਸੇਵਕਾਂ ਦੀਆਂ ਮੰਗਾਂ ਨੂੰ ਤੁਰੰਤ ਮਨਜ਼ੂਰ ਕਰਦਿਆਂ ਕਿਹਾ ਕਿ ਸੂਬੇ ਦੀ ਪਹਿਲੀ ਸਰਕਾਰ ਹੈ ਕਿ ਜਿਹਨੇ ਉਹਨਾਂ ਦੀਆਂ ਮੰਗਾਂ ਨੂੰ ਮੁੱਖ ਰੱਖਦਿਆਂ 10500 ਰੁਪਏ ਦੀ ਤਨਖਾਹ ਤੋਂ ਵਧਾ ਕੇ 20 ਹਜ਼ਾਰ 500 ਰੁਪਏ ਕਰ ਦਿਤੀ ਹੈ ਅਤੇ ਹੋਰ ਮੰਗਾਂ ਲਈ ਵੀ ਵਿਚਾਰ ਕਰਨ ਲਈ ਫੈਸਲਾ ਸਰਕਾਰ ਦਾ ਸਹੀ ਅਤੇ ਚੰਗਾ ਫੈਸਲਾ ਹੈ। ਇਹ ਪ੍ਰਗਟਾਵਾ ਮਾਰਕੀਟ ਕਮੇਟੀ ਢਿਲਵਾਂ ਦੇ ਚੇਅਰਮੈਨ ਕੁਲਦੀਪ ਪਾਠਕ ਨੇ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਲੋਕਾਂ ਨੂੰ ਇੱਕ ਛੱਤ ਹੇਠ ਚੰਗੀਆਂ ਤੇ ਵਧੀਆ ਸਹੂਲਤਾਂ ਸਿਰਫ ਭਗਵੰਤ ਸਿੰਘ ਮਾਨ ਦੀ ਸਰਕਾਰ ਹੈ ਜੋ ਪ੍ਰਦਾਨ ਕਰ ਰਹੀ ਹੈ। ਉਹਨਾਂ ਸਰਕਾਰ ਦੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਸੁਵਿਧਾ ਕੇਂਦਰ ਵਿਚ ਅਨੇਕਾਂ ਸਹੂਲਤਾਂ ਆਮ ਆਦਮੀ ਕਲੀਨਿਕ, ਤੰਦਰੁਸਤ ਪੰਜਾਬ ਅਤੇ ਸਿਵਲ ਹਸਪਤਾਲਾਂ ਵਿਚ ਸਾਰੀਆਂ ਮੈਡੀਕਲ ਸਹੂਲਤਾਂ ਪ੍ਰਦਾਨ ਕਰਨ ਵਾਲੀ ਪਹਿਲੀ ਸਰਕਾਰ ਬਣ ਗਈ ਹੈ ਜਿਸ ਨੂੰ ਆਮ ਲੋਕ ਦਿਲੋਂ ਪਸੰਦ ਕਰਦੇ ਹਨ।

# ਰੱਸਾਕਸ਼ੀ ਦੇ 14 ਸਾਲ ਵਰਗ 'ਚ ਸ਼ਹੀਦ ਭਗਤ ਸਿੰਘ ਸਕੂਲ ਦੀਆਂ ਕੁੜੀਆਂ ਅੱਵਲ




ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼ਹੀਦ ਭਗਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਦੀਆਂ ਖਿਡਾਰਨਾਂ ਨੇ 14 ਸਾਲ ਵਰਗ ਦੇ ਰੱਸਾਕਸ਼ੀ ਮੁਕਾਬਲਿਆਂ ਵਿੱਚ ਵਿਰੋਧੀ ਟੀਮਾਂ ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਸਕੂਲ ਚੇਅਰਪਰਸਨ ਮਨਪ੍ਰੀਤ ਕੌਰ ਨੇ ਸਕੂਲ ਪਹੁੰਚਣ 'ਤੇ ਜੇਤੂ ਖਿਡਾਰਨਾਂ ਦਾ ਨਿੱਘਾ ਸਵਾਗਤ ਕੀਤਾ।ਉਨ੍ਹਾਂ ਖਿਡਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਸਕੂਲ ਪ੍ਰਬੰਧਕ ਕਮੇਟੀ ਉਨ੍ਹਾਂ ਨੂੰ ਅੱਗੇ ਵਧਣ ਲਈ ਹਰ ਤਰ੍ਹਾਂ ਨਾਲ ਮਦਦ ਕਰੇਗੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸ.ਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਮਿਲਿਆਂ ਭਰਵਾਂ ਹੁੰਗਾਰਾ

**ਪੇਂਡੂ ਮਜ਼ਦੂਰ ਯੂਨੀਅਨ ਅਤੇ ਕਿਰਤੀ ਕਿਸਾਨ ਯੂਨੀਅਨ ਨੇ ਸਾਥੀਆਂ ਸਮੇਤ ਕੀਤੀ ਸ਼ਮੂਲੀਅਤ**

ਢਿੱਲਵਾਂ (ਪਲਵਿੰਦਰ ਸਿੰਘ)-ਸਫ਼ਾਈ ਸੇਵਕ ਯੂਨੀਅਨ ਦੇ ਪੰਜਾਬ ਬੰਦ ਸੱਦੇ 'ਤੇ ਨਗਰ ਪੰਚਾਇਤ ਢਿਲਵਾਂ ਸ਼ਹਿਰ ਦੇ ਬਜ਼ਾਰ ਬੰਦ ਰਹੇ। ਸਫਾਈ ਕਾਮਿਆਂ ਨੂੰ ਉਸ ਵੇਲੇ ਹੋਰ ਵੀ ਬੱਲ ਮਿਲਿਆ ਜਦੋਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪੰਜਾਬ ਬੰਦ ਦੀ ਡਟਵੀ ਹਮਾਇਤ ਕਰਦਿਆਂ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਗਈ।ਬੰਦ ਦੌਰਾਨ ਸਥਾਨਕ ਸਰਕਾਰਾਂ ਮੰਤਰੀ ਅਤੇ ਹੜਤਾਲ ਚੋਂ ਬਾਹਰ ਚੱਲ ਰਹੇ ਕੁੱਝ ਆਗੂਆਂ ਵਲੋਂ ਚੰਡੀਗੜ੍ਹ ਵਿਖੇ ਲੰਗੜਾ ਲੂਲਾ ਸਮਝੌਤਾ ਕਰਕੇ ਹੜਤਾਲ ਖ਼ਤਮ ਕਰਨ ਦੇ ਫ਼ੈਸਲੇ ਨੂੰ ਮਿਊਂਸੀਪਲ ਕਾਮਿਆਂ ਨੇ ਮੁੱਢੋਂ ਰੱਦ ਕਰਦਿਆਂ ਸਫ਼ਾਈ ਸੇਵਕਾਂ ਅਤੇ ਮਿਊਂਸਪਲ ਕਾਮਿਆਂ ਵਲੋਂ ਮੰਗਾਂ ਦੀ ਪੂਰਤੀ ਤੱਕ ਹੜਤਾਲ ਜਾਰੀ ਰੱਖਣ ਦਾ ਐਲਾਨ ਦੁਹਰਾਇਆ । ਇਸ ਦੌਰਾਨ ਸਫ਼ਾਈ ਸੇਵਕਾਂ, ਮਜ਼ਦੂਰਾਂ, ਕਿਸਾਨਾਂ ਵੱਲੋਂ ਵੱਖ ਵੱਖ ਬਜ਼ਾਰਾਂ ਵਿੱਚ ਮਾਰਚ ਕਰਕੇ ਸੂਬਾ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਨਾਹਰਾ ਬੁਲੰਦ ਕੀਤਾ ਕਿ ਲੂਲਾ ਲੰਗੜਾ ਸਮਝੌਤਾ ਨਹੀਂ ਮਨਜ਼ੂਰ, ਸਾਡੀਆਂ ਮੰਗਾਂ ਪੂਰੀਆਂ ਕਰੋ।ਆਗੂਆਂ ਨੇ ਕਿਹਾ ਕਿ ਬਰਨਾਲਾ ਵਿਖੇ ਸਫ਼ਾਈ ਸੇਵਕਾਂ ਉੱਪਰ ਸਰਕਾਰ ਦੇ ਇਸ਼ਾਰੇ ਉੱਤੇ ਕੀਤੇ ਗਏ ਅੰਨ੍ਹੇ ਜਬਰ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਖਿਲਾਫ਼ ਇਰਾਦਾ ਕਤਲ ਸਮੇਤ ਐੱਸ ਸੀ, ਐੱਸ ਟੀ ਐਕਟ ਤਹਿਤ ਮਾਮਲਾ ਦਰਜ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਕੱਚੇ ਕਾਮਿਆਂ ਨੂੰ ਪੱਕੇ ਕਰਨ, ਘੱਟੋ ਘੱਟ 40 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਕਰਨ, ਠੇਕੇਦਾਰੀ ਸਿਸਟਮ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਵਰਗੀਆਂ ਮੰਗਾਂ ਮਨਵਾਉਣ ਤੱਕ ਸੰਘਰਸ਼ ਜਾਰੀ ਰਹੇਗਾ। ਆਗੂਆਂ ਵੱਲੋ ਦੁਕਾਨਦਾਰਾਂ, ਵਪਾਰ ਮੰਡਲ, ਹੋਰ ਕਾਰੋਬਾਰੀਆਂ ਅਤੇ ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋ ਪੰਜਾਬ ਬੰਦ 'ਚ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਗਿਆ।ਇਸ ਮੌਕੇ ਸਫ਼ਾਈ ਸੇਵਕਾਂ ਦੇ ਆਗੂ ਪ੍ਰਧਾਨ ਸੋਨੂੰ ਢਿੱਲਵਾਂ, ਅਸ਼ੋਕ, ਸੋਨੂੰ, ਸ਼ਿਵ ਚਰਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਕੁਲਵਿੰਦਰ ਸਿੰਘ ਭੰਡਾਲ, ਪਰਮਜੀਤ ਸਿੰਘ, ਸੱਜਣ ਸਿੰਘ ਨੇ ਸੰਬੋਧਨ ਕੀਤਾ।ਇਸ ਮੌਕੇ ਢਿਲਵਾਂ ਪੁਲਸ ਵੱਲੋਂ ਥਾਣਾ ਮੁਖੀ ਹਰਜਿੰਦਰ ਸਿੰਘ ਦੀ ਅਗਵਾਈ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ।

# ਨਵਨਿਯੁਕਤ ਪ੍ਰਧਾਨ ਐਡਵੋਕੇਟ ਅੰਕੁਰ ਗੁਪਤਾ ਦਾ ਸਨਮਾਨ



ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਕੈਂਟ ਦੇ ਨਵ ਨਿਯੁਕਤ ਪ੍ਰਧਾਨ ਐਡਵੋਕੇਟ ਅੰਕੁਰ ਗੁਪਤਾ ਵੱਲੋਂ ਪ੍ਰਧਾਨ ਦਾ ਅਹੁਦਾ ਸੰਭਾਲਣ 'ਤੇ ਉਨ੍ਹਾ ਨੂੰ ਮੁਬਾਰਕਬਾਦ ਦੇਣ ਲਈ ਗੁਰੂ ਨਗਰੀ ਦੀਆਂ ਸਮੂਹ ਰੋਟਰੀ ਕਲੱਬਾਂ ਦੇ ਅਹੁਦੇਦਾਰ ਅਤੇ ਮੈਂਬਰ ਬੜੇ ਉਤਸ਼ਾਹ ਨਾਲ ਫੁੱਲਾਂ ਦੇ ਗੁਲਦਸਤੇ ਭੇਟ ਕਰਨ ਪੁੱਜੇ। ਉਨ੍ਹਾ ਨੂੰ ਮੁਬਾਰਕਬਾਦ ਦੇਣ ਵਾਲਿਆਂ ਵਿੱਚ ਰੋਟਰੀ ਕਲੱਬ ਨੌਰਥ ਦੇ ਪ੍ਰਧਾਨ ਪਰਮੀਤ ਸਿੰਘ, ਰੋਟਰੀ ਦੇ ਜ਼ੋਨਲ ਚੇਅਰਮੈਨ ਡਾ. ਜਸਪ੍ਰੀਤ ਗਰੋਵਰ, ਸਾਰੀਆਂ ਕਲੱਬਾਂ ਦੇ ਮੁੱਖ ਸਕੱਤਰ ਵਿਜੈ ਭਸੀਨ, ਕੁਲਵਿੰਦਰ ਸਿੰਘ ਅਰੋੜਾ, ਰੋਟਰੀ ਕੈਂਟ ਦੇ ਸਾਬਕਾ ਪ੍ਰਧਾਨ ਚਮੜੀ ਰੋਗਾਂ ਦੇ ਮਾਹਰ ਡਾ. ਅਮਰਜੀਤ ਸਚਦੇਵਾ, ਇੰਜੀਨੀਅਰ ਅਸ਼ੋਕ ਸ਼ਰਮਾ, ਪਰਮਜੀਤ ਸਿੰਘ, ਰੋਹਿਤ ਅਰੋੜਾ, ਡਾ. ਕਰਨ ਧਵਨ, ਐਚ.ਐਸ.ਤੁਲੀ, ਰੋਟੇਰੀਅਨ ਆਰ ਐਸ ਕਟਾਰੀਆ, ਨੇ ਅੰਕੁਰ ਗੁਪਤਾ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਖਾਸ ਤੌਰ 'ਤੇ ਸਨਮਾਨਤ ਕੀਤਾ।

# ਗੁਰੂ ਨਾਨਕ ਦੇਵ 'ਵਰਸਿਟੀ ਕਾਲਜ 'ਚ ਵਿਦਿਆਰਥੀਆਂ ਦੇ ਸਵਾਗਤ ਲਈ ਇੰਡਕਸ਼ਨ ਸੈਸ਼ਨ

ਜਲੰਧਰ (ਸੁਰਿੰਦਰ ਕੁਮਾਰ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸਾਲ 2026 ਦੇ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੇ ਸਵਾਗਤ ਲਈ ਇੰਡਕਸ਼ਨ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਵਿੱਚ ਐਮ.ਬੀ.ਏ. ਪੰਜ ਸਾਲਾ ਇੰਟੀਗ੍ਰੇਟਿਡ ਪ੍ਰੋਗਰਾਮ, ਐਮ.ਕਾਮ ਪੰਜ ਸਾਲਾ ਇੰਟੀਗ੍ਰੇਟਿਡ ਪ੍ਰੋਗਰਾਮ, ਐਮ.ਕਾਮ ਡਾਟਾ ਐਨਾਲਿਟਿਕਸ, ਬੀ.ਕਾਮ, ਬੀ.ਵੋਕ. (ਈ-ਕਾਮਰਸ ਐਂਡ ਡਿਜ਼ਿਟਲ ਮਾਰਕੀਟਿੰਗ) ਅਤੇ ਬੀ.ਸੀ.ਏ. ਕੋਰਸਾਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੇ ਭਾਗ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਨਵੇਂ ਵਿਦਿਆਰਥੀਆਂ ਦੇ ਨਿੱਘੇ ਸਵਾਗਤ ਨਾਲ ਹੋਈ। ਇਸ ਮੌਕੇ ਉਨ੍ਹਾਂ ਨੂੰ ਕਾਲਜ ਦੇ




ਅਕਾਦਮਿਕ ਮਾਹੌਲ, ਸੰਸਥਾ ਦੀ ਕਾਰਜ-ਪ੍ਰਣਾਲੀ ਅਤੇ ਉੱਚ ਸਿੱਖਿਆ ਦੇ ਸਫ਼ਰ ਦੀ ਸਫ਼ਲ ਸ਼ੁਰੂਆਤ ਲਈ ਲੋੜੀਂਦੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਬੰਧਤ ਕੋਰਸਾਂ, ਕਾਲਜ ਦੇ ਅਕਾਦਮਿਕ ਨਿਯਮਾਂ, ਕੈਂਪਸ ਸਹੂਲਤਾਂ, ਵਿਦਿਆਰਥੀ ਸਹਾਇਤਾ ਸੇਵਾਵਾਂ ਅਤੇ ਜੀ.ਐਨ.ਡੀ.ਯੂ. ਕਾਲਜ ਦੇ ਪ੍ਰੇਰਣਾਦਾਇਕ ਅਕਾਦਮਿਕ ਮਾਹੌਲ ਨਾਲ ਜਾਣੂ ਕਰਵਾਇਆ ਗਿਆ।ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਅਕਾਦਮਿਕ ਮਿਆਰ, ਖੋਜ, ਨਵੀਨਤਾ, ਹੁਨਰ ਵਿਕਾਸ, ਸਹਿ-ਪਾਠਕ੍ਰਮ ਗਤੀਵਿਧੀਆਂ, ਪਲੇਸਮੈਂਟ ਅਤੇ ਸਰਵਪੱਖੀ ਸ਼ਖ਼ਸੀਅਤ ਵਿਕਾਸ ਲਈ ਉਪਲਬਧ ਮੌਕਿਆਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਇਸ ਮੌਕੇ ਸੰਬੋਧਨ ਕਰਦਿਆਂ ਕਾਲਜ ਦੀ ਓ.ਐਸ.ਡੀ. ਪ੍ਰੋ. (ਡਾ.) ਨਵਜੋਤ ਨੇ ਨਵੇਂ ਵਿਦਿਆਰਥੀਆਂ ਦਾ ਦਿਲੋਂ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਮਰਪਣ, ਅਨੁਸ਼ਾਸਨ ਅਤੇ ਇਮਾਨਦਾਰੀ ਨਾਲ ਜੀਵਨ ਵਿੱਚ ਉਚਾਈਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸੰਸਥਾ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਅਤੇ ਮੌਕਿਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ, ਅਕਾਦਮਿਕ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੇ ਫ਼ਰਜ਼ ਨਿਭਾਉਣ ਲਈ ਉਤਸ਼ਾਹਿਤ ਕੀਤਾ।ਸੈਸ਼ਨ ਦੌਰਾਨ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਨੂੰ ਪਾਠਕ੍ਰਮ, ਅਕਾਦਮਿਕ ਉਮੀਦਾਂ, ਪ੍ਰੀਖਿਆ ਪ੍ਰਣਾਲੀ, ਮੈਂਟਰਿੰਗ ਸਹਾਇਤਾ ਅਤੇ ਕਾਲਜ ਦੀਆਂ ਵੱਖ-ਵੱਖ ਵਿਦਿਆਰਥੀ-ਕੇਂਦਰਿਤ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਇੰਟਰਐਕਟਿਵ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਆਪਣੇ ਸਵਾਲਾਂ ਦੇ ਜਵਾਬ ਵੀ ਪ੍ਰਾਪਤ ਕੀਤੇ ਅਤੇ ਕੈਂਪਸ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਜਾਣੂ ਹੋਏ।ਅੰਤ ਵਿੱਚ ਨਵੇਂ ਦਾਖ਼ਲ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਨਵੇਂ ਵਿਦਿਆਰਥੀਆਂ ਦੇ ਅਕਾਦਮਿਕ ਜੀਵਨ ਦੇ ਇੱਕ ਨਵੇਂ ਅਤੇ ਉਤਸ਼ਾਹਭਰੇ ਅਧਿਆਇ ਦੀ ਸ਼ੁਰੂਆਤ ਹੋਈ।

# ਸਫ਼ਾਈ ਸੇਵਕਾਂ ਦੇ ਹੱਕ 'ਚ ਕਿਸਾਨ ਜਥੇਬੰਦੀਆਂ ਤੇ ਵੱਖ-ਵੱਖ ਸੰਗਠਨਾਂ ਵੱਲੋਂ ਸ਼ਾਂਤਮਈ ਰੋਸ ਪ੍ਰਦਰਸ਼ਨ

ਲੋਹੀਆਂ ਖ਼ਾਸ, (ਯੋਗੇਸ਼ਵਰ ਸ਼ਰਮਾ, ਰੀਨਾ ਸ਼ਰਮਾ)- ਬਰਨਾਲਾ ਵਿੱਚ ਸਫ਼ਾਈ ਸੇਵਕਾਂ ਉੱਤੇ ਹੋਏ ਕਥਿਤ ਲਾਠੀਚਾਰਜ ਦੇ ਵਿਰੋਧ ਦੀ ਲਹਿਰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਦੇ ਨਾਲ ਲੋਹੀਆਂ ਖ਼ਾਸ ਸ਼ਹਿਰ ਤੱਕ ਵੀ ਪਹੁੰਚ ਗਈ। ਸਫ਼ਾਈ ਸੇਵਕ ਯੂਨੀਅਨਾਂ, ਕਿਸਾਨ ਜਥੇਬੰਦੀਆਂ ਅਤੇ ਹੋਰ ਸਮਾਜਿਕ ਸੰਗਠਨਾਂ ਵੱਲੋਂ ਦਿੱਤੇ ਗਏ ਸੱਦੇ 'ਤੇ ਲੋਹੀਆਂ ਖ਼ਾਸ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕੀਤਾ ਗਿਆ। ਲੋਹੀਆਂ ਖ਼ਾਸ ਦਾ ਮੁੱਖ ਬਾਜ਼ਾਰ



ਪੂਰੀ ਤਰ੍ਹਾਂ ਬੰਦ ਰਿਹਾ। ਦੁਕਾਨਦਾਰਾਂ ਅਤੇ ਵਪਾਰੀਆਂ ਨੇ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਪ੍ਰਦਰਸ਼ਨਕਾਰੀਆਂ ਦਾ ਸਾਥ ਦਿੱਤਾ। ਹਾਲਾਂਕਿ ਸ਼ਹਿਰ ਵਿੱਚ ਆਵਾਜਾਈ ਪੂਰੀ ਤਰ੍ਹਾਂ ਆਮ ਰਹੀ ਅਤੇ ਸਕੂਲ-ਕਾਲਜ ਵੀ ਖੁੱਲ੍ਹੇ ਰਹੇ। ਬੰਦ ਦਾ ਅਸਰ ਮੁੱਖ ਤੌਰ 'ਤੇ ਬਾਜ਼ਾਰਾਂ ਅਤੇ ਵਪਾਰਕ ਅਦਾਰਿਆਂ 'ਤੇ ਦੇਖਣ ਨੂੰ ਮਿਲਿਆ। ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਦੇ ਮੁੱਖ ਬਾਜ਼ਾਰਾਂ, ਗਲੀਆਂ ਵਿੱਚੋਂ ਰੋਸ ਮਾਰਚ ਕੱਢਿਆ। ਇਸ ਦੌਰਾਨ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਲੋਹੀਆਂ ਖ਼ਾਸ ਵਿੱਚ ਹੋਇਆ ਰੋਸ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ। ਪ੍ਰਦਰਸ਼ਨਕਾਰੀਆਂ ਨੇ ਅਨੁਸ਼ਾਸਨ ਬਣਾਈ ਰੱਖਦਿਆਂ ਆਪਣਾ ਵਿਰੋਧ ਦਰਜ ਕਰਵਾਇਆ ਅਤੇ ਕਿਹਾ ਕਿ ਜਦੋਂ ਤੱਕ ਸਫ਼ਾਈ ਸੇਵਕਾਂ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਮਾਮਲੇ ਦੀ ਨਿਰਪੱਖ ਜਾਂਚ ਨਹੀਂ ਹੁੰਦੀ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਬਾਜ਼ਾਰਾਂ ਦੇ ਬੰਦ ਰਹਿਣ ਕਾਰਨ ਲੋਹੀਆਂ ਖ਼ਾਸ ਵਿੱਚ ਰੋਸ ਦਾ ਅਸਰ ਸਪੱਸ਼ਟ ਤੌਰ 'ਤੇ ਦਿਖਾਈ ਦਿੱਤਾ, ਜਦਕਿ ਆਮ ਜਨਜੀਵਨ ਅਤੇ ਆਵਾਜਾਈ ਆਮ ਵਾਂਗ ਚੱਲਦੀ ਰਹੀ।

# ਖ਼ਾਲਸਾ ਏਡ ਨੇ ਅਸਾਮ ਦੇ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਚਲਾਇਆ ਰਾਹਤ ਅਭਿਆਨ

ਗੁਹਾਟੀ (ਨ.ਜ਼.ਸ.) ਅਸਾਮ ਵਿੱਚ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਕਈ ਕਸਬੇ ਅਤੇ ਪਿੰਡ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਦਕਿ ਅਨੇਕਾਂ ਪਰਿਵਾਰ ਆਪਣੇ ਘਰ ਛੱਡ ਕੇ ਰਾਹਤ ਕੈਂਪਾਂ ਜਾਂ ਸੁਰੱਖਿਅਤ ਥਾਵਾਂ 'ਤੇ ਸ਼ਰਨ ਲੈਣ ਲਈ ਮਜਬੂਰ ਹੋਏ ਹਨ। ਇਸ ਮਨੁੱਖੀ ਸੰਕਟ ਦੀ ਘੜੀ ਵਿੱਚ ਮਨੁੱਖਤਾ ਦੀ ਸੇਵਾ ਨੂੰ ਆਪਣਾ ਸਭ ਤੋਂ ਵੱਡਾ ਧਰਮ ਮੰਨਦਿਆਂ ਖ਼ਾਲਸਾ ਏਡ ਨੇ ਅਸਾਮ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਰਾਹਤ ਅਤੇ ਬਚਾਅ ਅਭਿਆਨ ਸ਼ੁਰੂ ਕਰ ਦਿੱਤਾ ਹੈ। ਖ਼ਾਲਸਾ ਏਡ ਇੰਡੀਆ ਦੇ ਟਰੱਸਟੀ ਜਸਪ੍ਰੀਤ ਸਿੰਘ ਦਹੀਆ ਨੇ ਦੱਸਿਆ ਕਿ ਸਥਾਨਕ ਪੱਧਰ ਤੋਂ ਮਦਦ ਦੀ ਅਪੀਲ ਮਿਲਦੇ ਹੀ ਖ਼ਾਲਸਾ ਏਡ ਇੰਡੀਆ ਨੇ ਪਹਿਲ ਦੇ ਆਧਾਰ 'ਤੇ ਆਪਣੀਆਂ ਰਾਹਤ ਟੀਮਾਂ ਅਸਾਮ ਭੇਜ ਦਿੱਤੀਆਂ। ਟੀਮਾਂ ਨੇ ਅਸਾਮ ਸਰਕਾਰ ਅਤੇ ਅਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੇ ਸਹਿਯੋਗ ਨਾਲ ਰਾਹਤ ਅਤੇ ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ। ਉਨ੍ਹਾਂ ਦੱਸਿਆ ਕਿ ਏਅਰ ਇੰਡੀਆ ਦੇ ਸਹਿਯੋਗ ਨਾਲ ਮੋਟਰ ਬੋਟਾਂ ਅਤੇ ਹੋਰ ਲੋੜੀਂਦੀ ਰਾਹਤ ਸਮੱਗਰੀ ਡਿਬਰੂਗੜ੍ਹ ਹਵਾਈ ਅੱਡੇ ਤੱਕ ਪਹੁੰਚਾਈ ਗਈ, ਜਿੱਥੋਂ ਇਸ ਨੂੰ ਪ੍ਰਭਾਵਿਤ ਇਲਾਕਿਆਂ ਵਿੱਚ ਭੇਜ ਕੇ ਰਾਹਤ ਕਾਰਜਾਂ ਵਿੱਚ ਵਰਤਿਆ ਜਾ ਰਿਹਾ ਹੈ। ਖ਼ਾਲਸਾ ਏਡ ਦੀਆਂ ਟੀਮਾਂ ਵੱਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਸੁੱਕਾ ਰਾਸ਼ਨ, ਦਵਾਈਆਂ, ਕੱਪੜੇ, ਸਾਫ਼ ਪੀਣ ਵਾਲਾ ਪਾਣੀ, ਸਫ਼ਾਈ ਨਾਲ ਸੰਬੰਧਿਤ ਸਮੱਗਰੀ, ਬੱਚਿਆਂ ਲਈ ਜ਼ਰੂਰੀ ਵਸਤਾਂ, ਬਜ਼ੁਰਗਾਂ ਅਤੇ ਮਹਿਲਾਵਾਂ ਦੀਆਂ ਲੋੜਾਂ ਅਨੁਸਾਰ ਸਮੱਗਰੀ ਸਮੇਤ ਹੋਰ ਕਈ ਤਰ੍ਹਾਂ ਦੀ ਰਾਹਤ ਸਮੱਗਰੀ ਲਗਾਤਾਰ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਦੇ ਨਾਲ ਹੀ ਡਾਕਟਰੀ ਸਹਾਇਤਾ ਅਤੇ ਹੋਰ




ਜ਼ਰੂਰੀ ਸੇਵਾਵਾਂ ਵੀ ਪ੍ਰਭਾਵਿਤ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਖ਼ਾਲਸਾ ਏਡ ਇਹ ਰਾਹਤ ਅਭਿਆਨ ਅਸਾਮ ਸਰਕਾਰ, ਸਥਾਨਕ ਪ੍ਰਸ਼ਾਸਨ ਅਤੇ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਚਲਾ ਰਹੀ ਹੈ, ਤਾਂ ਜੋ ਮਦਦ ਸਭ ਤੋਂ ਵੱਧ ਲੋੜਵੰਦ ਪਰਿਵਾਰਾਂ ਤੱਕ ਸਮੇਂ ਸਿਰ ਅਤੇ ਪੂਰੀ ਪਾਰਦਰਸ਼ਤਾ ਨਾਲ ਪਹੁੰਚ ਸਕੇ। ਖ਼ਾਲਸਾ ਏਡ ਦੇ ਸੀਨੀਅਰ ਆਗੂ ਲੱਖਵੀਰ ਸਿੰਘ (ਰਿਪਾ) ਨੇ ਕਿਹਾ ਕਿ ਅਸਾਮ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕ ਬੇਹੱਦ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰ ਰਹੇ ਹਨ ਅਤੇ ਅਜਿਹੇ ਸਮੇਂ ਉਨ੍ਹਾਂ ਦੇ ਦੁੱਖ ਨੂੰ ਸਾਂਝਾ ਕਰਨਾ ਹੀ ਅਸਲ ਮਨੁੱਖਤਾ ਹੈ।

# ਸਫ਼ਾਈ ਕਰਮਚਾਰੀਆਂ 'ਤੇ ਲਾਠੀਚਾਰਜ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ

ਦਸੂਹਾ (ਕਰਨੈਲ ਮਾਂਗਟ)- ਨਗਰਪਾਲਿਕਾ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਮਿਊਂਸਿਪਲ ਇੰਪਲਾਈਜ਼ ਯੂਨੀਅਨ ਦਸੂਹਾ ਦੇ ਸਮੂਹ ਸਫ਼ਾਈ ਕਰਮਚਾਰੀਆਂ ਨੇ ਪ੍ਰਧਾਨ ਸਿਕੰਦਰ ਮਲਿਕ ਦੀ ਅਗਵਾਈ ਹੇਠ ਆਪਣੀਆਂ ਜਾਇਜ਼ ਮੰਗਾਂ ਦੇ ਹੱਕ ਵਿੱਚ ਅਤੇ ਸੀਨੀਅਰ ਆਗੂ ਡਾ. ਹਰਸਿਮਰਤ ਸਾਹੀ (ਸੰਨੀ ਸਾਹੀ) ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਬਰਨਾਲਾ ਵਿਖੇ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਸਫ਼ਾਈ ਕਰਮਚਾਰੀਆਂ 'ਤੇ ਪੰਜਾਬ ਪੁਲਿਸ ਵੱਲੋਂ ਕੀਤਾ ਗਿਆ ਲਾਠੀਚਾਰਜ ਬੇਹੱਦ ਨਿੰਦਣਯੋਗ ਅਤੇ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਅਣਡਿੱਠਾ ਕਰਨ ਦੀ ਬਜਾਏ ਤੁਰੰਤ ਗੱਲਬਾਤ ਕਰਕੇ ਉਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ। ਰੋਸ ਮਾਰਚ ਅਤੇ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸਫ਼ਾਈ ਕਰਮਚਾਰੀਆਂ,



ਬਰਨਾਲਾ ਵਿਖੇ ਸਫ਼ਾਈ ਕਰਮਚਾਰੀਆਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਵਿਸ਼ਾਲ ਪੈਦਲ ਰੋਸ ਮਾਰਚ ਕੱਢਿਆ। ਇਹ ਰੋਸ ਮਾਰਚ ਦਸੂਹਾ ਦੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਹਾਜੀਪੁਰ ਚੌਂਕ ਪਹੁੰਚਿਆ, ਜਿੱਥੇ ਸਫ਼ਾਈ ਕਰਮਚਾਰੀਆਂ ਨੇ ਰਾਸ਼ਟਰੀ ਰਾਜ ਮਾਰਗ 'ਤੇ ਜਾਮ ਲਗਾ ਕੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਰੋਸ ਪ੍ਰਦਰਸ਼ਨ ਵਿੱਚ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਵੱਖ-ਵੱਖ ਰਾਜਨੀਤਿਕ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਨਗਰ ਕੌਂਸਲ ਦਸੂਹਾ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਸਮਾਜਿਕ ਤੇ ਰਾਜਨੀਤਿਕ ਆਗੂਆਂ ਨੇ ਹਾਜ਼ਰੀ ਲਗਾ ਕੇ ਸੰਘਰਸ਼ ਕਰ ਰਹੇ ਕਰਮਚਾਰੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਤੇ ਸਿਕੰਦਰ ਸਹੋਤਾ, ਸਰਵਣ ਸਿੰਘ, ਦੀਪਕ ਥਾਪਰ, ਪਰਮਿੰਦਰ ਸਿੰਘ, ਸਾਬੀ, ਗੋਲਡੀ, ਮੋਹਿਤ, ਸੰਦੀਪ ਬਾਹਰੀ, ਪੂਜਾ, ਕੁਲਬੀਰ ਕੌਰ, ਸੁਮਨ, ਐਡਵੋਕੇਟ ਭੁਪਿੰਦਰ ਸਿੰਘ, ਅਮਨਦੀਪ ਸਿੰਘ ਸ਼ੰਕਰ, ਮੰਗਜੀਤ ਗੰਭੋਵਾਲ, ਮਨੀਸ਼ ਚੱਡਾ, ਤਰਲੋਕ ਸਿੰਘ ਸਾਹੀ ਤੋ ਇਲਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜਰ ਸਨ।

# ਐੱਸ ਆਈ ਆਰ-ਡਿਜੀਟਾਈਜ਼ੇਸ਼ਨ ਦਾ ਕੰਮ 99.92 ਫੀਸਦੀ ਮੁਕੰਮਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਇਲੈਕਟੋਰਲ ਫਾਰਮਾਂ ਦੇ



ਡਿਜੀਟਾਈਜ਼ੇਸ਼ਨ ਦਾ ਕੰਮ ਆਖਰੀ ਪੜਾਅ ਵਿੱਚ ਪਹੁੰਚ ਚੁੱਕਾ ਹੈ। 25 ਜੂਨ ਤੋਂ ਸ਼ੁਰੂ ਹੋਈ ਇਹ ਵਿਸ਼ੇਸ਼ ਮੁਹਿੰਮ 3 ਅਗਸਤ ਤੱਕ ਜਾਰੀ ਰਹੇਗੀ, ਜਦਕਿ ਡਿਜੀਟਾਈਜ਼ੇਸ਼ਨ ਦਾ ਕੰਮ 30 ਜੁਲਾਈ ਤੱਕ ਮੁਕੰਮਲ ਕੀਤਾ ਜਾਣਾ ਹੈ। 29 ਜੁਲਾਈ ਸ਼ਾਮ 4 ਵਜੇ ਤੱਕ ਜ਼ਿਲ੍ਹੇ ਦੇ ਕੁੱਲ 12,68,648 ਵੋਟਰਾਂ ਵਿੱਚੋਂ 11,68,507 ਈ ਐੱਫ ਡਿਜੀਟਾਈਜ਼ੇਸ਼ਨ ਲਈ ਯੋਗ ਪਾਏ ਗਏ, ਜਿਨ੍ਹਾਂ ਵਿੱਚੋਂ 12,67,607 ਰਿਕਾਰਡ ਡਿਜੀਟਾਈਜ਼ ਕੀਤੇ ਜਾ ਚੁੱਕੇ ਹਨ। ਇਸ ਤਰ੍ਹਾਂ ਜ਼ਿਲ੍ਹੇ ਦੀ ਕੁੱਲ ਪ੍ਰਗਤੀ 99.92 ਫੀਸਦੀ ਤੱਕ ਪਹੁੰਚ ਗਈ ਹੈ ਅਤੇ ਸਿਰਫ਼ 1,041 ਰਿਕਾਰਡਾਂ ਦਾ ਡਿਜੀਟਾਈਜ਼ੇਸ਼ਨ ਬਾਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਦਸੂਹਾ, ਚੱਬੇਵਾਲ ਅਤੇ ਗੜ੍ਹਸ਼ੰਕਰ ਵਿਧਾਨ ਸਭਾ ਹਲਕਿਆਂ ਨੇ 100 ਫੀਸਦੀ ਡਿਜੀਟਾਈਜ਼ੇਸ਼ਨ ਦਾ ਟੀਚਾ ਹਾਸਲ ਕਰ ਲਿਆ ਹੈ।

# ਪ੍ਰਕਾਸ਼ ਉਤਸਵ ਨੂੰ ਸਮਰਪਤ ਧਾਰਮਿਕ ਸਮਾਗਮ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)- ਸ੍ਰੀ ਗੁਰੂ ਰਵਿਦਾਸ ਭਵਨ ਦਸ਼ਮੇਸ਼ ਨਗਰ ਟਾਂਡਾ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਆਰੰਭ ਕੀਤੇ ਗਏ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ 6ਵਾਂ ਧਾਰਮਿਕ ਸਮਾਗਮ ਕਰਵਾਇਆ ਗਿਆ।ਪੂਰਨਮਾਸ਼ੀ ਦੇ ਪਵਿੱਤਰ ਦਿਹਾੜੇ ਤੇ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਵੱਲੋਂ ਡਾ. ਬੀ.ਆਰ ਅੰਬੇਡਕਰ ਕਲੱਬ, ਗੁਰੂ ਰਵਿਦਾਸ ਸਭਾ, ਮੀਰਾ ਬਾਈ ਸਭਾ ਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਸਮਰਪਿਤ ਆਰੰਭ ਕੀਤੇ ਗਏ ਛੇਵੇਂ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ ਤੇ 7ਵੇਂ ਸ੍ਰੀ ਸਹਿਜ ਪਾਠ ਦੀ ਆਰੰਭਤਾ ਕੀਤੀ ਗਈ। ਭੋਗ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਧਾਰਮਿਕ ਸਮਾਗਮ ਸਜਾਇਆ ਗਿਆ ਜਿਸ ਵਿੱਚ ਭਾਈ ਹਰਦਿਆਲ ਸਿੰਘ ਦਸਮੇਸ਼ ਨਗਰ ਟਾਂਡਾ ਅਤੇ ਬੱਚਿਆਂ ਦੇ ਜਥੇ ਵਿੱਚ ਸ਼ਾਮਿਲ ਗੁੱਡੀ, ਪਲਵੀ, ਰੀਆ,ਨਿਸ਼ਾ, ਨਵ, ਤਨੂੰ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ। ਸਮਾਗਮ ਵਿੱਚ ਸ੍ਰੀ ਗੁਰੂ ਰਵਿਦਾਸ ਭਵਨ ਦੇ ਮੁੱਖ ਸੇਵਾਦਾਰ ਜਗਦੀਸ਼ ਕੁਮਾਰ ਰਿੰਕਾ ਨੇ ਸਮੂਹ ਸੰਗਤ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਫਰਵਰੀ ਵਿੱਚ 2027 ਵਿਸ਼ਵ ਪੱਧਰ ਤੇ ਮਨਾਏ ਜਾ ਰਹੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਦੀ ਮੁਬਾਰਕਬਾਦ ਦਿੱਤੀ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸੇਵਾਵਾਂ ਨਿਭਾਉਣ ਵਾਲੇ ਸੇਵਾਦਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ




ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਦੀ ਆਰੰਭਤਾ ਫਰਵਰੀ 2026 ਕੀਤੀ ਗਈ ਸੀ ਅਤੇ ਇਹ ਸਮਾਗਮ ਫਰਵਰੀ 2027 ਤੱਕ ਜਾਰੀ ਰਹਿਣਗੇ ਰਹਿਣਗੇ। ਇਸ ਮੌਕੇ ਤੇ ਹੈਡ ਗ੍ਰੰਥੀ ਭਾਈ ਦਲਜੀਤ ਸਿੰਘ, ਸਰਵਣ ਸਿੰਘ ਫੌਜੀ, ਪ੍ਰਗਟ ਲਾਲ, ਸੰਤੋਖ ਸਿੰਘ, ਸਰਜੀਤ ਸਿੰਘ ਬੈਂਕ ਵਾਲੇ, ਸੋਮ ਪ੍ਰਕਾਸ਼, ਅਮਰੀਕ ਸਿੰਘ, ਮਨਦੀਪ ਭਾਰਦਵਾਜ , ਪਵਨ ਕੁਮਾਰ, ਪ੍ਰਿੰਸ, ਬੋਬੀ, ਚਮਨ ਲਾਲ, ਗਗਨਦੀਪ ਗੱਗੀ, ਕਸ਼ਮੀਰ ਸਿੰਘ, ਪ੍ਰਿੰਸ , ਮਨਜੀਤ ਕੌਰ, ਅਰਵਿੰਦਰ ਕੌਰ, ਸੁਨੀਤਾ ਰਾਣੀ ਵੀ ਮੌਜੂਦ ਸਨ।

# ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਰੋਸ ਮਾਰਚ 15 ਨੂੰ

ਜਲੰਧਰ (ਰਾਜੇਸ਼ ਥਾਪਾ)- ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਨਿਗੂਣੇ ਜਿਹੇ ਮਾਣ ਭੱਤੇ 'ਤੇ ਕੰਮ ਕਰਦੀਆਂ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਛੁੱਟੀ ਲੈਣ ਸਮੇਂ ਖਾਣਾ ਬਣਾਉਣ ਲਈ ਬਦਲਵਾਂ ਪ੍ਰਬੰਧ ਸਕੂਲ ਮੁਖੀ ਕਰੇ, ਵਰਕਰਾਂ ਨੂੰ ਸਾਲ ਦੌਰਾਨ ਦੋ ਵਰਦੀਆਂ ਦਿੱਤੀਆਂ ਜਾਣ ਆਦਿ ਮੰਗ ਪੱਤਰ ਵਿੱਚ ਦਰਜ ਮੰਗਾਂ ਲਈ ਲਗਾਤਾਰ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਪੰਜਾਬ ਅਤੇ ਯੂ.ਟੀ. ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਜੁਆਇੰਟ ਕੋਆਰਡੀਨੇਸ਼ਨ ਕਮੇਟੀ ਦੇ ਬੈਨਰ ਹੇਠ 07 ਅਗਸਤ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਸ਼ਮੂਲੀਅਤ ਕਰਨ ਦਾ ਵੀ ਫੈਸਲਾ ਕੀਤਾ ਗਿਆ।



ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਜਥੇਬੰਦੀ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਵਿੱਚ ਅਗਲੇ ਸੰਘਰਸ਼ ਦੀ ਕੜੀ ਵਜੋਂ ਆਜ਼ਾਦੀ ਦਿਵਸ ਪ੍ਰੋਗਰਾਮਾਂ ਤੇ ਮੰਤਰੀਆਂ ਵੱਲੋਂ ਕੀਤੀ ਜਾ ਰਹੇ ਸਮਾਗਮਾਂ ਵਲ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਆਗੂਆਂ ਨੇ ਸਾਂਝੇ ਤੌਰ ਤੇ ਮੰਗ ਕੀਤੀ ਕਿ ਕੀਤੇ ਗਏ ਚੋਣ ਵਾਅਦੇ ਅਨੁਸਾਰ ਮਾਣ ਭੱਤਾ ਤੁਰੰਤ ਦੁੱਗਣਾ ਕੀਤਾ ਜਾਵੇ। ਜਦੋਂ ਤੱਕ ਰੈਗੂਲਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਘੱਟੋ ਘੱਟ ਉਜਰਤ ਨੂੰ ਲਾਗੂ ਕਰਦੇ ਹੋਏ 26000/- ਰੁਪਏ ਮਿਹਨਤਾਨਾ ਦਿੱਤਾ ਜਾਵੇ।ਮਿੱਡ ਡੇ ਮੀਲ ਵਰਕਰ ਦੇ ਅਚਨਚੇਤ ਮਾਹੌਲ,ਕਸ਼ੀਅਰ ਕਮਲੇਸ਼ ਕੌਰ ਰੋਪੜ,ਸਹਾਇਕ ਕੈਸ਼ੀਅਰ ਸੁਖਵਿੰਦਰ ਕੌਰ ਤਰਨਤਾਰਨ,ਪ੍ਰੈੱਸ ਸਕੱਤਰ ਸਿਮਰਨਜੀਤ ਕੌਰ ਪਾਸਲਾ- ਜਲੰਧਰ, ਕੁਲਵਿੰਦਰ ਕੌਰ ਮੋਹਾਲੀ,ਸਿਬਲਜੀਤ ਕੌਰ ਫਰੀਦਕੋਟ, ਕਰਮਜੀਤ ਕੌਰ,ਆਸ਼ਾ ਰਾਣੀ,ਮਹਿੰਦਰ ਕੌਰ,ਹਰਮੇਸ਼ ਕੌਰ ਰੋਪੜ,ਮਨਜੀਤ ਕੌਰ, ਕੁਲਵਿੰਦਰ ਕੌਰ ਅੰਦਹੇੜੀ,ਗੁਰਜੀਤ ਕੌਰ ਮੋਹਾਲੀ, ਜਸਵੀਰ ਕੌਰ ,ਨਿਰਮਲਜੀਤ ਕੌਰ ਗੁਰਦਾਸਪੁਰ ਅਤੇ ਮਨਜੀਤ ਕੌਰ, ਆਦਿ ਹਾਜ਼ਰ ਸਨ।

ਇਸ ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਬਾਲਾ ਫ਼ਤਿਹਗੜ੍ਹ ਸਾਹਿਬ,ਮੀਤ ਪ੍ਰਧਾਨ ਮਮਤਾ ਸੈਦਪੁਰ ਕਪੂਰਥਲਾ, ਕਰਮਜੀਤ ਕੌਰ ਬਰਨਾਲਾ, ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ,ਜੁਆਇੰਟ ਸਕੱਤਰ ਚਰਨਜੀਤ ਕੌਰ

# ਵਿਧਾਇਕ ਨੇ ਕੀਤਾ ਪਾਰਕ ਦਾ ਉਦਘਾਟਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਨਿਊ ਜੱਟਪੁਰ ਵਿਖੇ ਸਰਪੰਚ ਅਨੁਰਾਧਾ ਦੀ ਅਗਵਾਈ ਹੇਠ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ



ਵੱਲੋਂ ਮੁੱਖ ਮਾਰਗ ਨੇੜੇ ਬਣਾਈ ਨਵੀਂ ਪਾਰਕ ਦਾ ਉਦਘਾਟਨ ਸਮਾਰੋਹ ਕਰਵਾਇਆ ਗਿਆ, ਜਿਸ ਦੌਰਾਨ ਮੁੱਖ ਮਹਿਮਾਨ ਵਜੋਂ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਕ ਕੁਮਾਰ ਚੱਬੇਵਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਵਿਧਾਇਕ ਡਾਕਟਰ ਇਸ਼ਾਕ ਕੁਮਾਰ ਵੱਲੋਂ ਪਾਰਕ ਦਾ ਉਦਘਾਟਨ ਕੀਤਾ। ਇਸ ਮੌਕੇ ਡਾ. ਇਸ਼ਾਕ ਕੁਮਾਰ ਵੱਲੋਂ ਪਿੰਡ ਦੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਮੁੱਚੀ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਗਤੀਸ਼ੀਲ ਅਗਵਾਈ ਹੇਠ ਸ਼ਹਿਰਾਂ ਵਾਂਗ ਪਿੰਡਾਂ ਦਾ ਸਰਬ ਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਇਸ ਮੌਕੇ ਸੀਨੀਅਰ ਆਗੂ ਚਿਰੰਜੀ ਲਾਲ ਬਿਹਾਲਾ ਸਾਬਕਾ ਬਲਾਕ ਸੰਮਤੀ ਮੈਂਬਰ, ਬਲਬੀਰ ਸਿੰਘ ਰਿਟਾਇਰਡ ਐਸ ਡੀ ਓ, ਦਿਲਰਾਜ ਰਾਜੂ ਸਿੰਘਪੁਰੀਆ, ਚਰਨਜੀਤ ਸਿੰਘ ਸਰਪੰਚ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਸਰਪੰਚ ਅਨੁਰਾਧਾ ਅਤੇ ਪੰਚਾਇਤ ਮੈਂਬਰਾਂ ਵੱਲੋਂ ਹਲਕਾ ਵਿਧਾਇਕ ਡਾ. ਇਸ਼ਾਕ ਕੁਮਾਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ।

ਇਸ ਮੌਕੇ ਪਲਵਿੰਦਰ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਰਵਿੰਦਰ ਸਿੰਘ ਪੰਚਾਇਤ ਸਕੱਤਰ , ਸਰਪੰਚ ਅਨੁਰਾਧਾ, ਸੀਤਾ ਦੇਵੀ ਮੈਂਬਰ ਪੰਚਾਇਤ, ਕਮਲਜੀਤ ਸਿੰਘ ਮੈਂਬਰ ਪੰਚਾਇਤ, ਨਿਰਮਲ ਕੌਰ ਮੈਂਬਰ ਪੰਚਾਇਤ, ਯੋਗਰਾਜ ਮੈਂਬਰ ਪੰਚਾਇਤ, ਏ.ਐਸ.ਆਈ. ਚਰਨਜੀਤ ਸਿੰਘ ਖਨੂਰ, ਸਤਨਾਮ ਸਿੰਘ ਸੱਤਾ, ਸੂਬੇਦਾਰ ਮਹਿੰਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤੇ ਪਤਵੰਤੇ ਹਾਜ਼ਰ ਸਨ।

ਇਸ ਮੌਕੇ ਲਾਪਾਤਰੀਆਂ ਨੂੰ ਰਾਸ਼ਨ ਕਿੱਟਾਂ ਵੀ ਵੰਡੀਆਂ ਗਈਆਂ ।

# ਅਕਾਲੀ ਦਲ ਦੇ ਨੀਟਾ ਤੇ ਹਰਪ੍ਰੀਤ 'ਆਪ' 'ਚ ਸ਼ਾਮਲ



ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ) ਹਲਕਾ ਗੜ੍ਹਸ਼ੰਕਰ ਦੀ ਸਿਆਸਤ ਵਿੱਚ ਉਸ ਸਮੇਂ ਇੱਕ ਅਹਿਮ ਘਟਨਾਕ੍ਰਮ ਸਾਹਮਣੇ ਆਇਆ ਜਦੋਂ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਦਿੰਦਿਆਂ ਪਾਰਟੀ ਦੇ ਜ਼ਿਲ੍ਹਾ ਮੀਤ ਪ੍ਰਧਾਨ ਅਰਵਿੰਦਰ ਸਿੰਘ ਨੀਟਾ ਅਤੇ ਪ੍ਰਮੁੱਖ ਆਗੂ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਾਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਗੜ੍ਹਸ਼ੰਕਰ ਦੇ ਵਿਧਾਇਕਜੈ ਕ੍ਰਿਸ਼ਨ ਸਿੰਘ ਰੌੜੀ ਨੇ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕਰਦਿਆਂ ਨਿੱਘਾ ਸਵਾਗਤ ਕੀਤਾ। ਇਸ ਮੌਕੇ ਡਿਪਟੀ ਸਪੀਕਰ ਰੌੜੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਵਿੱਚ ਲੋਕ-ਹਿੱਤ ਨੂੰ ਪਹਿਲ ਦੇ ਕੇ ਕੰਮ ਕੀਤਾ ਹੈ, ਜਿਸ ਕਾਰਨ ਹਰ ਵਰਗ ਦੇ ਲੋਕ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲਗਾਤਾਰ ਜੁੜ ਰਹੇ ਹਨ। ਇਸ ਮੌਕੇ ਅਰਵਿੰਦਰ ਸਿੰਘ ਨੀਟਾ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਾਲ ਨੂੰ ਛੱਡਣ ਦਾ ਫ਼ੈਸਲਾ ਸੋਚ-ਵਿਚਾਰ ਤੋਂ ਬਾਅਦ ਲਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਅਤੇ ਡਿਪਟੀ ਸਪੀਕਰ ਸ.ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਗੜ੍ਹਸ਼ੰਕਰ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਹ ਆਪਣੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਹਲਕਾ ਸੰਗਠਨ ਇੰਚਾਰਜ ਅਤੇ ਓ.ਐਸ.ਡੀ ਚਰਨਜੀਤ ਸਿੰਘ ਚੰਨੀ, ਬਲਾਕ ਪ੍ਰਧਾਨ ਹਰਿੰਦਰ ਮਾਨ,ਬਲਾਕ ਪ੍ਰਧਾਨ ਰਿੰਕੂ ਟਿੱਬਿਆਂ, ਸਰਪੰਚ ਗੁਰਲਾਲ ਸੈਲਾ ਕਲਾਂ,ਬਾਲਕ ਪ੍ਰਧਾਨ ਗੁਲਸ਼ਨ ਠਾਕੁਰ, ਸਰਪੰਚ ਅਸ਼ੋਕ ਮੋਨੂੰ ਸੌਲੀ, ਵਰਿੰਦਰ ਨੈਣਵਾ ਤੇ ਪਾਰਟੀ ਵਰਕਰ ਸ਼ਾਮਿਲ ਸਨ।

# ਡੇਂਗੂ ਪ੍ਰਤੀ ਵਧੇਰੇ ਚੌਕਸੀ ਦੀ ਲੋੜ : ਸਿਵਲ ਸਰਜਨ

ਮੋਹਾਲੀ (ਗੁਰਜੀਤ ਬਿੱਲਾ)- ਡੇਂਗੂ ਬੁਖ਼ਾਰ ਪ੍ਰਤੀ ਇਨ੍ਹਾਂ ਦਿਨਾਂ ਵਿਚ ਵਧੇਰੇ ਚੌਕਸੀ ਦੀ ਲੋੜ ਹੁੰਦੀ ਹੈ ਕਿਉਂਕਿ ਬਰਸਾਤ ਦੌਰਾਨ ਮੱਛਰ ਦੀ ਪੈਦਾਇਸ਼ ਵਾਲੀਆਂ ਥਾਵਾਂ ਵੱਧ ਜਾਂਦੀਆਂ ਹਨ। ਇਹ ਗੱਲ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਇਥੇ ਜਾਰੀ ਪ੍ਰੈੱਸ ਨੋਟ ਵਿਚ ਆਖੀ। ਉਨ੍ਹਾਂ ਕਿਹਾ ਕਿ ਭਾਵੇਂ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਅੱਜ ਸਿਹਤ



ਟੀਮਾਂ ਨੇ ਜ਼ਿਲ੍ਹੇ ਵਿਚ ਵੱਖ ਵੱਖ ਥਾਈਂ ਨਰਸਰੀਆਂ ਅਤੇ ਨਿਰਮਾਣ ਥਾਵਾਂ 'ਤੇ ਜਾ ਕੇ ਚੈਕਿੰਗ ਕੀਤੀ ਅਤੇ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦੇ ਲਾਰਵੇ ਦੀ ਭਾਲ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਕਿਸੇ ਨੂੰ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਡੇਂਗੂ ਬੁਖ਼ਾਰ ਤੋਂ ਬਚਣ ਲਈ ਕਿਸੇ ਵੀ ਜਗ੍ਹਾ ਪਾਣੀ ਜਮ੍ਹਾਂ ਨਾ ਹੋਣ ਦਿਤਾ ਜਾਵੇ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀ ਅਗਵਾਈ ਹੇਠ ਸਿਹਤ ਵਰਕਰਾਂ, ਆਸ਼ਾ ਵਰਕਰਾਂ, ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਮੁਲਾਜ਼ਮਾਂ ਅਤੇ ਹੋਰ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ ਗਿਆ। ਡਾ. ਅਨਾਮਿਕਾ ਸੋਨੀ ਨੇ ਦਸਿਆ ਕਿ ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ ?-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਡੇਂਗੂ ਇਕ ਬੁਖ਼ਾਰ ਹੈ ਜੋ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ ਅਤੇ ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ 'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ।

# ਬੇਸਿਕ ਕੰਪਿਊਟਰ ਕੋਰਸ ਭਲਕ ਤੋਂ

ਜਲੰਧਰ (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)- ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਜਲੰਧਰ ਵਿਖੇ ਤਿੰਨ ਮਹੀਨੇ ਦਾ ਬੇਸਿਕ ਕੰਪਿਊਟਰ ਕੋਰਸ ਪਹਿਲੀ ਅਗਸਤ 2026 ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੋਰਸ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ ਹੈ ਅਤੇ ਕੋਰਸ ਵਿੱਚ ਦਾਖ਼ਲਾ ਲੈਣ ਦੀ ਆਖ਼ਰੀ ਮਿਤੀ 10 ਅਗਸਤ 2026 ਹੈ। ਉਨ੍ਹਾਂ ਦੱਸਿਆ ਕਿ ਕੋਰਸ ਲਈ ਸੇਵਾ ਕਰ ਰਹੇ ਸੈਨਿਕਾਂ/ਸਾਬਕਾ ਸੈਨਿਕਾਂ ਦੇ ਬੱਚਿਆਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਕੋਰਸ ਲਈ ਸਾਬਕਾ ਸੈਨਿਕਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਬੱਚਿਆਂ ਤੋਂ ਨਾ-ਮਾਤਰ ਫੀਸ ਹੀ ਲਈ ਜਾਵੇਗੀ। ਇੰਸਟੀਚਿਊਟ ਦੇ ਪ੍ਰਿੰਸੀਪਲ ਡਾ.ਪਰਮਿੰਦਰ ਕੌਰ ਸੈਣੀ ਨੇ ਦੱਸਿਆ ਕਿ ਇਸ ਕੋਰਸ ਵਿਚ ਸਿਖਿਆਰਥੀਆਂ ਨੂੰ ਐਮ ਐਸ ਆਫਿਸ (ਐਮ ਐਸ-ਵਰਡ, ਐਮ ਐਸ ਐਕਸਲ, ਐਮ ਐਸ ਪਾਵਰ ਪੁਆਇੰਟ), ਪ੍ਰਿੰਟਿੰਗ, ਸਕੈਨਿੰਗ, ਈ-ਮੇਲਿੰਗ ਆਦਿ ਤੋਂ ਇਲਾਵਾ ਪੰਜਾਬੀ ਅਤੇ ਇੰਗਲਿਸ਼ ਟਾਈਪਿੰਗ ਦੀ ਸਿਖ਼ਲਾਈ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੋਰਸ ਖ਼ਤਮ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

# ਅੱਖਾਂ ਦਾ ਜਾਂਚ ਕੈਂਪ ਲਗਾਇਆ

ਮੋਰਿੰਡਾ (ਨਿਹਾਲ ਸਿੰਘ ਕਲਸੀ) ਡਾ.ਪਰਮਿੰਦਰ ਸਿੰਘ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਮੋਰਿੰਡਾ ਦੀ ਅਗਵਾਈ ਹੇਠ ਪਿੰਡ ਕਲਾਰਾਂ ਵਿਖੇ 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਵਿਸ਼ੇਸ਼ ਅੱਖਾਂ ਦੀ ਜਾਂਚ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ।ਇਸ ਮੌਕੇ ਤੇ



ਡਾ.ਪਰਮਿੰਦਰ ਸਿੰਘ ਐਸ.ਐਮ.ਓ ਮੋਰਿੰਡਾ ਨੇ ਕਿਹਾ ਕਿ ਇਸ ਕੈਂਪ ਦਾ ਮੁੱਖ ਉਦੇਸ਼ ਵੱਧ ਉਮਰ ਦੇ ਲੋਕਾਂ ਵਿੱਚ ਨਜ਼ਰ ਸੰਬੰਧੀ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਕੇ ਉਨ੍ਹਾਂ ਨੂੰ ਲੋੜੀਂਦੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਸੀ।ਅਜਿਹੇ ਕੈਂਪ ਪ੍ਰਾਇਮਰੀ ਪੱਧਰ 'ਤੇ ਅੱਖਾਂ ਦੀ ਸੰਭਾਲ ਨੂੰ ਮਜ਼ਬੂਤ ਕਰਨ ਅਤੇ ਲੋਕਾਂ ਨੂੰ ਸਮੇਂ ਸਿਰ ਇਲਾਜ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਕੁੱਲ 106 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਜਾਂਚ ਉਪਰੰਤ 93 ਮਰੀਜ਼ਾਂ ਵਿੱਚ ਰਿਫਰੈਕਟਿਵ ਐਰਰ (ਨਜ਼ਰ ਦੀ ਕਮੀ) ਪਾਈ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਐਨਕਾਂ ਵੰਡੀਆਂ ਗਈਆਂ ਅਤੇ 9 ਮਰੀਜ਼ਾਂ ਨੂੰ ਮੁਫ਼ਤ ਸਰਜਰੀ ਐਸ.ਡੀ.ਐਚ ਸ਼੍ਰੀ ਚਮਕੌਰ ਸਾਹਿਬ ਵਿਖੇ ਰੈਫਰ ਕੀਤਾ ਗਿਆ।ਇਸ ਮੌਕੇ ਤੇ ਪ੍ਰੇਮ ਚੰਦ ਉਪਥੈਲਮਿਕ ਅਫਸਰ ਨੇ ਕਿਹਾ ਕਿ 45 ਸਾਲ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਆਪਣੀਆਂ ਅੱਖਾਂ ਦੀ ਨਿਯਮਿਤ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ ਤਾਂ ਜੋ ਨਜ਼ਰ ਦੀ ਕਮੀ, ਮੋਤੀਆਬਿੰਦ ਅਤੇ ਹੋਰ ਅੱਖਾਂ ਦੀਆਂ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਕਰਕੇ ਇਲਾਜ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਇਲਾਜ ਨਾਲ ਅੰਨ੍ਹੇਪਣ ਵਰਗੀਆਂ ਗੰਭੀਰ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ।ਇਸ ਕੈਂਪ ਦੌਰਾਨ ਓਪਥੈਲਮਿਕ ਅਫ਼ਸਰ ਵੱਲੋਂ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜ ਅਨੁਸਾਰ ਐਨਕਾਂ ਲਈ ਮਾਪ ਲਿਆ ਗਿਆ ਸਿਹਤ ਵਿਭਾਗ ਦੀ ਟੀਮ ਵੱਲੋਂ ਮਰੀਜ਼ਾਂ ਨੂੰ ਅੱਖਾਂ ਦੀ ਸੰਭਾਲ, ਸੰਤੁਲਿਤ ਖੁਰਾਕ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਣ ਅਤੇ ਨਿਯਮਿਤ ਜਾਂਚ ਕਰਵਾਉਣ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਸੀ.ਐਚ.ਓ. ਪਲਵਿੰਦਰ ਕੌਰ, ਮਨਪ੍ਰੀਤ ਕੌਰ ਏ.ਐਨ.ਐਮ. ਅਤੇ ਵੱਡੀ ਗਿਣਤੀ ਵਿੱਚ ਸਥਾਨਕ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਡਾ.ਪਰਮਿੰਦਰ ਸਿੰਘ ਐਸ.ਐਮ.ਓ. ਮੋਰਿੰਡਾ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਵਿਸ਼ੇਸ਼ ਜਾਂਚ ਕੈਂਪ ਲਗਾਤਾਰ ਆਯੋਜਿਤ ਕੀਤੇ ਜਾਣਗੇ ਜਿਨ੍ਹਾਂ ਵਿੱਚ ਮਿਤੀ 6 ਅਗਸਤ ਨੂੰ ਪਿੰਡ ਚਤਾਮਲਾ,13 ਅਗਸਤ ਨੂੰ ਪਿੰਡ ਰੰਗੀਆਂ, 20 ਅਗਸਤ ਨੂੰ ਪਿੰਡ ਮਾਨਖੇੜੀ,27 ਅਗਸਤ ਨੂੰ ਪਿੰਡ ਮੜੌਲੀਕਲਾਂ, 3 ਸਤੰਬਰ ਨੂੰ ਰਤਨਗੜ੍ਹ ਅਤੇ 10 ਸਤੰਬਰ ਨੂੰ ਪਿੰਡ ਚਤਾਮਲੀ ਵਿਖੇ ਕੈਂਪ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਨੇੜੇ ਹੀ ਗੁਣਵੱਤਾ ਵਾਲੀਆਂ ਅੱਖਾਂ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

# ਸਫਾਈ ਸੇਵਕ ਯੂਨੀਅਨ ਦੇ ਸੱਦੇ ਤੇ ਨਵਾਂਸ਼ਹਿਰ ਰਿਹਾ ਪੂਰਨ ਬੰਦ

ਬੰਗਾ (ਅਵਤਾਰ ਕਲੇਰ)- ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੱਦੇ ਤੇ ਨਵਾਂਸ਼ਹਿਰ ਵਿਚ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ।ਨਵਾਂਸ਼ਹਿਰ ਦੇ ਸਾਰੇ ਬਾਜ਼ਾਰ ਮੁਕੰਮਲ ਬੰਦ ਰਹੇ। ਆਟੋ ਯੂਨੀਅਨ (ਇਫਟੂ)ਅਤੇ ਰੇਹੜੀ ਵਰਕਰ ਯੂਨੀਅਨ (ਇਫਟੂ) ਨੇ ਵੀ ਸਫ਼ਾਈ ਸੇਵਕਾਂ ਦੇ ਹੱਕ ਵਿੱਚ ਆਪਣੇ ਕਾਰੋਬਾਰ ਬੰਦ ਰੱਖੇ ਅਤੇ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ। ਇਸਤੋਂ ਪਹਿਲਾਂ ਕਮੇਟੀ ਬਾਜ਼ਾਰ ਮੰਦਿਰ ਵਿੱਚ ਇਕੱਠ ਕੀਤਾ ਗਿਆ ਜਿਸ ਨੂੰ ਮਿਉਂਸਪਲ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਨੀ ਬਘਾਨ੍ਹੀਆ, ਸੂਰਜ ਕੁਮਾਰ



ਖੋਸਲਾ, ਦੀਪਕ ਖੋਸਲਾ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਵਪਾਰ ਮੰਡਲ ਦੇ ਆਗੂ ਮਹਿੰਦਰਪਾਲ ਸਿੰਘ ਖ਼ਾਲਸਾ, ਕਾਂਗਰਸ ਦੇ ਆਗੂ ਰਾਜ ਕੁਮਾਰ ਸੱਭਰਵਾਲ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਲੱਕੀ, ਚੇਤ ਰਾਮ ਰਤਨ, ਸ਼੍ਰੋਮਣੀ ਅਕਾਲੀ ਦੱਲ ਦੇ ਆਗੂ ਡਾ. ਗੁਰਪ੍ਰੀਤ ਕੌਰ ਥਿਆੜਾ, ਸੁਖਵਿੰਦਰ ਸਿੰਘ ਥਾਂਦੀ, ਆਟੋ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੁਨੀਤ ਕਲੇਰ,ਪੇਂਡੂ ਮਜਦੂਰ ਯੂਨੀਅਨ ਦੇ ਕਮਲਜੀਤ ਸਾਨਾਵਾ, ਕਿਰਨਜੀਤ ਕੌਰ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ, ਹਰੀ ਲਾਲ,ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਬਲਜੀਤ ਸਿੰਘ ਧਰਮਕੋਟ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੇ ਸਫਾਈ ਕਾਮੇ ਲਗਾਤਾਰ ਆਪਣੇ ਰੁਜ਼ਗਾਰ ਨੂੰ ਪੱਕਾ ਕਰਨ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ ਲਈ ਸੰਘਰਸ਼ ਕਰ ਰਹੇ ਹਨ ਤੇ ਹੜਤਾਲ ਤੇ ਹਨ ਜਿਸ ਕਰਕੇ ਸਫਾਈ ਦਾ ਕੰਮ ਸ਼ਹਿਰਾਂ ਵਿੱਚ ਨਹੀਂ ਹੋ ਰਿਹਾ ਸੀ। ਬਰਨਾਲੇ ਵਿੱਚ ਜਬਰੀ ਕੂੜਾ ਚੱਕਣ ਦੀ ਕੋਸ਼ਿਸ਼ ਕਰਦੇ ਪੁਲਸ ਅਧਿਕਾਰੀਆਂ ਨੂੰ ਰੋਕਣ ਵੇਲੇ ਪੁਲਸ ਅਧਿਕਾਰੀਆਂ ਨੇ ਸਫਾਈ ਕਾਮਿਆਂ ਤੇ ਬਹੁਤ ਜਿਆਦਾ ਜਬਰ ਕੀਤਾ ਤੇ ਔਰਤਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕੀਤਾ।ਆਗੂਆਂ ਕਿਹਾ ਉਹਨਾਂ ਦਾ ਸੰਘਰਸ਼ ਸਫਾਈ ਕਾਮਿਆਂ ਨੂੰ ਪੱਕੇ ਕਰਾਉਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਉਣ, ਤਨਖਾਹ ਘੱਟੋ ਘੱਟ 40 ਹਜ਼ਾਰ ਕਰਨ ਤੇ ਡੀ ਐਸ ਪੀ ਸਤਬੀਰ ਬੈਂਸ ਤੇ ਐਸ ਐਸ ਓ ਲਖਵਿੰਦਰ ਸਿੰਘ ਤੇ ਐਸ ਸੀ ਐਸਟੀ ਤਹਿਤ ਪਰਚਾ ਦਰਜ ਕਰਨ ਦੀ ਮੰਗ ਮਨਵਾਉਣ ਤੱਕ ਸੰਘਰਸ਼ ਜਾਰੀ ਰਹੇਗਾ।

# ਗੁਰੂ ਰਵਿਦਾਸ ਨੂੰ ਸਮਰਪਿਤ ਡਾਕੂਮੈਂਟਰੀ ਨੂੰ ਪਿੰਡਾਂ 'ਚ ਮਿਲ ਰਿਹਾ ਭਰਵਾਂ ਹੁੰਗਾਰਾ

ਜਲੰਧਰ (ਸੁਰਿੰਦਰ ਕੁਮਾਰ)- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਜ਼ਿਲ੍ਹੇ ਦੇ ਪਿੰਡ ਜਹਾਂਗੀਰ, ਮੁਰਾਦਪੁਰ, ਕਿਸ਼ਨਗੜ੍ਹ, ਜਗਰਾਵਾਂ, ਰਾਣੀ ਭੱਟੀ ਅਤੇ ਐਮਾ ਕਾਜ਼ੀ ਵਿਖੇ ਗੁਰੂ ਜੀ ਦੇ ਜੀਵਨ, ਉਪਦੇਸ਼ਾਂ ਅਤੇ ਸਮਾਜ ਸੁਧਾਰ ਲਈ ਉਨ੍ਹਾਂ ਦੇ ਮਹਾਨ ਯੋਗਦਾਨ 'ਤੇ ਆਧਾਰਿਤ ਵਿਸ਼ੇਸ਼ ਦਸਤਾਵੇਜ਼ੀ ਫ਼ਿਲਮ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਪਿੰਡ ਵਾਸੀਆਂ, ਨੌਜਵਾਨਾਂ ਨੇ ਡਾਕੂਮੈਂਟਰੀ ਦੇਖੀ ਅਤੇ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਦਿੱਤੇ ਸਮਾਨਤਾ, ਭਾਈਚਾਰੇ, ਮਨੁੱਖਤਾ ਦੀ ਭਲਾਈ ਅਤੇ ਸੇਵਾ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਅਹਿਦ ਕੀਤਾ। ਪਿੰਡ ਦੇ ਵਸਨੀਕਾਂ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਰਾਹੀਂ ਨੌਜਵਾਨ ਸਾਡੇ ਮਹਾਨ ਗੁਰੂਆਂ ਅਤੇ ਸੰਤਾਂ ਦੇ ਜੀਵਨ, ਵਿਚਾਰਾਂ ਅਤੇ ਸਮਾਜਿਕ ਬਰਾਬਰੀ ਦੇ ਸੰਦੇਸ਼ ਨਾਲ ਹੋਰ ਨੇੜਿਓਂ ਜੁੜ ਸਕਣਗੇ ਅਤੇ ਸਮਾਜ ਵਿੱਚ ਆਪਸੀ ਸਦਭਾਵਨਾ ਅਤੇ ਸਮਾਜਿਕ ਏਕਤਾ ਨੂੰ ਹੋਰ ਮਜ਼ਬੂਤੀ ਮਿਲੇਗੀ। ਜ਼ਿਕਰਯੋਗ ਹੈ ਕਿ ਡਾਕੂਮੈਂਟਰੀ ਵੈਨਾਂ ਰਾਹੀਂ ਐਲ ਈ ਡੀ ਸਕਰੀਨਾਂ 'ਤੇ ਰੋਜ਼ਾਨਾ ਜ਼ਿਲ੍ਹੇ ਦੇ 6 ਪਿੰਡਾਂ ਵਿੱਚ ਇਹ ਵਿਸ਼ੇਸ਼ ਦਸਤਾਵੇਜ਼ੀ ਫਿਲਮ ਦਿਖਾਈ ਜਾ ਰਹੀ ਹੈ, ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਦੇ ਮਹੱਤਵਪੂਰਣ ਪੱਖਾਂ, ਉਨ੍ਹਾਂ ਦੇ ਉੱਚ ਆਦਰਸ਼ਾਂ, ਸਮਾਜਿਕ ਨਿਆਂ, ਮਨੁੱਖਤਾ ਦੀ ਸੇਵਾ, ਸੱਚ, ਕਿਰਤ ਅਤੇ ਸਮਾਨਤਾ ਦੇ ਸੁਨੇਹੇ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ।

# ਵਿਸ਼ਵ ਓ ਆਰ ਐੱਸ ਦਿਵਸ ਮਨਾਇਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਸਿਵਲ ਸਰਜਨ ਹੁਸ਼ਿਆਰਪੁਰ ਡਾ.ਮਨਦੀਪ ਕਮਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.) ਹਾਰਟਾ ਬੱਡਲਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ 'ਵਿਸ਼ਵ ਓ.ਆਰ.ਐੱਸ. ਦਿਵਸ' ਮਨਾਇਆ ਗਿਆ ਜਿਸ ਵਿੱਚ ਆਏ ਹੋਏ ਮਰੀਜ਼ਾਂ, ਛੋਟੇ ਬੱਚਿਆਂ ਦੀਆਂ ਮਾਵਾਂ ਅਤੇ ਗਰਭਵਤੀ ਔਰਤਾਂ ਨੂੰ ਓ ਆਰ ਐੱਸ ਦੀ ਅਹਿਮਾਇਤ ਅਤੇ ਵਰਤੋਂ ਬਾਰੇ ਵਿਸਥਾਰਪੂਰਵਕ ਜਾਣਕਾਰੀ



ਦਿੱਤੀ ਗਈ। ਇਸ ਮੌਕੇ ਹਾਜ਼ਰ ਬਲਾਕ ਐਕਸਟੈਂਸ਼ਨ ਐਜੂਕੇਟਰ (255) ਅਮਨਦੀਪ ਸਿੰਘ ਨੇ ਦੱਸਿਆ ਕਿ ਗਰਮੀ ਤੇ ਬਰਸਾਤ ਦੇ ਮੌਸਮ ਵਿੱਚ ਬੱਚਿਆਂ ਵਿੱਚ ਉਲਟੀ-ਦਸਤ (ਡਾਇਰੀਆ) ਦੀ ਸਮੱਸਿਆ ਬਹੁਤ ਆਮ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਸਰੀਰ ਵਿੱਚੋਂ ਪਾਣੀ ਅਤੇ ਜ਼ਰੂਰੀ ਖਣਿਜ ਪਦਾਰਥਾਂ ਦੀ ਘਾਟ (ਡੀਹਾਈਡ੍ਰੇਸ਼ਨ) ਹੋ ਜਾਂਦੀ ਹੈ, ਜੋ ਬੱਚਿਆਂ ਲਈ ਜਾਨਲੇਵਾ ਸਾਬਤ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਦਸਤ ਲੱਗਣ ਦੀ ਸਥਿਤੀ ਵਿੱਚ ਬੱਚਿਆਂ ਨੂੰ ਤੁਰੰਤ ਓ.ਆਰ.ਐਸ. ਦਾ ਘੋਲ ਪਿਲਾਉਣਾ ਚਾਹੀਦਾ ਹੈ ਅਤੇ ਜੇਕਰ ਬੱਚਾ ਛੇ ਮਹੀਨੇ ਤੋਂ ਵੱਧ ਉਮਰ ਦਾ ਹੈ ਤਾਂ ਡਾਕਟਰ ਦੀ ਸਲਾਹ ਅਨੁਸਾਰ ਜ਼ਿੰਕ ਦੀਆਂ ਗੋਲੀਆਂ ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

# ਸਤਵਿੰਦਰ ਸਿੰਘ ਨੂੰ ਸੇਵਾਮੁਕਤੀ 'ਤੇ ਨਿੱਘੀ ਵਿਦਾਇਗੀ



ਮੁਹਾਲੀ (ਗੁਰਜੀਤ ਬਿੱਲਾ)- ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਕਰਮਚਾਰੀ ਸਤਵਿੰਦਰ ਸਿੰਘ 26 ਸਾਲ ਦੀ ਬੇਦਾਗ਼ ਅਤੇ ਸ਼ਾਨਦਾਰ ਸਰਕਾਰੀ ਸੇਵਾ ਤੋਂ ਬਾਅਦ ਸੇਵਾਮੁਕਤ ਹੋ ਗਏ।ਸਤਵਿੰਦਰ ਸਿੰਘ ਨੇ ਸਾਲ 2001 ਵਿੱਚ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਰੂਪਨਗਰ ਵਿਖੇ ਬਤੌਰ ਕਲੀਨਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਿੱਚ ਆਪਣੀ ਸੇਵਾ ਸ਼ੁਰੂ ਕੀਤੀ ਸੀ। ਇਸ ਉਪਰੰਤ ਉਨ੍ਹਾਂ ਨੇ ਪਿਛਲੇ ਕਈ ਸਾਲਾਂ ਦੌਰਾਨ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਪੂਰੀ ਇਮਾਨਦਾਰੀ, ਸਮਰਪਣ ਅਤੇ ਲਗਨ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਉਨ੍ਹਾਂ ਦੀ ਸੇਵਾਮੁਕਤੀ ਮੌਕੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਵਿਖੇ ਇੱਕ ਸਾਦਾ ਪਰ ਪ੍ਰਭਾਵਸ਼ਾਲੀ ਵਿਦਾਇਗੀ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਦਫ਼ਤਰ ਦੇ ਸਮੂਹ ਸਟਾਫ਼ ਵੱਲੋਂ ਸਤਵਿੰਦਰ ਸਿੰਘ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਉਨ੍ਹਾਂ ਦੀਆਂ ਵਿਭਾਗ ਪ੍ਰਤੀ ਨਿਭਾਈਆਂ ਇਮਾਨਦਾਰ, ਸਮਰਪਿਤ ਅਤੇ ਸ਼ਾਨਦਾਰ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸੁਖਦ ਅਤੇ ਚੰਗੀ ਸਿਹਤ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸਮਾਗਮ ਦੌਰਾਨ ਸਤਵਿੰਦਰ ਸਿੰਘ ਦੀ ਧਰਮ ਪਤਨੀ ਸੁਖਪਾਲ ਕੌਰ, ਪੁੱਤਰ ਗੁਰਵੀਰ ਸਿੰਘ, ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੇ ਸੇਵਾਮੁਕਤ ਸੁਪਰਡੈਂਟ ਗੁਰਮੇਲ ਸਿੰਘ ਮੁੰਡੀ, ਪੰਜਾਬ ਸਿਵਲ ਸਕੱਤਰੇਤ ਵਿਖੇ ਸੇਵਾਵਾਂ ਦੇ ਰਹੇ ਭਰਾ ਕਮਲਜੀਤ ਸਿੰਘ ਮੁੰਡੀ, ਵਿਭਾਗ ਦੇ ਸੇਵਾਮੁਕਤ ਕਰਮਚਾਰੀ ਗੁਰਬਚਨ ਸਿੰਘ ਅਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।

# ਸੁਤੰਤਰਤਾ ਦਿਵਸ ਸਮਾਰੋਹ ਮਨਾਉਣ ਸੰਬੰਧੀ ਮੀਟਿੰਗ



ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ) ਸੁਤੰਤਰਤਾ ਦਿਵਸ ਸਮਾਰੋਹ 15 ਅਗਸਤ ਨੂੰ ਉਪ ਮੰਡਲ ਪੱਧਰ ਤੇ ਨੰਗਲ ਵਿੱਚ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੇ ਵਿਖੇ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਨੰਗਲ ਦੇ ਉਪ ਮੰਡਲ ਮੈਜਿਸਟ੍ਰੇਟ ਸਚਿਨ ਪਾਠਕ ਨੇ ਅੱਜ ਐਸ.ਡੀ.ਐਮ ਦਫ਼ਤਰ ਨੰਗਲ ਵਿਚ ਸੁਤੰਤਰਤਾ ਦਿਵਸ ਮਨਾਉਣ ਸਬੰਧੀ ਹੋਈ ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਕੀਤਾ। ਉਨ੍ਹਾਂ ਨੇ ਦੱਸਿਆ ਕਿ 5 ਅਗਸਤ ਨੂੰ ਆਈਟਮਾ ਦੀ ਚੋਣ ਕੀਤੀ ਜਾਵੇਗੀ ਤੇ 10 ਅਗਸਤ ਨੂੰ ਆਈਟਮਾਂ ਦੀ ਰਿਹਸਲ ਤੇ ਰੀਵਿਊ ਮੀਟਿੰਗ ਕੀਤੀ ਜਾਵੇਗੀ, 13 ਅਗਸਤ ਨੂੰ ਫੁੱਲ ਡਰੈਸ ਰਿਹਸਲ ਕਰਵਾਈ ਜਾਵੇਗੀ। ਉਹਨਾਂ ਦੱਸਿਆ ਕਿ ਸਮਾਰੋਹ ਦੀ ਸਮੁੱਚੀ ਰੂਪ ਰੇਖਾ ਤਿਆਰ ਕਰਨ ਲਈ ਇੱਕ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਗਿਆ ਹੈ ਜ਼ੋ ਅਜਾਦੀ ਦਿਵਸ ਸਮਾਰੋਹ ਵਿਚ ਭਾਗ ਲੈਣ ਵਾਲਿਆ ਲਈ ਸਾਰੇ ਪ੍ਰਬੰਧ ਕੀਤੇ ਜਾ ਸਕਣ। ਉਨ੍ਹਾਂ ਦੱਸਿਆ ਕਿ ਇਸ ਮੌਕੇ ਆਜ਼ਾਦੀ ਦਿਵਸ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਨੰਗਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਮਨਾਏ ਜਾਣ ਵਾਲੇ ਅਜਾਦੀ ਦਿਵਸ ਸਮਾਰੋਹ ਮੌਕੇ ਸਕੂਲਾ ਤੇ ਕਾਲਜਾ ਦੇ ਵਿਦਿਆਰਥੀਆ ਸੱਭਿਆਚਾਰਕ ਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਦੇਣਗੇ, ਪਰੇਡ, ਪੀ.ਟੀ.ਸ਼ੋਅ ਸਮਾਰੋਹ ਦੇ ਮੁੱਖ ਆਕਰਸ਼ਣ ਹੋਣਗੇ।ਇਸ ਮੌਕੇ ਡੀ ਐਸ ਪੀ ਨਵੀਨ ਕੁਮਾਰ ਲਹਿਲ, ਤਹਿਸੀਲਦਾਰ ਸੁਮਿਤ ਢਿੱਲੋਂ, ਐਸ ਐਚ ਓ ਦਾਨਿਸ਼ਵਰ ਸਿੰਘ, ਜਸਵਿੰਦਰ ਕੌਰ, ਸੁਧੀਰ ਸ਼ਰਮਾ, ਮੋਹਿਤ ਸ਼ਰਮਾ, ਮੇਹਰ ਸਿੰਘ, ਪਾਇਲ, ਜਸਵਿੰਦਰ ਕੌਰ, ਮਧੁਬਾਲਾ, ਸੋਹਣ ਲਾਲ, ਪਰਮਿੰਦਰ ਕੌਰ, ਕ੍ਰਾਂਤੀ ਪਾਲ ਸਿੰਘ, ਸੋਮ ਨਾਥ, ਮਨਜੀਤ ਕੌਰ, ਸੁਮਿਤਾ, ਭਾਵਨਾ ਕੁਮਾਰੀ , ਦਲਵੀਰ ਸਿੰਘ, ਇੰਦਰ ਪਾਲ ਸਿੰਘ, ਪੰਕਜ ਸ਼ਰਮਾ, ਬਲਦੇਵ ਸਿੰਘ, ਗੁਰਮੁਖ ਸਿੰਘ, ਰਜਿੰਦਰ ਮੋਹਨ, ਮਨਪ੍ਰੀਤ ਸਿੰਘ, ਵਰਿੰਦਰ ਸਿੰਘ, ਸੁਖਵਿੰਦਰ ਸਿੰਘ, ਡਾ. ਮਨਜੀਤ ਸਿੰਘ, ਹਰਜੀਤ ਰਾਮ, ਸ਼ੁਗਨ ਸ਼ਰਮਾ, ਪੰਕਜ ਪਰਕਾਸ਼, ਮੀਨਾ ਕੁਮਾਰੀ, ਆਸ਼ਾ ਰਾਣੀ ਹਾਜ਼ਰ ਸਨ।

# ਮਨੁੱਖਤਾ ਦੀ ਸੇਵਾ ਲਈ ਰੈੱਡ ਕਰਾਸ ਹਮੇਸ਼ਾ ਤਤਪਰ : ਅੰਕਿਤਾ ਕਾਂਸਲ

ਮੁਹਾਲੀ (ਗੁਰਜੀਤ ਬਿੱਲਾ)- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀ ਸਹਾਇਤਾ ਲਈ ਸਮੇਂ-ਸਮੇਂ 'ਤੇ ਲੋਕ ਭਲਾਈ ਦੀਆਂ ਗਤੀਵਿਧੀਆਂ ਚਲਾਈਆਂ ਜਾਂਦੀਆਂ ਹਨ। ਇਸੇ ਕੜੀ ਤਹਿਤ ਪਿੰਡ ਤਿਊੜ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਵਸਨੀ ਹਰਮਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਜੋ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਦੇ ਹਨ, ਇੱਕ ਹਾਦਸੇ ਦੌਰਾਨ ਕੰਮ ਕਰਦੇ ਸਮੇਂ ਉਨ੍ਹਾਂ ਉੱਪਰ ਕੰਧ




ਡਿੱਗ ਜਾਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ। ਇਸ ਵੇਲੇ ਉਨ੍ਹਾਂ ਦਾ ਇਲਾਜ ਪੀ ਜੀ ਆਈ ਚੰਡੀਗੜ੍ਹ ਵਿਖੇ ਚੱਲ ਰਿਹਾ ਹੈ। ਪਰਵਾਰ ਵਿੱਚ ਹੋਰ ਕੋਈ ਕਮਾਉਣ ਵਾਲਾ ਨਾ ਹੋਣ ਕਰਕੇ ਉਨ੍ਹਾਂ ਨੂੰ ਆਰਥਿਕ ਅਤੇ ਰੋਜ਼ਾਨਾ ਲੋੜਾਂ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਨਵਤਾ ਦੀ ਸੇਵਾ ਦੇ ਆਪਣੇ ਉਦੇਸ਼ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪਰਵਾਰ ਨੂੰ ਇੱਕ ਮੁਫ਼ਤ ਰਾਸ਼ਨ ਕਿੱਟ ਮੁਹੱਈਆ ਕਰਵਾਈ ਗਈ। ਇਸ ਮੌਕੇ ਡਾ. ਅੰਕਿਤਾ ਕਾਂਸ਼ਲ, ਪੀ.ਸੀ.ਐਸ., ਸਹਾਇਕ ਕਮਿਸ਼ਨਰ-ਕਮ-ਅਵੇਤਨ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਐਸ.ਏ.ਐਸ. ਨਗਰ ਨੇ ਦੱਸਿਆ ਕਿ ਰੈੱਡ ਕਰਾਸ ਸੁਸਾਇਟੀ ਸੰਕਟ ਅਤੇ ਮੁਸੀਬਤ ਦੀ ਘੜੀ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਵਚਨਬੱਧ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਦਾਨ ਕੀਤੀ ਗਈ ਰਾਸ਼ਨ ਕਿੱਟ ਵਿੱਚ ਆਟਾ, ਦਾਲਾਂ, ਖੰਡ, ਖਾਣ ਵਾਲਾ ਤੇਲ, ਚਾਵਲ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਜ਼ਰੂਰੀ ਵਸਤਾਂ ਸ਼ਾਮਲ ਹਨ, ਤਾਂ ਜੋ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਨੂੰ ਕੁਝ ਹੱਦ ਤੱਕ ਪੂਰਾ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਜਨਰਲ ਸਕੱਤਰ ਸ਼੍ਰੀ ਹਰਬੰਸ ਸਿੰਘ ਨੇ ਕਿਹਾ ਕਿ ਰੈੱਡ ਕਰਾਸ ਦਾ ਮੁੱਖ ਉਦੇਸ਼ ਮਨੁੱਖਤਾ ਦੀ ਨਿਰਸਵਾਰਥ ਸੇਵਾ ਕਰਨਾ ਹੈ ਅਤੇ ਸੁਸਾਇਟੀ ਭਵਿੱਖ ਵਿੱਚ ਵੀ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਲਈ ਯਤਨਸ਼ੀਲ ਰਹੇਗੀ।

# ਡੇਰਾਬੱਸੀ ਵਿਖੇ ਬਾਜ਼ਾਰ ਰਹੇ ਪੂਰੀ ਤਰ੍ਹਾਂ ਬੰਦ

ਡੇਰਾ ਬੱਸੀ (ਵਿਨੈ ਕੁਮਾਰ ਜੈਨ)- ਪੰਜਾਬ ਭਰ ਦੇ ਸਫਾਈ ਸੇਵਕਾਂ ਵੱਲੋਂ ਦਿੱਤੇ ਗਏ 'ਪੰਜਾਬ ਬੰਦ' ਦੇ ਸੱਦੇ ਦਾ ਅਸਰ ਵੀਰਵਾਰ ਨੂੰ ਡੇਰਾਬੱਸੀ ਵਿਖੇ ਵੀ ਵਿਆਪਕ ਅਤੇ ਪੂਰੀ ਤਰ੍ਹਾਂ ਦੇਖਣ ਨੂੰ ਮਿਲਿਆ। ਬੰਦ ਦੇ ਚੱਲਦਿਆਂ



ਸ਼ਹਿਰ ਦੇ ਮੁੱਖ ਬਾਜ਼ਾਰ, ਵਪਾਰਕ ਕੇਂਦਰ ਅਤੇ ਜ਼ਿਆਦਾਤਰ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ। ਪ੍ਰਦਰਸ਼ਨਕਾਰੀਆਂ ਦੇ ਰੋਸ ਨੂੰ ਦੇਖਦਿਆਂ ਸ਼ਹਿਰ ਦਾ ਕਾਰੋਬਾਰ ਪੂਰੀ ਤਰ੍ਹਾਂ ਠੱਪ ਰਿਹਾ, ਜਿਸ ਨਾਲ ਆਮ ਜਨ-ਜੀਵਨ 'ਤੇ ਡੂੰਘਾ ਅਸਰ ਪਿਆ। ਦੂਜੇ ਪਾਸੇ, ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਵਿੱਚ ਆਏ ਸਫਾਈ ਸੇਵਕਾਂ ਨੇ ਨਗਰ ਕੌਂਸਲ ਡੇਰਾਬੱਸੀ ਦੇ ਮੁੱਖ ਗੇਟ ਅੱਗੇ ਇਕੱਠੇ ਹੋ ਕੇ ਧਰਨਾ ਦਿੱਤਾ। ਇਸ ਮੌਕੇ ਸਫਾਈ ਮੁਲਾਜ਼ਮਾਂ ਨੇ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ। ਸਫਾਈ ਸੇਵਕਾਂ ਦੀ ਇਸ ਹੜਤਾਲ ਕਾਰਨ ਸ਼ਹਿਰ ਦੀ ਸਫਾਈ ਵਿਵਸਥਾ ਪੂਰੀ ਤਰ੍ਹਾਂ ਡਾਵਾਂਡੋਲ ਹੋ ਕੇ ਰਹਿ ਗਈ ਹੈ। ਕੰਮਕਾਜ ਠੱਪ ਹੋਣ ਕਾਰਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ, ਰਹਾਇਸ਼ੀ ਕਾਲੋਨੀਆਂ ਅਤੇ ਮੁੱਖ ਮਾਰਗਾਂ 'ਤੇ ਕੂੜੇ ਦੇ ਵੱਡੇ-ਵੱਡੇ ਢੇਰ ਲੱਗ ਗਏ ਹਨ। ਇਸ ਮੌਕੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਹਰਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਹੱਕੀ ਅਤੇ ਵਾਜਬ ਮੰਗਾਂ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਸਰਕਾਰ ਕੱਚੇ ਸਫਾਈ ਸੇਵਕਾਂ ਨੂੰ ਪੱਕੇ ਕਰਨ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕਰਦੀ ਅਤੇ ਬਰਨਾਲਾ ਘਟਨਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਹੀਂ ਕਰਦੀ, ਉਦੋਂ ਤੱਕ ਇਹ ਸੰਘਰਸ਼ ਨਿਰੰਤਰ ਅਤੇ ਤਿੱਖੇ ਰੂਪ ਵਿੱਚ ਜਾਰੀ ਰਹੇਗਾ।

ਵਰ੍ਹੇਗੰਢ ਮੁਬਾਰਕ



ਨਰਿੰਦਰ ਸਿੰਘ ਅਤੇ ਕੁਲਵਿੰਦਰ ਕੌਰ ਵਾਸੀ ਜਲੰਧਰ ਨੇ ਵਿਆਹ ਦੀ 24ਵੀਂ ਵਰ੍ਹੇਗੰਢ ਮਨਾਈ।

# ਪੰਜਾਬ ਬੰਦ ਦੇ ਸੱਦੇ ਨੂੰ ਸ਼ਹਿਰ 'ਚ ਮਿਲਿਆ ਭਰਵਾਂ ਹੁੰਗਾਰਾ

**ਧਾਰੀਵਾਲ (ਮਨਦੀਪ ਵਿੱਕੀ)**- ਬਰਨਾਲਾ ਵਿਖੇ ਪ੍ਰਦਰਸ਼ਨਕਾਰੀ ਸਫ਼ਾਈ ਸੇਵਕਾਂ 'ਤੇ ਹੋਏ ਲਾਠੀਚਾਰਜ ਦੇ ਖਿਲਾਫ਼ ਰੋਸ ਵਜੋਂ ਵੀਰਵਾਰ ਸਫ਼ਾਈ ਸੇਵਕਾਂ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਸ਼ਹਿਰ ਧਾਰੀਵਾਲ ਵਿੱਚ ਭਰਵਾਂ ਹੁੰਗਾਰਾ ਮਿਲਿਆ। ਸ਼ਹਿਰ ਦੇ ਬਾਜ਼ਾਰ ਮੁਕੰਮਲ ਤੌਰ 'ਤੇ ਬੰਦ ਰਹੇ, ਜਦ ਕਿ ਹਸਪਤਾਲ, ਮੈਡੀਕਲ ਸਟੋਰ, ਸਕੂਲ ਅਤੇ ਬੈਂਕ ਰੋਜ਼ਾਨਾ ਦੀ ਤਰ੍ਹਾਂ ਖੁੱਲ੍ਹੇ ਰਹੇ ਖੁੱਲ੍ਹੇ ਰਹੇ ਅਤੇ ਹੋਰ ਜ਼ਰੂਰੀ ਸੇਵਾਵਾਂ ਚਾਲੂ ਰਹੀਆਂ। ਸਫਾਈ ਸੇਵਕ ਯੂਨੀਅਨ ਧਾਰੀਵਾਲ ਵਲੋਂ ਸ਼ਹਿਰ ਦੇ ਬਜ਼ਾਰਾਂ ਵਿੱਚ ਰੋਸ ਪ੍ਰਦਰਸ਼ਨ ਕਰਨ ਉਪਰੰਤ ਬੱਸ ਸਟੈਂਡ ਧਾਰੀਵਾਲ ਵਿਖੇ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਬੰਦ ਦਾ ਬਲਾਕ ਕਾਂਗਰਸ ਕਮੇਟੀ ਧਾਰੀਵਾਲ, ਸ਼੍ਰੋਮਣੀ ਅਕਾਲੀ ਦਲ, ਵਾਲਮੀਕੀ ਸਭਾ ਧਾਰੀਵਾਲ, ਐਸ ਸੀ ਬੀ ਸੀ ਫਰੰਟ, ਕ੍ਰਿਸਚਨ ਨੈਸ਼ਨਲ ਫਰੰਟ ਪੰਜਾਬ ਸਮੇਤ ਹੋਰ ਵੀ ਵੱਖ-ਵੱਖ ਜਥੇਬੰਦੀਆਂ ਵੱਲੋਂ ਵੀ ਪੂਰਨ ਸਮਰਥਨ ਕੀਤਾ ਗਿਆ। ਇਸ ਰੋਸ ਮੁਜ਼ਾਹਰੇ ਦੌਰਾਨ ਸਫ਼ਾਈ ਸੇਵਕ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਸਿਕੰਦਰ, ਜ਼ਿਲ੍ਹਾ ਮੀਤ ਪ੍ਰਧਾਨ ਬੁੱਧੂ, ਪ੍ਰਧਾਨ ਜਤਿੰਦਰ ਪਿੰਕਾ, ਮੀਤ ਪ੍ਰਧਾਨ ਗੀਤਾ ਗਿੱਲ ਆਦਿ ਤੋਂ ਇਲਾਵਾ ਕਾਂਗਰਸ ਸਿਟੀ ਪ੍ਰਧਾਨ ਐਡਵੋਕੇਟ ਰਾਕੇਸ਼ ਸ਼ਰਮਾ, ਸਤੀਸ਼ ਕੁਮਾਰ ਬਿੱਟੂ ਸਾਬਕਾ ਪ੍ਰਧਾਨ ਨਗਰ ਕੌਂਸਲ ਧਾਰੀਵਾਲ, ਨੋਨੀ ਖੋਸਲਾ, ਬੱਬਾ ਗਿੱਲ, ਕਵਲਪ੍ਰੀਤ ਸਿੰਘ ਕਾਕੀ ਸਮੇਤ ਹੋਰ ਵੀ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਸਫ਼ਾਈ ਸੇਵਕ ਆਪਣੀਆਂ ਮੰਗਾਂ ਨੂੰ ਲੈ ਕੇ ਬਰਨਾਲਾ ਵਿਖੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਸਨ, ਜਿਸ ਦੌਰਾਨ ਪੁਲਸ ਵੱਲੋਂ ਉਨ੍ਹਾਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ। ਇਸ ਕੁੱਟਮਾਰ ਦੌਰਾਨ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ।ਪੁਲਸ ਦੀ ਇਸ ਕਾਰਵਾਈ ਦੇ ਵਿਰੋਧ ਵਿੱਚ ਹੀ ਇਹ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਲਾਠੀਚਾਰਜ ਕਰਨ ਵਾਲੇ ਡੀ ਐਸ ਪੀ ਅਤੇ ਐਸ ਐਚ ਓ 'ਤੇ ਬਣਦੀਆਂ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇ ਅਤੇ ਸਫਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦ ਪ੍ਰਵਾਨ ਕੀਤਾ ਜਾਵੇ। ਇਸ ਮੌਕੇ ਗੁਰਨਾਮ ਸਿੰਘ ਜਫਰਵਾਲ, ਸਵਰਨ ਸਿੰਘ, ਪਰਦੀਪ ਸਿੰਘ, ਰਾਧਾ ਕ੍ਰਿਸ਼ਨ ਪੁਰੀ, ਦਲਜੀਤ ਸਿੰਘ, ਸੁਨੀਲ ਬਲੱਗਣ, ਹੀਰਾ ਲਹੌਰੀਆ, ਲੱਕੀ ਖੋਸਲਾ, ਜੇਮਸ ਮੱਟੂ, ਅਸ਼ਵਨੀ, ਯੂਨਸ, ਜੋਹਨੀ ਕਾਕਾ, ਪ੍ਰਦੀਪ, ਸਲਾਮਤ, ਪਵਨ ਵੱਡਾ, ਸੌਰਵ, ਰਜਤ ਬੱਲੀ, ਕਸ਼ਮੀਰਾ, ਬੀਬੀ ਕਿਰਨ, ਬੀਬੀ ਸੁਦੇਸ਼, ਬੀਬੀ ਵਰਸ਼ਾ ਅਤੇ ਸਨੀ ਸਮੇਤ ਵੱਡੀ ਗਿਣਤੀ ਵਿੱਚ ਸਫ਼ਾਈ ਸੇਵਕ ਹਾਜ਼ਰ ਸਨ।



# ਨਾਨਕ ਚੱਕ ਵਿਖੇ ਗੁਰੂ ਪੂਜਾ ਮਹੋਤਸਵ ਸ਼ਰਧਾ ਭਾਵਨਾ ਨਾਲ ਮਨਾਇਆ

**ਨਾਨਕਚੱਕ/ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਤਪ ਅਸਥਾਨ ਮੰਦਰ ਭਗਵਾਨ ਬਾਬਾ ਸ੍ਰੀ ਚੰਦ ਜੀ ਉਦਾਸੀਨ ਆਸ਼ਰਮ ਨਾਨਕਚੱਕ ਦੇ ਮੌਜੂਦਾ ਗੱਦੀਨਸ਼ੀਨ ਮਹੰਤ ਹਰੀ ਕੁੰਭਦਾਸ ਦੀ ਅਗਵਾਈ ਹੇਠ ਗੁਰੂ ਪੂਜਾ (ਬਿਆਸ ਪੂਜਾ ) ਮਹੋਤਸਵ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰੂ ਪੂਜਾ ਮਹੋਤਸਵ ਨੂੰ ਸਮਰਪਿਤ ਬਾਬਾ ਜੀ ਦੀ ਪਵਿੱਤਰ ਬਾਣੀ ਦੇ ਪਾਠ ਦੇ ਭੋਗ ਪੈਣ ਉਪਰੰਤ ਮਾਤ੍ਰਾ ਸਾਸ਼ਤਰ ਬਾਣੀ ਦੇ ਭੋਗ ਪਾਏ ਗਏ ਤੇ ਇਸ ਤੋਂ ਉਪਰੰਤ ਆਰਤੀ ਪੂਜਨ ਤੇ ਭੰਡਾਰਾ ਹੋਇਆ ।ਇਸ ਦੇ ਲਈ ਰਵਿੰਦਰ ਮੁਨੀ, ਤਿਲਕ ਰਾਜ, ਰਾਜੂ ਬੇਦੀ, ਮਾਸਟਰ ਸੰਦੀਪ ਸਿੰਘ ਜਾਂਗਲਾ, ਸੰਦੀਪ ਬੇਦੀ ਨਾਨਕਚੱਕ, ਇੰਦਰਜੀਤ ਨਾਨਕਚੱਕ, ਜੱਸ ਲੋਧੀਨੰਗਲ, ਰਣਜੋਧ ਸਿੰਘ ਘਣੀਏ ਕੇ ਬਾਂਗਰ, ਪ੍ਰਿੰਸ ਢੱਲਾ ਘਣੀਏ ਕੇ ਬਾਂਗਰ, ਦੁਰਲੱਭਜੀਤ ਪੱਤੀ ਪਕੀਵਾਂ, ਮਨਪ੍ਰੀਤ ਪਟਵਾਰੀ, ਅੰਮ੍ਰਿਤਪਾਲ ਸੈਂਕੀ ਕਾਲਾ ਅਫਗਾਨਾ, ਜੋਬਨ ਕੋਟਲਾ ਸਾਮਾ, ਧਰਮਵੀਰ, ਨੀਰਜ ਬੇਦੀ, ਕੁਲਦੀਪ ਪੇਂਟਰ, ਸਤਨਾਮ ਸਿੰਘ ਜਾਂਗਲਾ ਦਾ ਵਿਸ਼ੇਸ਼ ਯੋਗਦਾਨ ਰਿਹਾ।



# ਵਾਟਰ ਸਪਲਾਈ ਲੀਕੇਜ ਨਾਲ ਨਵੀਂ ਬਣੀ ਸੜਕ ਟੁੱਟੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਚੇਤਨਪੁਰਾ ਤੋਂ ਜਗਦੇਵ ਕਲਾਂ ਨੂੰ ਜਾਣ ਵਾਲੀ ਮੁੱਖ ਸੜਕ ਜਿਸ ਨੂੰ ਛੇ ਮਹੀਨੇ ਪਹਿਲਾਂ ਬਣਾਇਆ ਗਿਆ ਸੀ, ਨੂੰ ਵਾਟਰ ਸਪਲਾਈ ਮਹਿਕਮੇ ਨੇ ਤੋੜ ਦਿੱਤਾ ਹੈ, ਜਿਸ ਨਾਲ ਲੋਕਾਂ ਨੂੰ ਲੰਘਣ ਵਿੱਚ ਬਹੁਤ ਕਠਿਨਾਈ ਮਹਿਸੂਸ ਹੋ ਰਹੀ ਹੈ। ਸੜਕ ਦੀ ਖਸਤਾ ਹਾਲਤ ਕਾਰਨ ਇਲਾਕੇ ਦੇ ਲੋਕਾਂ ਅਤੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਪਾਣੀ ਦੀ ਸਪਲਾਈ ਲਾਈਨ ਵਿਛਾਉਣ ਲਈ ਸੜਕ ਨੂੰ ਪੁੱਟਿਆ ਗਿਆ ਸੀ, ਪਰ ਕੰਮ ਮੁਕੰਮਲ ਹੋਣ ਤੋਂ ਬਾਅਦ ਸੜਕ ਦੀ ਢੰਗ ਨਾਲ ਮੁਰੰਮਤ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਕਈ ਥਾਵਾਂ ਤੋਂ ਪਾਈਪ ਲਾਈਨ ਲਗਾਤਾਰ ਲੀਕ ਹੋ ਰਹੀ ਹੈ, ਜਿਸ ਕਾਰਨ ਸੜਕ ਉੱਪਰ ਹਰ ਵੇਲੇ ਪਾਣੀ ਖੜ੍ਹਾ ਰਹਿੰਦਾ ਹੈ ਅਤੇ ਸੜਕ ਨੇ ਛੱਪੜ ਦਾ ਰੂਪ ਧਾਰ ਲਿਆ ਹੈ। ਮੌਜੂਦਾ ਸਮੇਂ ਬਾਰਿਸ਼ਾਂ ਕਾਰਨ ਲੋਕਾਂ ਦਾ ਜਿਉਣਾ ਦੁੱਭਰ ਹੋਇਆ ਹੋਇਆ ਹੈ। ਸੜਕ ਦੀ ਮਾੜੀ ਹਾਲਤ ਕਾਰਨ ਦੋ ਪਹੀਆ ਅਤੇ ਚਾਰ ਪਹੀਆ ਵਾਹਨਾਂ, ਸਕੂਲੀ ਵਿਦਿਆਰਥੀਆਂ, ਕਿਸਾਨਾਂ ਅਤੇ ਰਾਹਗੀਰਾਂ ਨੂੰ ਰੋਜ਼ਾਨਾ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਜਮਹੂਰੀ ਕਿਸਾਨ ਸਭਾ ਦੇ ਆਗੂ ਟਹਿਲ ਸਿੰਘ ਚੇਤਨਪੁਰਾ ਦੀ ਅਗਵਾਈ ਹੇਠ ਕਿਸਾਨਾਂ ਅਤੇ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਸੰਬੰਧਤ ਵਿਭਾਗ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਕਈ ਵਾਰ ਸਬੰਧਤ ਅਧਿਕਾਰੀਆਂ ਨੂੰ ਇਸ ਸਮੱਸਿਆ ਤੋਂ ਜਾਣੂ ਕਰਵਾਇਆ ਗਿਆ ਹੈ, ਪਰ ਅਜੇ ਤੱਕ ਨਾ ਤਾਂ ਲੀਕੇਜ ਨੂੰ ਪੱਕੇ ਤੌਰ 'ਤੇ ਠੀਕ ਕੀਤਾ ਗਿਆ ਹੈ ਅਤੇ ਨਾ ਹੀ ਸੜਕ ਦੀ ਮੁਰੰਮਤ ਕਰਵਾਈ ਗਈ ਹੈ।ਕਿਸਾਨ ਆਗੂ ਟਹਿਲ ਸਿੰਘ ਚੇਤਨਪੁਰਾ ਅਤੇ ਇਲਾਕਾ ਨਿਵਾਸੀਆਂ ਵੱਲੋਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਤੋਂ ਜਲਦੀ ਸੜਕ ਦੀ ਮੁਰੰਮਤ ਕਰਕੇ ਪਾਣੀ ਦੀਆਂ ਲੀਕੇਜਾਂ ਨੂੰ ਪੱਕੇ ਤੌਰ 'ਤੇ ਬੰਦ ਨਾ ਕੀਤਾ ਗਿਆ ਤਾਂ ਕਿਸਾਨਾਂ ਅਤੇ ਪਿੰਡ ਵਾਸੀਆਂ ਵੱਲੋਂ ਧਰਨਾ ਲਗਾ ਕੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਟਹਿਲ ਸਿੰਘ, ਕੁਲਵੰਤ ਸਿੰਘ ਮੱਲੂ ਨੰਗਲ, ਗੁਰਭੇਜ ਸਿੰਘ ਕੱਦੋਵਾਲੀ, ਸੁਖਵੰਤ ਸਿੰਘ ਚੇਤਨਪੁਰਾ, ਹਰਦਿਆਲ ਸਿੰਘ ਕਿਰਤੀ ਕਿਸਾਨ ਆਗੂ, ਸੁਖਦੇਵ ਸਿੰਘ ਸੰਤੂ ਨੰਗਲ, ਸਾਬਕਾ ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਚੇਤਨਪੁਰਾ, ਮੁਖਤਾਰ ਸਿੰਘ ਚੇਤਨਪੁਰਾ, ਹੁਸ਼ਿਆਰ ਸਿੰਘ, ਬਬਲੂ ਚੇਤਨਪੁਰਾ, ਕਾਮਰੇਡ ਦਲਜੀਤ ਸਿੰਘ, ਜਸਪਾਲ ਸਿੰਘ ਫੌਜੀ ਸੰਤੂ ਨੰਗਲ, ਸੁੱਚਾ ਸਿੰਘ ਪਠਾਨ ਨੰਗਲ, ਡਾਕਟਰ ਇਕਬਾਲ ਸਿੰਘ ਪਠਾਨ ਨੰਗਲ ਆਦਿ ਕਿਸਾਨ ਆਗੂ ਹਾਜ਼ਰ ਸਨ।



# ਸਮਾਜ ਸੇਵੀ ਜਗੀਰ ਕੌਰ ਮੀਰਾਂਕੋਟ ਦਾ ਸਨਮਾਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਵੱਲੋਂ ਉੱਘੀ ਸਮਾਜ ਸੇਵੀ ਸ਼ਖਸੀਅਤ ਬੀਬੀ ਜਗੀਰ ਕੌਰ ਮੀਰਾਂਕੋਟ ਨੂੰ ਸਮਾਜ ਭਲਾਈ ਦੇ ਕੰਮਾਂ ਨੂੰ ਮੁੱਖ ਰੱਖਦਿਆਂ ਇੱਕ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਬਲਜਿੰਦਰ ਸਿੰਘ ਮਾਂਗਟ, ਅਤਰ ਸਿੰਘ ਤਰਸਿੱਕਾ, ਡਾਕਟਰ ਜਸਬੀਰ ਕੌਰ, ਕਵਲਜੀਤ ਕੌਰ ਤਰਸਿੱਕਾ, ਅਨਮੋਲਦੀਪ ਕੌਰ, ਅਨਮੋਲਜੀਤ ਸਿੰਘ, ਨਿਰਮਲ ਕੌਰ ਕੋਟਲਾ, ਅਵਤਾਰ ਸਿੰਘ ਸਾਧਪੁਰ, ਬਲਵਿੰਦਰ ਸਿੰਘ ਸਾਧਪੁਰ, ਸਤਨਾਮ ਸਿੰਘ ਤਰਫਾਨ ਆਦਿ ਹਾਜ਼ਰ ਸਨ।

# ਨਕਲੀ ਦੁੱਧ, ਦਹੀਂ, ਪਨੀਰ ਦਾ ਕਾਰੋਬਾਰ ਜ਼ੋਰਾਂ 'ਤੇ



**ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)**- ਪੰਜਾਬ 'ਚ ਸਿਹਤ ਵਿਭਾਗ ਦੀ ਸ਼ਹਿ 'ਤੇ ਨਕਲੀ ਦੁੱਧ, ਦਹੀਂ, ਪਨੀਰ, ਦੇਸੀ ਘਿਉ ਤੇ ਮਿਠਾਈਆਂ ਬਣਾਉਣ ਵਾਲਿਆਂ ਦਾ ਜ਼ਹਿਰੀਲੇ ਕਾਰੋਬਾਰ ਦਾ ਜਖੀਰਾ ਵੱਡੇ ਪੱਧਰ 'ਤੇ ਪਿੰਡਾਂ ਤੇ ਸ਼ਹਿਰਾਂ 'ਚ 80 ਫੀਸਦੀ ਸਰੇਆਮ ਚਲ ਰਿਹਾ ਹੈ। ਨਕਲੀ ਦੁੱਧ ਤੋਂ ਬਣੀਆਂ ਹੋਈਆਂ ਵੱਖ ਵੱਖ ਜ਼ਹਿਰੀਲੀਆਂ ਚੀਜ਼ਾਂ ਦੀ ਸਿਹਤ ਵਿਭਾਗ ਨੇ ਕਦੀ ਵੱਡੇ ਪੱਧਰ 'ਤੇ ਚੈਕਿੰਗ ਨਹੀਂ ਕੀਤੀ ਨਾ ਹੀ ਦੋਸ਼ੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ। ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਰਧਾਨ ਰਣਜੀਤ ਸਿੰਘ ਭੋਮਾਂ ਦੀ ਅਗਵਾਈ ਵਿੱਚ ਬਾਬਾ ਰਿੰਕੂ ਬਟਾਲਾ ਦੇ ਗ੍ਰਹਿ ਵਿਖੇ ਮੀਟਿੰਗ ਹੋਈ। ਮੀਟਿੰਗ ਵਿੱਚ 'ਚ ਪ੍ਰਧਾਨ ਰਣਜੀਤ ਸਿੰਘ ਭੋਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਜ ਵਿਚ ਓਨਾ ਪਸ਼ੂ ਮਾਲ ਡੰਗਰ ਗਾਵਾਂ ਨਹੀ ਹਨ ਜਿੰਨਾ ਦੁੱਧ ਲਗਭਗ 70 ਫੀਸਦੀ ਦੁਕਾਨਾਂ ਵਾਲੇ ਕੈਮੀਕਲ ਖਾਦਾਂ ਤੇ ਜ਼ਹਿਰੀਲੀਆਂ ਚੀਜ਼ਾਂ ਨਾਲ ਤਿਆਰ ਕਰਕੇ ਸਰੇਆਮ ਨਕਲੀ ਦੁੱਧ ਦਹੀਂ ਪਨੀਰ ਆਦਿ ਮਿਠਾਈਆਂ ਦੇਸੀ ਘਿਉ ਬਿਨਾਂ ਡਰ ਤੋਂ ਵੇਚ ਰਹੇ ਹਨ ਹਨ। ਇਹੀ ਨਕਲੀ ਉਤਪਾਦ ਲੱਖਾਂ ਲੋਕਾਂ ਦੀ ਸਿਹਤ ਲਈ ਘਾਤਕ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ, ਸਿਹਤ ਵਿਭਾਗ ਵੱਲੋਂ ਦੁੱਧ ਦੀਆਂ ਡੇਅਰੀਆਂ, ਮਿਠਾਈਆਂ ਦੀਆਂ ਦੁਕਾਨਾਂ ਤੇ ਬਾਜ਼ਾਰ ਵਿਚ ਦੁੱਧ ਤੋਂ ਬਣੀਆਂ ਵਸਤੂਆਂ ਦੀ ਕਦੀ ਵੀ ਉਚਿਤ ਚੈਕਿੰਗ ਨਹੀਂ ਕੀਤੀ ਗਈ। ਜੇ ਕਿਤੇ ਇੱਕ-ਅੱਧੀ ਦੁਕਾਨ ਉੱਤੇ ਚੈਕਿੰਗ ਹੋਈ ਵੀ ਹੈ ਤਾਂ ਉਸ ਉੱਤੇ ਕੋਈ ਢੁੱਕਵੀਂ ਜਾਂ ਸਖ਼ਤ ਕਾਰਵਾਈ ਨਹੀਂ ਹੋਈ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਜ਼ਹਿਰੀਲੇ ਉਤਪਾਦਾਂ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ ਤੇ ਇਨ੍ਹਾਂ ਖਿਲਾਫ਼ ਇੱਕਜੁੱਟ ਮੋਰਚਾ ਖੋਲ੍ਹਣ। ਪ੍ਰਧਾਨ ਰਣਜੀਤ ਸਿੰਘ ਭੋਮਾ ਨਾਲ ਬਾਬਾ ਰਿਕੂ ਬਟਾਲਾ, ਗੋਲੂ ਬਟਾਲਾ, ਦਲਜੀਤ ਸਿੰਘ ਬਟਾਲਾ, ਮਨਜੀਤ ਸਿੰਘ ਬਟਾਲਾ, ਮਨੀਸ਼ ਸ਼ਰਮਾ ਬਟਾਲਾ ਵੱਡੀ ਗਿਣਤੀ ਸਮਾਜ ਸੇਵੀ ਹਾਜ਼ਰ ਹੋਏ।

# ਸ਼ੈਰੀ ਕਲਸੀ ਦੀ ਅਗਵਾਈ ਹੇਠ ਵਾਰਡ 4 'ਚ ਵਿਕਾਸ ਕਾਰਜ ਜਾਰੀ

**ਬਟਾਲਾ (ਤਰਲੋਕ ਬੱਗਾ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਕਾਇਆ ਕਲਪ ਕੀਤੀ ਜਾ ਰਹੀ ਹੈ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੁਸ਼ਕਲਾਂ ਹੱਲ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਕਰਦਿਆਂ ਮਨਜੀਤ ਸਿੰਘ ਬੁਮਰਾਹ ਨੇ ਦੱਸਿਆ ਕਿ ਦੇਸਰਾਜ ਵਾਲੀ ਗਲੀ ਵਾਰਡ ਨੰਬਰ 4 ਵਿੱਚ ਚੱਲ ਵਿਕਾਸ ਕੰਮ ਚੱਲ ਰਿਹਾ ਹੈ ਅਤੇ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਵਿੱਚ ਜਿਥੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਉਸ ਦੇ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬਟਾਲਾ ਸ਼ਹਿਰ ਵਾਸੀਆਂ ਨੂੰ ਟਰੈਫਿਕ ਦੀ ਸਮੱਸਿਆ ਤੋਂ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਟਰੈਫਿਕ ਲਾਈਟਾਂ ਲਗਾਈਆਂ ਗਈਆਂ ਹਨ। ਸ਼ਹਿਰ ਵਿੱਚ ਖ਼ੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਸ਼ਹਿਰ ਵਿੱਚ ਸੀ.ਸੀ.ਟੀ.ਵੀ ਕੈਮਰੇ ਲਗਾਏ ਜਾ ਰਹੇ ਹਨ। ਮੁਹੱਲਾ ਕਲੀਨਿਕਾਂ ਰਾਹੀ ਮਰੀਜ਼ ਦਾ ਮੁਫ਼ਤ ਇਲਾਜ ਚੱਲ ਰਿਹਾ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਮਿਲ ਰਹੀਆਂ ਹਨ।



# ਸਰਪੰਚ ਕੇਵਲ ਕ੍ਰਿਸ਼ਨ ਨਈਅਰ ਚੋਹਲਾ ਵੱਲੋਂ ਸਕੂਲ ਨੂੰ ਏ ਸੀ ਭੇਟ



**ਚੋਹਲਾ ਸਾਹਿਬ ( ਰਮਨ ਚੱਢਾ)**- ਦੇਸ਼ ਭਗਤ ਸੁੱਚਾ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਚੋਹਲਾ ਸਾਹਿਬ ਵਿਖੇ ਸਰਪੰਚ ਕੇਵਲ ਕ੍ਰਿਸ਼ਨ ਨਈਅਰ ਚੋਹਲਾ ਸਾਹਿਬ ਵੱਲੋਂ ਸਕੂਲ ਨੂੰ ਨਵਾਂ ਏ ਸੀ ਭੇਟ ਕੀਤਾ। ਇਸ ਮੌਕੇ ਹਾਜ਼ਰ ਸਕੂਲ ਮੈਨੇਜਮੈਂਟ ਸੀ ਐਚ ਟੀ ਅਮਰਜੀਤ ਸਿੰਘ, ਕੁਲਦੀਪ ਸਿੰਘ, ਨਵਜੋਤ ਕੌਰ, ਜਗਜੀਤ ਕੌਰ, ਪੂਜਾ ਰਾਣੀ, ਸੁਖਰਾਜ ਕੌਰ ਅਤੇ ਇਲਾਕੇ ਦੇ ਮੋਹਤਬਰ ਸਰਪੰਚ ਕੇਵਲ ਚੋਹਲਾ, ਪ੍ਰਦੀਪ ਕੁਮਾਰ ਢਿੱਲੋਂ, ਪੰਚਾਇਤ ਮੈਂਬਰ ਗੁਰਲਾਲ ਸਿੰਘ, ਪੰਚਾਇਤ ਮੈਂਬਰ ਰਾਜ ਕੁਮਾਰ, ਪੰਚਾਇਤ ਮੈਂਬਰ ਜਗਦੀਸ਼ ਸਿੰਘ ਜੀਣਾ, ਪੰਚਾਇਤ ਮੈਂਬਰ ਰਕੇਸ਼ ਨਈਅਰ, ਯੂਥ ਪ੍ਰਧਾਨ ਸੁਖਦਿਆਲ ਸਿੰਘ, ਪੰਚਾਇਤ ਮੈਂਬਰ ਪਲਵਿੰਦਰ ਸਿੰਘ, ਮੈਂਬਰ ਪੰਚਾਇਤ ਹਰਿੰਦਰ ਸਿੰਘ, ਸਕੂਲ ਦੇ ਚੇਅਰਮੈਨ ਅੰਗਰੇਜ਼ ਸਿੰਘ, ਪ੍ਰਧਾਨ ਪ੍ਰੇਮ ਸਿੰਘ, ਸਰਬਜੀਤ ਸਿੰਘ, ਗੁਰਮੀਤ ਕੁਮਾਰ, ਸੁਖਬੀਰ ਸਿੰਘ ਪੰਨੂ, ਡਾਕਟਰ ਨਿਰਭੈ ਸਿੰਘ, ਮਾਸਟਰ ਅਰਵਿੰਦਰ ਸਿੰਘ, ਕਵਲਜੀਤ ਸਿੰਘ, ਹਰਪਾਲ ਸਿੰਘ, ਜਸਵੰਤ ਸਿੰਘ, ਕਵਲ ਬਿੱਲਾ, ਨੰਬਰਦਾਰ ਲਖਬੀਰ ਸਿੰਘ, ਪ੍ਰਧਾਨ ਬਲਵਿੰਦਰ ਸਿੰਘ ਰਣਜੀਤ ਸਿੰਘ ਰਾਣਾ, ਠੇਕੇਦਾਰ ਗੁਰਪ੍ਰੀਤ ਸਿੰਘ ਸਾਹਿਬਪ੍ਰੀਤ ਸਿੰਘ, ਸਾਜਨਪ੍ਰੀਤ ਸਿੰਘ, ਹਰਿੰਦਰ ਸਿੰਘ ਮੈਂਬਰ, ਡਾਕਟਰ ਇੰਦਰਜੀਤ ਸਿੰਘ, ਮੈਂਬਰ ਬਲਦੇਵ ਸਿੰਘ ਬੈਨੀ, ਬਾਲਾ ਸ਼ਾਹ, ਡਾਕਟਰ ਕਵਲਜੀਤ ਸਿੰਘ, ਗੁਰਮੀਤ ਕੁਮਾਰ ਕਾਕਾ ਸ਼ਾਹ, ਹਰਿੰਦਰ ਸਿੰਘ ਯੂਥ ਪ੍ਰਧਾਨ, ਜਗਰੂਪ ਸਿੰਘ ਯੂਥ ਪ੍ਰਧਾਨ, ਸਰਵਣ ਸਿੰਘ ਫੌਜੀ, ਬਿਕਰਮਜੀਤ ਸਿੰਘ ਵਿੱਕੀ ਆਦਿ ਹਾਜ਼ਰ ਸਨ।

# ਵਿਦਿਆਰਥਣਾਂ ਨੇ ਰੀਚੈਕਿੰਗ ਦੌਰਾਨ ਮੈਰਿਟ ਹਾਸਲ ਕੀਤੀ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦਸਵੀਂ ਦੇ ਨਤੀਜੇ ਦੀ ਰੀਚੈਕਿੰਗ ਕਰਵਾਈ ਜਿਸ ਦੇ ਨਤੀਜੇ ਵਿੱਚ ਅਮਾਨਤਪ੍ਰੀਤ ਕੌਰ ਦੇ 7 ਅੰਕਾਂ ਦਾ ਵਾਧਾ ਅਤੇ ਹਰਲੀਨ ਕੌਰ ਦੇ 2 ਅੰਕਾਂ ਦਾ ਵਾਧਾ ਹੋਇਆ ਹੈ। ਨਵੇਂ ਨਤੀਜੇ ਅਨੁਸਾਰ ਅਮਾਨਤਪ੍ਰੀਤ ਕੌਰ ਨੇ 627 ਅੰਕ ਅਤੇ ਹਰਲੀਨ ਕੌਰ ਨੇ 623 ਅੰਕ ਪ੍ਰਾਪਤ ਕਰਕੇ ਮੈਰਟ ਹਾਸਲ ਕੀਤੀ ਹੈ। ਇਸ ਮੌਕੇ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗਮਟਾਲਾ ਅਤੇ ਪ੍ਰਿੰਸੀਪਲ ਬਲਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਬਹੁਤ ਸਾਰੇ ਬੱਚੇ ਪਹਿਲਾਂ ਹੀ ਮਿਹਨਤ ਸਦਕਾ ਮੈਰਿਟਾਂ ਹਾਸਲ ਕਰ ਚੁੱਕੇ ਹਨ ਅਤੇ ਇਹਨਾਂ ਦੋ ਬੱਚੀਆਂ ਨੂੰ ਆਸ ਸੀ ਕਿ ਉਹਨਾਂ ਦੇ ਨੰਬਰ ਵੱਧ ਆਏ ਹਨ। ਇਸ ਲਈ ਇਹਨਾਂ ਨੇ ਦੁਬਾਰਾ ਰੀਚੈਕਿੰਗ ਕਰਵਾਈ ਜਿਸ ਦੌਰਾਨ ਇਹਨਾਂ ਦੇ ਅੰਕਾਂ ਵਿੱਚ ਵਾਧਾ ਹੋਇਆ ਹੈ ਤੇ ਮੈਰਿਟ ਵਿੱਚ ਆਏ ਹਨ ।



# ਜੋਸ਼ੀ ਵੱਲੋਂ ਪ੍ਰਿਯੰਕ ਕਾਨੂੰਨਗੋ ਨਾਲ ਨੌਜਵਾਨਾਂ ਦੇ ਮੁੱਦਿਆਂ 'ਤੇ ਚਰਚਾ



**ਚੋਹਲਾ ਸਾਹਿਬ ( ਰਮਨ ਚੱਢਾ )**- ਪੰਜਾਬ ਦੇ ਨੌਜਵਾਨਾਂ ਨਾਲ ਸਬੰਧਤ ਵੱਖ-ਵੱਖ ਅਹਿਮ ਮੁੱਦਿਆਂ ਨੂੰ ਲੈ ਕੇ ਭਾਰਤੀ ਜਨਤਾ ਯੁਵਾ ਮੋਰਚਾ, ਪੰਜਾਬ ਦੇ ਸਕੱਤਰ ਤਰੁਣ ਜੋਸ਼ੀ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਮਾਣਯੋਗ ਮੈਂਬਰ ਪ੍ਰਿਯੰਕ ਕਾਨੂੰਨਗੋ ਨਾਲ ਮੁਲਾਕਾਤ ਕੀਤੀ। ਇਸ ਮੌਕੇ ਯੂਥ ਸਾਥੀਆਂ ਸਮੇਤ ਹੋਈ ਮੁਲਾਕਾਤ ਦੌਰਾਨ ਨੌਜਵਾਨਾਂ ਦੀ ਭਾਗੀਦਾਰੀ, ਸਮਾਜਿਕ ਜ਼ਿੰਮੇਵਾਰੀਆਂ ਅਤੇ ਲੋਕ-ਹਿਤ ਨਾਲ ਜੁੜੇ ਕਈ ਵਿਸ਼ਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਤਰੁਣ ਜੋਸ਼ੀ ਨੇ ਪੰਜਾਬ ਦੇ ਨੌਜਵਾਨਾਂ ਦੀਆਂ ਉਮੀਦਾਂ, ਚੁਣੌਤੀਆਂ ਅਤੇ ਸਮਾਜ ਪ੍ਰਤੀ ਉਨ੍ਹਾਂ ਦੀ ਭੂਮਿਕਾ ਨਾਲ ਜੁੜੇ ਮੁੱਦੇ ਵੀ ਸਾਂਝੇ ਕੀਤੇ। ਇਸ ਦੌਰਾਨ ਨੌਜਵਾਨਾਂ ਨੂੰ ਲੋਕ-ਹਿਤ ਦੇ ਕੰਮਾਂ ਨਾਲ ਜੋੜਨ, ਸਮਾਜਿਕ ਜਾਗਰੂਕਤਾ ਵਧਾਉਣ ਅਤੇ ਉਨ੍ਹਾਂ ਦੀ ਰਚਨਾਤਮਕ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵੀ ਵਿਚਾਰ ਸਾਂਝੇ ਕੀਤੇ ਗਏ।

# ਭਾਰਤੀ ਪ੍ਰਬੰਧ ਸੰਸਥਾਨ ਨੇ ਮਨਾਇਆ 12ਵਾਂ ਸਥਾਪਨਾ ਦਿਵਸ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਭਾਰਤੀ ਪ੍ਰਬੰਧ ਸੰਸਥਾਨ ਅੰਮ੍ਰਿਤਸਰ ਨੇ ਆਪਣਾ 12ਵਾਂ ਸਥਾਪਨਾ ਦਿਵਸ ਖੁਸ਼ੀ, ਮਾਣ ਅਤੇ ਆਪਣੇਪਣ ਦੇ ਮਾਹੌਲ ਵਿੱਚ ਮਨਾਇਆ। ਇਸ ਸਮਾਰੋਹ ਵਿੱਚ ਫੈਕਲਟੀ ਮੈਂਬਰਾਂ, ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਸਵਾਗਤੀ ਸੰਬੋਧਨ ਨਾਲ ਹੋਈ। ਇਸ ਤੋਂ ਬਾਅਦ ਭਾਰਤੀ ਪ੍ਰਬੰਧ ਸੰਸਥਾਨ ਅੰਮ੍ਰਿਤਸਰ ਦੇ ਡਾਇਰੈਕਟਰ ਪ੍ਰੋ. ਸਮੀਰ ਕੁਮਾਰ ਸ੍ਰੀਵਾਸਤਵ ਅਤੇ ਹੋਰ ਮਾਣਯੋਗ ਮਹਿਮਾਨਾਂ ਵੱਲੋਂ ਰਵਾਇਤੀ ਦੀਪ ਜਗਾ ਕੇ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਭਾਰਤੀ ਪ੍ਰਬੰਧ ਸੰਸਥਾਨ ਅੰਮ੍ਰਿਤਸਰ ਦੀ ਵਿਕਾਸ ਯਾਤਰਾ, ਸੰਸਥਾਨ ਦੀਆਂ ਉਪਲਬਧੀਆਂ, ਭਵਿੱਖ ਦੀ ਦਿਸ਼ਾ ਅਤੇ ਸੰਸਥਾਨ ਦੇ ਵਿਕਾਸ ਵਿੱਚ ਫੈਕਲਟੀ, ਕਰਮਚਾਰੀਆਂ, ਵਿਦਿਆਰਥੀਆਂ ਅਤੇ ਹੋਰ ਹਿੱਸੇਦਾਰਾਂ ਦੇ ਸਾਂਝੇ ਯੋਗਦਾਨ ਉੱਤੇ ਚਾਨਣਾ ਪਾਇਆ। ਇਸ ਤੋਂ ਬਾਅਦ ਬਾਰ੍ਹਾਂ ਸਾਲਾਂ ਦੀ ਯਾਤਰਾ ਵਿਸ਼ੇ 'ਤੇ ਆਧਾਰਿਤ ਇੱਕ ਵਿਸ਼ੇਸ਼ ਵੀਡੀਓ ਪੇਸ਼ ਕੀਤੀ ਗਈ, ਜਿਸ ਵਿੱਚ ਸਾਲ 2025-26 ਦੌਰਾਨ ਸੰਸਥਾਨ ਦੀਆਂ ਮੁੱਖ ਉਪਲਬਧੀਆਂ, ਅਕਾਦਮਿਕ ਤਰੱਕੀ, ਖੋਜ ਕਾਰਜ, ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਵੱਖ-ਵੱਖ ਗਤੀਵਿਧੀਆਂ ਦੀ ਝਲਕ ਪੇਸ਼ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਰੰਗ-ਬਿਰੰਗੇ ਸੱਭਿਆਚਾਰਕ ਪ੍ਰੋਗਰਾਮ ਸਮਾਰੋਹ ਦਾ ਵਿਸ਼ੇਸ਼ ਆਕਰਸ਼ਣ ਰਹੇ। ਨਾਚ, ਸਮੂਹ ਨਾਚ, ਸਮੂਹ ਗਾਇਨ, ਕਵਿਤਾ ਪਾਠ, ਨਾਟਕ ਪੇਸ਼ਕਾਰੀ ਅਤੇ ਸਟੈਂਡ-ਅਪ ਕਾਮੇਡੀ ਵਰਗੀਆਂ ਪੇਸ਼ਕਾਰੀਆਂ ਨੇ ਮੌਜੂਦ ਸਾਰੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸਮਾਰੋਹ ਦੇ ਅੰਤ ਵਿੱਚ ਪ੍ਰਸ਼ਾਸਨ ਦੇ ਡੀਨ ਡਾ. ਅਰੁਣ ਕੌਸ਼ਿਕ ਨੇ ਧੰਨਵਾਦ ਭਾਸ਼ਣ ਪੇਸ਼ ਕਰਦਿਆਂ ਸਥਾਪਨਾ ਦਿਵਸ ਸਮਾਰੋਹ ਦੇ ਸਫਲ ਆਯੋਜਨ ਵਿੱਚ ਸਿੱਧੇ ਅਤੇ ਅਪਰੋਕਸ਼ ਤੌਰ 'ਤੇ ਸਹਿਯੋਗ ਦੇਣ ਵਾਲੇ ਸਾਰੇ ਫੈਕਲਟੀ ਮੈਂਬਰਾਂ, ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।



# ਮਿਸ਼ਨ ਆਰੰਭ ਅਧਿਐਨ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ

**ਪਠਾਨਕੋਟ (ਦਵਿੰਦਰ ਸਿੰਘ)**- ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ), ਪਠਾਨਕੋਟ ਵੱਲੋਂ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਮਹੱਤਵਪੂਰਨ ਪਹਿਲ ਮਿਸ਼ਨ ਆਰੰਭ ਦੇ ਪ੍ਰਭਾਵ ਦਾ ਵਿਗਿਆਨਕ ਅਧਿਐਨ ਕਰਨ ਲਈ ਇੱਕ ਦਿਵਸੀ ਖੋਜ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਡਾਇਟ ਪਠਾਨਕੋਟ ਵਿਖੇ ਸਵੇਰੇ 10 ਵਜੇ ਸ਼ੁਰੂ ਹੋਏ ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਤੋਂ ਚੁਣੇ ਗਏ ਅਧਿਆਪਕਾਂ, ਖੋਜ ਕਾਰਜ ਨਾਲ ਜੁੜੇ ਭਾਗੀਦਾਰਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਮਿਸ਼ਨ ਆਰੰਭ ਨਾਲ ਸੰਬੰਧਤ ਅਧਿਐਨ ਨੂੰ ਵਿਗਿਆਨਕ, ਪਾਰਦਰਸ਼ੀ ਅਤੇ ਭਰੋਸੇਯੋਗ ਢੰਗ ਨਾਲ ਸੰਪੰਨ ਕਰਵਾਉਣ ਲਈ ਅਧਿਆਪਕਾਂ ਨੂੰ ਖੋਜ ਦੀਆਂ ਮੂਲ ਅਤੇ ਵਿਹਾਰਕ ਵਿਧੀਆਂ ਬਾਰੇ ਜਾਣੂ ਕਰਵਾਉਣਾ ਸੀ। ਸਿਖਲਾਈ ਸੈਸ਼ਨਾਂ ਦੌਰਾਨ ਮਾਹਿਰ ਸਰੋਤ ਵਿਅਕਤੀਆਂ ਨੇ ਭਾਗੀਦਾਰਾਂ ਨੂੰ ਖੋਜ ਕਾਰਜ ਦੇ ਹਰੇਕ ਮਹੱਤਵਪੂਰਨ ਪੱਖ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸੈਂਪਲਿੰਗ ਦੀ ਪ੍ਰਕਿਰਿਆ, ਰਿਸਰਚ ਐਥਿਕਸ, ਡਾਟਾ ਇਕੱਤਰ ਕਰਨ ਦੀ ਵਿਧੀ, ਪ੍ਰਸ਼ਨਾਵਲੀ ਦੀ ਪ੍ਰਭਾਵਸ਼ਾਲੀ ਵਰਤੋਂ, ਫੀਲਡ ਸਰਵੇ ਦੀ ਯੋਜਨਾ, ਸਹੀ ਰਿਕਾਰਡਿੰਗ ਅਤੇ ਡਾਟਾ ਦੀ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਲਈ ਅਪਣਾਏ ਜਾਣ ਵਾਲੇ ਮਾਪਦੰਡਾਂ ਬਾਰੇ ਚਰਚਾ ਕੀਤੀ। ਸਿਖਲਾਈ ਦੌਰਾਨ ਭਾਗੀਦਾਰਾਂ ਨਾਲ ਸੰਵਾਦਾਤਮਕ ਸੈਸ਼ਨ ਵੀ ਕਰਵਾਇਆ ਗਿਆ, ਜਿਸ ਵਿੱਚ ਅਧਿਆਪਕਾਂ ਨੇ ਖੋਜ ਨਾਲ ਸੰਬੰਧਿਤ ਵੱਖ-ਵੱਖ ਸਵਾਲ ਪੁੱਛੇ। ਮਾਹਿਰਾਂ ਨੇ ਉਨ੍ਹਾਂ ਦੇ ਹਰੇਕ ਸਵਾਲ ਦਾ ਜਵਾਬ ਦਿੰਦਿਆਂ ਫੀਲਡ ਸਰਵੇ, ਡਾਟਾ ਇਕੱਤਰ ਕਰਨ, ਪ੍ਰਸ਼ਨਾਵਲੀ ਭਰਨ, ਨਮੂਨਾ ਚੋਣ ਅਤੇ ਜਾਣਕਾਰੀ ਦੀ ਪ੍ਰਮਾਣਿਕਤਾ ਨਾਲ ਜੁੜੀਆਂ ਵਿਹਾਰਕ ਸਮੱਸਿਆਵਾਂ ਦਾ ਹੱਲ ਵੀ ਦੱਸਿਆ। ਇਸ ਮੌਕੇ ਡਾਇਟ ਪਠਾਨਕੋਟ ਦੇ ਪ੍ਰਿੰਸੀਪਲ ਹਰਿੰਦਰ ਸੈਣੀ ਦੀ ਅਗਵਾਈ ਹੇਠ ਸਮੁੱਚੇ ਪ੍ਰੋਗਰਾਮ ਦਾ ਸਫਲ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਡੀ. ਜੀ. ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਭਾਗੀਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਂਦੇ ਹੋਏ ਖੋਜ ਕਾਰਜ ਨੂੰ ਪੂਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਸੰਪੰਨ ਕਰਨ ਤਾਂ ਜੋ ਪ੍ਰਾਪਤ ਹੋਣ ਵਾਲੇ ਨਤੀਜੇ ਵਿਗਿਆਨਕ ਤੌਰ 'ਤੇ ਸਹੀ ਅਤੇ ਭਰੋਸੇਯੋਗ ਹੋਣ। ਪ੍ਰਿੰਸੀਪਲ ਹਰਿੰਦਰ ਸੈਣੀ ਨੇ ਅੰਤ ਵਿੱਚ ਡਾਇਟ ਪਠਾਨਕੋਟ ਦੇ ਅਧਿਕਾਰੀਆਂ ਅਤੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਰੋਸਾ ਪ੍ਰਗਟਾਇਆ ਕਿ ਮਿਸ਼ਨ ਆਰੰਭ ਅਧਿਐਨ ਤੋਂ ਪ੍ਰਾਪਤ ਨਤੀਜੇ ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ ਨੂੰ ਹੋਰ ਉੱਚਾ ਚੁੱਕਣ, ਵਿਦਿਆਰਥੀਆਂ ਦੀ ਸਿੱਖਣ ਸਮਰੱਥਾ ਵਿੱਚ ਸੁਧਾਰ ਲਿਆਉਣ ਅਤੇ ਭਵਿੱਖ ਦੀਆਂ ਸਿੱਖਿਆ ਨੀਤੀਆਂ ਨੂੰ ਹੋਰ ਨਤੀਜਾ-ਕੇਂਦਰਿਤ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।ਇਸ ਮੌਕੇ ਰਾਜੇਸ਼, ਵਿਸ਼ਾਲ ਵੰਦਨਾ, ਵਿਨੈ, ਵਿਕਰਮ, ਬਲਕਾਰ ਅੱਤਰੀ ਸਮੇਤ ਹੋਰ ਅਧਿਆਪਕਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ।

**ਅਧਿਆਪਕਾਂ ਨੂੰ ਖੋਜ ਵਿਧੀਆਂ ਬਾਰੇ ਦਿੱਤੀ ਵਿਸਥਾਰਪੂਰਵਕ ਸਿਖਲਾਈ**



# ਮਾਤਾ ਸਾਹਿਬ ਕੌਰ ਮਾਡਰਨ ਸਕੂਲ ਦੀਆਂ ਵਿਦਿਆਰਥਣਾਂ ਦਾ ਖੋ-ਖੋ 'ਚ ਸ਼ਾਨਦਾਰ ਪ੍ਰਦਰਸ਼ਨ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੀ ਅੰਡਰ-19 ਲੜਕੀਆਂ ਦੀ ਖੋ-ਖੋ ਟੀਮ ਨੇ ਜ਼ੋਨ ਪੱਧਰੀ ਖੋ-ਖੋ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਪ੍ਰਾਪਤ ਕੀਤਾ।ਟੀਮ ਦੀਆਂ ਖਿਡਾਰਨਾਂ ਵਿੱਚ ਅਨਮੋਲਦੀਪ ਕੌਰ, ਅੰਜਲੀ, ਪਵਨਦੀਪ ਕੌਰ, ਪਰਨੀਤ ਕੌਰ, ਕੋਮਲਪ੍ਰੀਤ ਕੌਰ, ਗੁਰਲੀਨ ਕੌਰ, ਗੁਰਨਾਜ਼ ਕੌਰ, ਗੁਨਵਖਸ਼ਪ੍ਰੀਤ ਕੌਰ, ਗੁਰਮਨਜੋਤ ਕੌਰ, ਸਹਿਜਜੋਤ ਕੌਰ, ਜੰਨਤਪ੍ਰੀਤ ਕੌਰ, ਤਨਵੀਰ ਕੌਰ ਸ਼ਾਮਲ ਸਨ। ਇਨ੍ਹਾਂ ਵਿਦਿਆਰਥਣਾਂ ਨੇ ਆਪਣੀ ਮਿਹਨਤ, ਲਗਨ ਅਤੇ ਟੀਮ ਭਾਵਨਾ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਉਪਲਬਧੀ ਕੋਚ ਤਜਿੰਦਰ ਕੌਰ ਦੀ ਯੋਗ ਅਗਵਾਈ ਅਤੇ ਸਿਖਲਾਈ ਸਦਕਾ ਸੰਭਵ ਹੋਈ।



ਸਕੂਲ ਦੇ ਪ੍ਰਿੰਸੀਪਲ ਨਵਜੋਤੀ, ਪ੍ਰੈਜ਼ੀਡੈਂਟ ਸੁਖਵਿੰਦਰ ਕੌਰ, ਡਾਇਰੈਕਟਰ ਤਜਿੰਦਰ ਸਿੰਘ, ਸੈਕਟਰੀ ਬਨਵੀਰ ਸਿੰਘ, ਮੈਨੇਜਮੈਂਟ ਮੈਂਬਰ ਸੰਗੀਤ ਕੌਰ ਅਤੇ ਸਮੂਹ ਸਟਾਫ਼ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ।

# ਮਿਲਾਵਟੀ ਦੁੱਧ, ਦਹੀਂ ਤੇ ਪਨੀਰ ਵੇਚਣ ਵਾਲੇ ਦੁਕਾਨਦਾਰਾਂ 'ਤੇ ਸ਼ਿਕੰਜਾ ਕੱਸਣ ਦੀ ਮੰਗ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਮਕਸਦ ਨਾਲ ਹਰਿਆਣਾ ਦੇ ਪਾਣੀਪਤ ਤੋਂ ਪੈਦਲ ਯਾਤਰਾ ਸ਼ੁਰੂ ਕਰਕੇ ਖਾਲੜਾ ਵੱਲ ਜਾ ਰਹੇ ਸੁਨੀਲ ਰਠੌਰ ਝਬਾਲ ਵਿਖੇ ਪੁੱਜੇ।ਝਬਾਲ ਪੁੱਜਣ 'ਤੇ ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਅਤੇ ਹੋਰਨਾਂ ਪਤਵੰਤਿਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਸੁਨੀਲ ਰਠੌਰ ਨੇ ਕਿਹਾ ਕਿ ਉਹ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫਿਲਮ ਸਤਲੁਜ ਵੇਖ ਕੇ ਪ੍ਰਭਾਵਿਤ ਹੋਏ ਹਨ।ਉਨ੍ਹਾਂ ਨੇ ਕਿਹਾ ਕਿ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਮਨੁੱਖਤਾ ਦੀ ਸੇਵਾ ਲਈ ਆਪਣੀ ਜਾਨ ਕੁਰਬਾਨ ਕੀਤੀ।ਉਨ੍ਹਾਂ ਦੇ ਸੰਘਰਸ਼ ਅਤੇ ਕੁਰਬਾਨੀ ਨੂੰ ਦੁਨੀਆ ਭਰ ਵਿੱਚ ਯਾਦ ਰੱਖਿਆ ਜਾਵੇਗਾ।ਇਸੇ ਸ਼ਰਧਾ ਭਾਵਨਾ ਤਹਿਤ ਉਹ ਪਾਣੀਪਤ ਤੋਂ ਖਾਲੜਾ ਤੱਕ ਇਹ ਪੈਦਲ ਯਾਤਰਾ ਕਰ ਰਹੇ।ਖਾਲੜਾ ਮਿਸ਼ਨ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਝਬਾਲ ਨੇ ਕਿਹਾ ਕਿ ਸੁਨੀਲ ਰਠੌਰ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।ਇਸ ਨਾਲ ਨੌਜਵਾਨ ਪੀੜ੍ਹੀ ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਫਲਸਫੇ ਤੋਂ ਜਾਣੂ ਹੋਣ ਦਾ ਮੌਕਾ ਮਿਲੇਗਾ।ਇਸ ਮੌਕੇ ਇੰਦਰਜੀਤ ਸਿੰਘ ਲਾਲੀ, ਗੁਰਪਿੰਦਰ ਸਿੰਘ ਨਾਥੂ, ਮਨਜਿੰਦਰ ਸਿੰਘ ਭੋਜੀਆਂ ਅਤੇ ਮੁਹੱਬਤ ਸਿੰਘ ਮੰਨੂੰ ਆਦਿ ਹਾਜ਼ਰ ਸਨ।



# ਪ੍ਰਭਜੋਤ ਸਿੰਘ ਨੇ ਹਾਸਲ ਕੀਤੀ 24 ਹਜ਼ਾਰ ਦੀ ਸਕਾਲਰਸ਼ਿਪ

**ਬਿਆਸ (ਪਰਮਜੀਤ ਸਿੰਘ ਰੱਖੜਾ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਉਪਕੁਲਪਤੀ ਪ੍ਰੋਫ਼ੈਸਰ (ਡਾ.) ਕਰਮਜੀਤ ਸਿੰਘ ਅਤੇ ਡੀਨ ਵਿਕਾਸ ਕੌਂਸਲ, ਪ੍ਰੋਫ਼ੈਸਰ (ਡਾ.) ਸਰੋਜ ਅਰੋੜਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਯੋਗ ਅਗਵਾਈ ਅਤੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬੀ ਏ ਦੂਜੇ ਸਮੈਸਟਰ ਦੇ ਵਿਦਿਆਰਥੀ ਪ੍ਰਭਜੋਤ ਸਿੰਘ ਬੱਲ ਵੱਲੋਂ 24000 ਦੀ ਸਕਾਲਰਸ਼ਿਪ ਪ੍ਰਾਪਤ ਕੀਤੀ ਗਈ ਹੈ। ਇਹ ਸਕਾਲਰਸ਼ਿਪ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ, ਸਿੱਖ ਐਜੂਕੇਸ਼ਨ ਸੋਸਾਇਟੀ ਅਤੇ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨਸ ਯੂ ਐੱਸ ਏ ਦੇ ਸਹਿਯੋਗ ਨਾਲ ਪ੍ਰਾਪਤ ਕੀਤੀ ਗਈ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਯੂ ਐੱਸ ਏ ਦੀ ਐਗਜ਼ੀਕਿਊਟਿਵ ਡਾਇਰੈਕਟਰ ਅਤੇ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਦੇ ਮੈਂਬਰ ਸ. ਗੁਰਮੀਤ ਸਿੰਘ ਬਰਾੜ ਅਤੇ ਪ੍ਰੋਗਰਾਮ ਕੋਆਰਡੀਨੇਟਰ ਮੈਡਮ ਪ੍ਰਭਲੀਨ ਕੌਰ ਵੱਲੋਂ ਇਸ ਸਕਾਲਰਸ਼ਿਪ ਦੇ ਸਮੁੱਚੇ ਪ੍ਰਬੰਧ ਨੂੰ ਚਲਾਉਣ 'ਚ ਅਹਿਮ ਭੂਮਿਕਾ ਅਦਾ ਕੀਤੀ ਗਈ ਹੈ। ਸਾਲ 2026 ਵਿੱਚ ਪਹਿਲੀ ਵਾਰੀ ਆਨਲਾਈਨ ਫਾਰਮ ਦੇ ਆਧਾਰ 'ਤੇ 1700 ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਾਪਤ ਹੋਈ ਹੈ। ਇਸ ਸਕਾਲਰਸ਼ਿਪ ਨੂੰ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਵੱਲੋਂ ਲਿਖਤੀ ਟੈਸਟ ਦੇ ਨਾਲ-ਨਾਲ ਇੰਟਰਵਿਊ ਪਾਸ ਕਰਕੇ ਇਹ ਸਕਾਲਰਸ਼ਿਪ ਪ੍ਰਾਪਤ ਕੀਤੀ। ਇਸ ਸਕਾਲਰਸ਼ਿਪ ਲਈ 3 ਲੱਖ ਤੋਂ ਘੱਟ ਇਨਕਮ ਵਾਲੇ ਅਤੇ 60 ਫੀਸਦੀ ਤੋਂ ਵੱਧ ਨੰਬਰ ਲੈਣ ਵਾਲੇ ਵਿਦਿਆਰਥੀ ਅਪਲਾਈ ਕਰ ਸਕਦੇ ਹਨ। ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਨੇ ਪ੍ਰਭਜੋਤ ਸਿੰਘ ਬੱਲ ਵੱਲੋਂ ਪ੍ਰਾਪਤ ਕੀਤੀ ਇਸ ਸਕਾਲਰਸ਼ਿਪ ਦੇ ਆਧਾਰ 'ਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਅਤੇ ਸਿੱਖ ਹਿਊਮਨ ਡਿਵੈੱਲਪਮੈਂਟ ਫਾਊਂਡੇਸ਼ਨਸ ਯੂ ਐੱਸ ਏ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਕਾਲਰਸ਼ਿਪਸ ਦਾ ਸਮਾਜ ਸੇਵੀ ਕਾਰਜ ਸ਼ਲਾਘਾਯੋਗ ਹੈ।

ਉਨ੍ਹਾ ਸਿੱਖ ਹਿਊਮਨ ਡਿਵੈੱਲਪਮੈਂਟ ਫਾਊਂਡੇਸ਼ਨ ਯੂ ਐੱਸ ਏ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਦਾਨ ਕਰਨ ਲਈ ਸਕਾਲਰਸ਼ਿਪ ਮੁਹੱਈਆ ਕਰਾਉਣ ਦੇ ਮੰਤਵ ਨੂੰ ਸਲਾਹੁੰਦਿਆਂ ਨੌਜਵਾਨ ਪੀੜ੍ਹੀ ਲਈ ਇਕ ਵੱਡਾ ਯੋਗਦਾਨ ਮੰਨਿਆ ਹੈ। ਇਸ ਮੌਕੇ ਉਨ੍ਹਾ ਕਾਲਜ ਦੇ ਵਿਦਿਆਰਥੀ ਪ੍ਰਭਜੋਤ ਸਿੰਘ ਬੱਲ ਨੂੰ ਵਧਾਈ ਦਿੰਦਿਆਂ ਸਨਮਾਨਿਤ ਵੀ ਕੀਤਾ। ਇਸ ਮੌਕੇ ਕਾਲਜ ਸਟਾਫ ਮਨੂਬਾਲਾ ਤੇ ਹੀਰਾ ਲਾਲ ਵੀ ਮੌਜੂਦ ਸਨ।

# ਹਲਕਾ ਇੰਚਾਰਜ ਨੇ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡੇ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਸਿੱਖਿਆ ਕਿਸੇ ਵੀ ਸਮਾਜ ਦੇ ਵਿਕਾਸ ਦੀ ਨੀਂਹ ਹੁੰਦੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਇਸ ਨੀਂਹ ਨੂੰ ਮਜ਼ਬੂਤ ਕਰਨ ਲਈ ਵੱਡੇ ਅਤੇ ਇਤਿਹਾਸਕ ਕਦਮ ਚੁੱਕੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੀਨਾਨਗਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡਣ ਮੌਕੇ ਕੀਤਾ।ਸਕੂਲ ਇੰਚਾਰਜ ਗੁਰਦੀਪ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਸ ਸਿੱਖਿਆ ਕ੍ਰਾਂਤੀ ਦੀ ਬਦੌਲਤ ਹੀ ਅੱਜ ਪੰਜਾਬ ਵਿਦੇਸ਼ੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਕੇ ਉਭਰਿਆ ਹੈ, । ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਦਾ ਸਭ ਤੋਂ ਵੱਡਾ ਪ੍ਰਤੀਕ ਸਕੂਲਜ਼ ਆਫ਼ ਐਮੀਨੈਂਸ ਦੀ ਸਥਾਪਨਾ ਹੈ। ਇਨ੍ਹਾਂ ਸਕੂਲਾਂ ਵਿੱਚ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਬਿਹਤਰ ਅਤੇ ਆਧੁਨਿਕ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਲੈਬਾਂ ਅਤੇ ਖੇਡਾਂ ਦੇ ਮੈਦਾਨ ਤਿਆਰ ਕੀਤੇ ਗਏ ਹਨ, ਤਾਂ ਜੋ ਗਰੀਬ ਤੋਂ ਗਰੀਬ ਪਰਵਾਰ ਦਾ ਬੱਚਾ ਵੀ ਉੱਚ ਪੱਧਰ ਦੀ ਸਿੱਖਿਆ ਪ੍ਰਾਪਤ ਕਰ ਸਕੇ। ਇਸ ਤੋਂ ਇਲਾਵਾ, ਸਕੂਲਾਂ ਵਿੱਚ ਬਿਜ਼ਨਸ ਬਲਾਸਟਰਸ ਵਰਗੇ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜੋ ਬੱਚਿਆਂ ਵਿੱਚ ਬਚਪਨ ਤੋਂ ਹੀ ਉਦਮੀ ਸੋਚ ਪੈਦਾ ਕਰ ਰਹੇ ਹਨ। ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਮੌਕੇ ਬੀ.ਡੀ.ਪੀ.ਓ ਨਿਰਮਲ ਸਿੰਘ, ਰਿਟਾ. ਲੈਕਚਰਾਰ ਵਿਜੇ ਮਹਾਜਨ, ਸਰਪੰਚ ਰਛਪਾਲ ਸਿੰਘ ਤਲਵੰਡੀ, ਕੌਂਸਲਰ ਪ੍ਰਦੀਪ ਕੁਮਾਰ ਨੰਨੀ, ਸਾਬਕਾ ਕੌਂਸਲਰ ਸੁਨੀਲ ਦੱਤ, ਸਾਬਕਾ ਕੌਂਸਲਰ ਵਿਜੇ ਕੁਮਾਰ ਪਿੰਕਾ, ਵਾਰਡ ਇੰਚਾਰਜ ਰਾਜੀਵ ਕੁਮਾਰ, ਵਾਰਡ ਇੰਚਾਰਜ ਮਦਨ ਮੋਹਨ ਡਾਲੀ ਅਤੇ ਵਾਰਡ ਇੰਚਾਰਜ ਰਜਿੰਦਰ ਸੰਨੀ ਵੀ ਮੌਜੂਦ ਸਨ।



# ਨਵੇਂ ਰਾਸ਼ਨ ਕਾਰਡ ਬਣਵਾਉਣ ਵਾਲਿਆਂ ਦੀਆਂ ਲੱਗੀਆਂ ਲਾਈਨਾਂ

**ਬਿਆਸ (ਪਰਮਜੀਤ ਸਿੰਘ ਰੱਖੜਾ)** ਬਿਆਸ ਸਮੇਤ ਨਾਲ ਲੱਗਦੇ ਪਿੰਡਾਂ ਵਿੱਚ ਨਵੇਂ ਰਾਸ਼ਨ ਕਾਰਡ ਬਣਵਾਉਣ ਵਾਲਿਆਂ ਦੀਆਂ ਭੀੜਾਂ ਆਮ ਹੀ ਸੇਵਾ ਕੇਂਦਰਾਂ 'ਤੇ ਲੱਗੀਆਂ ਹਨ।ਇਸ ਦੌਰਾਨ ਲੋਕਾਂ ਨੂੰ ਇਹ ਲੱਗ ਰਿਹਾ ਹੈ ਕਿ ਸ਼ਾਇਦ ਇਸ ਰਾਸ਼ਨ ਕਾਰਡ ਦੇ ਬਿਨਾਂ ਉਨ੍ਹਾਂ ਦੀਆਂ ਚੱਲ ਰਹੀਆਂ ਸਰਕਾਰੀ ਸਕੀਮਾਂ ਨੂੰ ਨੁਕਸਾਨ ਪੁੱਜੇਗਾ।ਜੇਕਰ ਇਹ ਰਾਸ਼ਨ ਕਾਰਡ ਨਾ ਬਣਿਆ ਤਾਂ ਉਨ੍ਹਾਂ ਦੀਆਂ ਸਿਹਤ ਬੀਮਾ ਵਾਲੇ ਕਾਰਡ, ਫਰੀ ਬਿਜਲੀ ਯੂਨਿਟ ਜਾਂ ਹੋਰ ਸਰਕਾਰੀ ਸਕੀਮਾਂ ਬੰਦ ਹੋ ਜਾਣਗੀਆਂ।ਬੀਤੇ 3-4 ਦਿਨਾਂ ਤੋਂ ਬਹੁਤ ਲੋਕ ਲੰਮੀਆਂ ਲਾਈਨਾਂ 'ਚ ਖੜ੍ਹੇ ਆਪਣੀ ਵਾਰੀ ਦੀ ਉਡੀਕ ਨਾਲ ਪਰੇਸ਼ਾਨ ਪਾਏ ਗਏ।ਜੇਕਰ ਕਿਸੇ ਦੀ ਵਾਰੀ ਆ ਵੀ ਜਾਂਦੀ ਹੈ ਤਾਂ ਸੇਵਾ ਕੇਂਦਰ ਮੁਲਾਜ਼ਮ ਅਤੇ ਕੈਫੇ ਵਾਲੇ ਦੁਕਾਨਦਾਰ ਉਨ੍ਹਾਂ ਵੱਲੋਂ ਦਿੱਤੇ ਹੋਏ ਦਸਤਾਵੇਜ਼ਾਂ ਦੀ ਕਮੀ-ਪੇਸ਼ੀ ਕੱਢ ਕੇ ਵਾਪਸ ਭੇਜ ਦਿੰਦੇ ਹਨ।ਇਸੇ ਤਰ੍ਹਾਂ ਕਈ ਵਾਰ ਵੈੱਬਸਾਈਟ ਦਾ ਖਰਾਬ ਹੋਣਾ ਵੀ ਪਾਇਆ ਜਾ ਰਿਹਾ ਹੈ।ਆਮ ਲੋਕਾਂ ਦੀ ਜਾਣਕਾਰੀ ਹਿੱਤ ਸੇਵਾ ਕੇਂਦਰ ਮੁਲਾਜ਼ਮ ਨੇ ਦੱਸਿਆ ਕਿ ਸਮਾਰਟ ਰਾਸ਼ਨ ਕਾਰਡ ਬਣਵਾਉਣ ਲਈ ਲੋੜੀਂਦੇ ਦਸਤਾਵੇਜ਼ ਫੋਨ ਨੰਬਰ, ਅਧਾਰ ਕਾਰਡ, ਮੁਖੀ ਦੀ ਫੋਟੋ, ਪਰਵਾਰ ਦੀ ਫੋਟੋ, ਬਿਜਲੀ ਬਿੱਲ, ਗੈਸ ਕਾਪੀ ਅਤੇ ਜਾਤੀ ਸਰਟੀਫਿਕੇਟ ਲਾਜ਼ਮੀ ਹਨ।

# ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਲਗਾਏ ਪੌਦੇ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿੱਚੋਂ ਇੱਕ ਅਦਾਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਪਬਲਿਕ ਹਾਈ ਸਕੂਲ ਮਹਿਸਮਪੁਰ ਖੁਰਦ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਦਿਆਰਥੀਆਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਰੁੱਖ ਲਗਾਉਣ ਦਾ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਨੇ ਮਿਲ ਕੇ ਸਕੂਲ ਕੈਂਪਸ ਵਿੱਚ ਵੱਖ-ਵੱਖ ਕਿਸਮ ਦੇ ਪੌਦੇ ਲਗਾਏ।ਇਸ ਮੌਕੇ ਵਿਦਿਆਰਥੀਆਂ ਨੇ ਵਾਤਾਵਰਣ ਦੀ ਰੱਖਿਆ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਦਾ ਸੰਕਲਪ ਲਿਆ। ਸਕੂਲ ਪ੍ਰਬੰਧਕਾਂ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹਿਣਗੀਆਂ ।ਇਸ ਮੌਕੇ ਹੋਰ ਹਾਜ਼ਰ ਸ਼ਖਸੀਅਤਾਂ ਵਿੱਚ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਹਰਜੋਤ ਸਿੰਘ, ਪ੍ਰਿੰਸੀਪਲ ਗੁਰਦੀਪ ਸਿੰਘ, ਮਨਦੀਪ ਕੌਰ ਮੈਡਮ, ਸੁਖਵੰਤ ਕੌਰ, ਕਿਰਨ, ਪ੍ਰਿਤਪਾਲ ਸਿੰਘ ਸਮੇਤ ਸਮੂਹ ਸਕੂਲ ਸਟਾਫ ਮੌਜੂਦ ਸੀ।



# ਪ੍ਰਿੰ. ਸੁਜਾਨ ਸਿੰਘ ਦੀ ਯਾਦ 'ਚ ਜ਼ਿਲ੍ਹਾ ਭਾਸ਼ਾ ਦਫ਼ਤਰ ਨੇ ਕਰਵਾਇਆ ਕਹਾਣੀ ਦਰਬਾਰ

**ਪਠਾਨਕੋਟ (ਦਵਿੰਦਰ ਸਿੰਘ)** ਪੰਜਾਬ ਸਰਕਾਰ ਦੀ ਸੁਚੱਜੀ ਰਹਿਨੁਮਾਈ, ਭਾਸ਼ਾ ਵਿਭਾਗ ਪੰਜਾਬ ਦੀ ਯੋਗ ਅਗਵਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਵੱਲੋਂ ਐੱਸ.ਐੱਮ.ਡੀ.ਆਰ.ਐੱਸ.ਡੀ. ਕਾਲਜ ਆਫ਼ ਐਜੂਕੇਸ਼ਨ, ਪਠਾਨਕੋਟ ਵਿਖੇ ਨਾਮਵਰ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਦੀ ਯਾਦ ਨੂੰ ਸਮਰਪਿਤ ਕਹਾਣੀ ਦਰਬਾਰ ਅਤੇ ਉਨ੍ਹਾਂ ਦੇ ਪੰਜਾਬੀ ਕਹਾਣੀ ਸਾਹਿਤ ਵਿੱਚ ਅਹਿਮ ਯੋਗਦਾਨ ਸਬੰਧੀ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਪ੍ਰੋ. ਰਮਾ ਕੁਮਾਰੀ ਨੇ ਆਏ ਹੋਏ ਮੁੱਖ ਮਹਿਮਾਨਾਂ, ਸਾਹਿਤਕਾਰਾਂ, ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ। ਇਸ ਉਪਰੰਤ ਵਿਭਾਗੀ ਧੁਨੀ ਨਾਲ ਪ੍ਰੋਗਰਾਮ ਦਾ ਰਸਮੀ ਆਗਾਜ਼ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਡਾ. ਸੁਖਵਿੰਦਰ ਸਿੰਘ (ਸੇਵਾਮੁਕਤ ਪ੍ਰੋਫ਼ੈਸਰ ਅਤੇ ਸਾਬਕਾ ਮੁਖੀ, ਪੰਜਾਬੀ ਵਿਭਾਗ, ਏ. ਬੀ. ਕਾਲਜ, ਪਠਾਨਕੋਟ), ਵਿਸ਼ੇਸ਼ ਮਹਿਮਾਨ ਡਾ. ਸਤਿੰਦਰ ਕੌਰ ਕਾਹਲੋਂ (ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਸੁਜਾਨਪੁਰ) ਅਤੇ ਡਾ. ਜਸਪ੍ਰੀਤ ਕੌਰ (ਸਹਾਇਕ ਪ੍ਰੋਫ਼ੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਪਠਾਨਕੋਟ) ਨੂੰ ਪੌਦੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਸਮਾਗਮ ਦੇ ਪਹਿਲੇ ਸੈਸ਼ਨ ਵਿੱਚ ਡਾ. ਲੇਖ ਰਾਜ (ਸੇਵਾਮੁਕਤ ਲੈਕਚਰਾਰ) ਨੇ ਪ੍ਰਿੰਸੀਪਲ ਸੁਜਾਨ ਸਿੰਘ ਦੇ ਜੀਵਨ, ਸਾਹਿਤਕ ਸਫ਼ਰ ਅਤੇ ਪੰਜਾਬੀ ਕਹਾਣੀ ਸਾਹਿਤ ਨੂੰ ਦਿੱਤੇ ਉਨ੍ਹਾਂ ਦੇ ਵਿਲੱਖਣ ਯੋਗਦਾਨ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।ਇਸ ਤੋਂ ਬਾਅਦ ਕਰਵਾਏ ਗਏ ਕਹਾਣੀ ਦਰਬਾਰ ਵਿੱਚ ਬਿਸ਼ਨ ਦਾਸ ਬਿਸ਼ਨ, ਪ੍ਰੋ. ਗੀਤਾਂਜਲੀ, ਤੇਜਿੰਦਰ ਸਾਂਵਲ, ਰਮਨਦੀਪ ਕੌਰ, ਦੀਕਸ਼ਾ ਮਹਾਜਨ, ਜਸਵਿੰਦਰ ਅਨਮੋਲ, ਰਾਜੇਸ਼ ਫੁਲਪੁਰੀ, ਰੰਜਨਾ, ਗੁਰਦੀਪ ਕੁਮਾਰ ਸਫ਼ਰੀ ਅਤੇ ਅਕਾਸ਼ ਸਮੇਤ ਕਈ ਸਾਹਿਤਕਾਰਾਂ ਨੇ ਆਪਣੀਆਂ ਮੌਲਿਕ ਕਹਾਣੀਆਂ ਪੇਸ਼ ਕੀਤੀਆਂ।ਪੇਸ਼ ਕੀਤੀਆਂ ਗਈਆਂ ਸਾਰੀਆਂ ਕਹਾਣੀਆਂ ਸਮਾਜਿਕ ਸਰੋਕਾਰਾਂ ਅਤੇ ਸਕਾਰਾਤਮਕ ਸੋਚ ਨੂੰ ਪ੍ਰਗਟਾਉਣ ਵਾਲੀਆਂ ਸਨ।ਰਾਜ ਗੁਰਦਾਸਪੁਰੀ ਨੇ ਪ੍ਰਿੰਸੀਪਲ ਸੁਜਾਨ ਸਿੰਘ ਦੀ ਯਾਦ ਵਿੱਚ ਪ੍ਰਭਾਵਸ਼ਾਲੀ ਸ਼ੇਅਰ ਪੇਸ਼ ਕੀਤੇ।ਡਾ. ਕੇਵਲ ਕਿਸ਼ਨ ਅਤੇ ਡਾ. ਸਰਬਜੀਤ ਕੌਰ ਨੇ ਸਮਾਗਮ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਡਾ. ਜਸਪ੍ਰੀਤ ਕੌਰ ਨੇ ਕਹਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰਦਿਆਂ ਵਿਦਿਆਰਥੀਆਂ ਨੂੰ ਰਚਨਾਤਮਕ ਲੇਖਣ ਵੱਲ ਪ੍ਰੇਰਿਤ ਕੀਤਾ।ਡਾ. ਸਤਿੰਦਰ ਕੌਰ ਕਾਹਲੋਂ ਨੇ ਪ੍ਰਿੰਸੀਪਲ ਸੁਜਾਨ ਸਿੰਘ ਦੇ ਸਾਹਿਤਕ ਯੋਗਦਾਨ ਨੂੰ ਯਾਦ ਕਰਦਿਆਂ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ।ਮੁੱਖ ਮਹਿਮਾਨ ਡਾ. ਸੁਖਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਹਾਣੀ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਮਾਜ ਨੂੰ ਸਹੀ ਦਿਸ਼ਾ ਦੇਣ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ।ਸਮਾਗਮ ਦੇ ਅੰਤ ਵਿੱਚ ਕਹਾਣੀ ਪੇਸ਼ ਕਰਨ ਵਾਲੇ ਸਾਹਿਤਕਾਰਾਂ ਅਤੇ ਮਹਿਮਾਨਾਂ ਨੂੰ ਭਾਸ਼ਾ ਵਿਭਾਗ ਵੱਲੋਂ ਪੁਸਤਕਾਂ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਕਾਲਜ ਦੇ ਮੈਡਮ ਮਿਨਾਕਸ਼ੀ ਵਿੱਗ ਨੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੋ. ਰਮਾ ਕੁਮਾਰੀ ਨੇ ਬਾਖ਼ੂਬੀ ਨਿਭਾਈ।ਦਫ਼ਤਰੀ ਸਟਾਫ਼ ਜੁਗਲ ਕਿਸ਼ੋਰ, ਕਮਲ ਕਿਸ਼ੋਰ ਅਤੇ ਰਮਾਕਾਂਤ ਨੇ ਵੀ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।



# ਗਿੱਲ ਵੱਲੋਂ ਸ਼ਹਿਜ਼ਾਦਾ 'ਚ ਲੋਕ ਮਿਲਣੀ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਜ਼ਿਲ੍ਹਾ ਅੰਮ੍ਰਿਤਸਰ ਦੇ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਪਿੰਡ-ਪਿੰਡ ਜਾ ਕੇ ਲੋਕ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਦੇ ਲੀਡਰ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਹਨ। ਅਜਿਹਾ ਹੀ ਦ੍ਰਿਸ਼ ਪਿੰਡ ਸ਼ਹਿਜ਼ਾਦਾ ਵਿਖੇ ਦੇਖਣ ਨੂੰ ਮਿਲਿਆ, ਜਿੱਥੇ ਤਲਬੀਰ ਸਿੰਘ ਗਿੱਲ ਉਚੇਚੇ ਤੌਰ 'ਤੇ ਪਹੁੰਚੇ।ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਧਿਆਨਪੂਰਵਕ ਸੁਣਿਆ ਅਤੇ ਕਈ ਮਸਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਿੰਡ ਦੀਆਂ ਗਲੀਆਂ, ਨਾਲੀਆਂ ਅਤੇ ਹੋਰ ਅਧੂਰੇ ਵਿਕਾਸ ਕਾਰਜਾਂ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਹਲਕਾ ਮਜੀਠਾ ਦੇ ਸਰਬਪੱਖੀ ਵਿਕਾਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਆਖਿਆ ਕਿ ਹਲਕੇ ਦੇ ਜੋ ਕੰਮ ਪਿਛਲੇ 20 ਸਾਲਾਂ ਤੋਂ ਲਟਕ ਰਹੇ ਸਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਗਿਆ ਹੈ ਅਤੇ ਹਲਕੇ ਦਾ ਵਿਕਾਸ ਤੇ ਲੋਕ ਭਲਾਈ ਹੀ ਉਨ੍ਹਾਂ ਦੀ ਪਹਿਲੀ ਤਰਜੀਹ ਹੈ।ਇਸ ਮੌਕੇ ਬਲਾਕ ਪ੍ਰਧਾਨ ਜਗਦੀਸ਼ ਸਿੰਘ ਸ਼ਹਿਜ਼ਾਦਾ, ਪ੍ਰਗਟ ਸਿੰਘ ਸ਼ਹਿਜ਼ਾਦਾ, ਜੋਗਿੰਦਰ ਸਿੰਘ (ਮੈਂਬਰ), ਸੁਖਵਿੰਦਰ ਸਿੰਘ, ਹਰਜਿੰਦਰ ਸਿੰਘ, ਰਾਜਵਿੰਦਰ ਸਿੰਘ, ਪਰਮਜੀਤ ਸਿੰਘ, ਸਵਿੰਦਰ ਸਿੰਘ, ਬਚਨ ਸਿੰਘ, ਬਲਵਿੰਦਰ ਸਿੰਘ (ਮੈਂਬਰ) ਸਮੇਤ ਹੋਰ ਵੀ ਪ੍ਰਮੁੱਖ ਸ਼ਖ਼ਸੀਅਤਾਂ ਤੇ ਪਿੰਡ ਵਾਸੀ ਹਾਜ਼ਰ ਸਨ।



# ਬੀਬੀ ਸਤਿੰਦਰ ਕੌਰ ਨੂੰ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ)** ਉੱਘੇ ਕਾਰੋਬਾਰੀ ਜਗਤਾਰ ਸਿੰਘ ਛੀਨਿਆਂ ਵਾਲਿਆਂ ਦੀ ਧਰਮ ਪਤਨੀ ਬੀਬੀ ਸਤਿੰਦਰ ਕੌਰ ਜੋ ਕੁੱਝ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਬਿਰਾਜੇ ਸਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਦੇ ਭੋਗ ਉਨ੍ਹਾਂ ਗ੍ਰਹਿ ਪਾਉਣ ਉਪਰੰਤ ਗੁਰਦੁਆਰਾ ਬਾਬਾ ਖੜਕ ਸਿੰਘ ਬੀੜ ਸਾਹਿਬ ਅੰਤਿਮ ਅਰਦਾਸ, ਵਿਰਾਗਮਈ ਕੀਰਤਨ ਬਾਬਾ ਬੁੱਢਾ ਜੀ ਹਜ਼ੂਰੀ ਰਾਗੀਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਮੌਕੇ ਬੀ ਜੇ ਪੀ ਹਲਕਾ ਇੰਚਾਰਜ ਹਰਜੀਤ ਸਿੰਘ ਸੰਧੂ, ਹਰਪ੍ਰੀਤ ਸਿੰਘ ਸਿੰਦਬਾਦ, ਬਾਬਾ ਭੋਲਾ ਸਿੰਘ ਬੀੜ ਸਾਹਿਬ, ਖਾਲੜਾ ਮਿਸ਼ਨ ਬਲਵਿੰਦਰ ਸਿੰਘ ਝਬਾਲ, ਬਾਬਾ ਲਾਲ ਸਿੰਘ ਕਸੇਲ, ਬਲਵਿੰਦਰ ਸਿੰਘ ਛੀਨਾ, ਹਰਜਿੰਦਰ ਸਿੰਘ ਛੀਨਾ, ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਪ੍ਰਗਟ ਸਿੰਘ ਬਾਬਾ ਲੰਗਾਹ, ਦੀਪ ਸਿੰਘ ਸੰਨਿਆਰਾ, ਸਾਬਕਾ ਐਸ ਆਈ ਨਰੇਸ਼ ਕੁਮਾਰ ਝਬਾਲ, ਬਲਵਿੰਦਰ ਸਿੰਘ ਧੁੰਨਾ ਝਬਾਲ, ਮੇਜਰ ਸਿੰਘ ਕਸੇਲ, ਸੁਨੀਲ ਕੁਮਾਰ ਛੀਨਾ, ਲੱਕੀ ਕਰਿਆਨਾ ਸਟੋਰ ਝਬਾਲ, ਲਾਡੀ ਕਪੂਰ ਝਬਾਲ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਦਿਲਬਾਗ ਸਿੰਘ ਛੀਨਾ, ਜੱਜ ਲਾਲੀ ਜਿਊਲਰਜ ਝਬਾਲ, ਸ਼ਵਿੰਦਰ ਸਿੰਘ ਧੁੰਨਾ, ਸਿਮਰਨ ਧੁੰਨਾ ਝਬਾਲ, ਨਰਿੰਦਰ ਸਿੰਘ ਘੋਨਾ ਝਬਾਲ, ਬਲਜਿੰਦਰ ਸਿੰਘ ਸੋਨੂੰ ਝਬਾਲ, ਦਰਸ਼ਨ ਸਿੰਘ ਟੇਲਰ ਝਬਾਲ, ਮਨਜਿੰਦਰ ਸਿੰਘ ਲੈਹਰੀ, ਬੰਟੀ ਸੂਦ ਵਸੀਕਾ ਨਵੀਸ ਝਬਾਲ, ਹਰਜੋਤ ਸਿੰਘ ਛਾਪਾ, ਡਾ. ਸੁੱਖਾ ਸਿੰਘ ਛੀਨਾ, ਨਾਮੇ ਸ਼ਾਹ, ਰਾਜੂ ਛੀਨਾਂ ਝਬਾਲ, ਗੁਰਪ੍ਰੀਤ ਸਿੰਘ ਗੋਪੀ ਨੇ ਸ਼ਰਧਾ ਫੁੱਲ ਭੇਟ ਕੀਤੇ।



# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸੁਲਤਾਨਪੁਰ ਲੋਧੀ ਤੋਂ ਵਿਸ਼ੇਸ਼ ਸਪਲੀਮੈਂਟ

## ਲੁੱਟ-ਖਸੁੱਟ ਦਾ ਰਾਜ ਤੇ ਸਾਮਰਾਜੀ ਚੌਧਰ ਖ਼ਤਮ ਹੋਵੇ

ਸ਼ਹੀਦ-ਏ-ਆਜ਼ਮ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਸਾਡਾ ਫ਼ਰਜ਼ ਹੈ, ਪਰ ਇਸ ਤੋਂ ਵੀ ਵੱਡਾ ਫ਼ਰਜ਼ ਉਨ੍ਹਾਂ ਦੇ ਵਿਚਾਰਾਂ ਅਤੇ ਸੁਪਨਿਆਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਸੰਘਰਸ਼ ਕਰਨਾ ਹੈ। ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੈ ਕੇ ਕੇਵਲ ਇੱਕ ਅੰਗਰੇਜ਼ ਅਫ਼ਸਰ ਨੂੰ ਸਜ਼ਾ ਨਹੀਂ ਦਿੱਤੀ, ਸਗੋਂ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਸਾਮਰਾਜੀ ਜ਼ੁਲਮ ਦੇ ਵਿਰੁੱਧ ਲੋਕਾਂ ਦਾ ਗੁੱਸਾ ਇੱਕ ਦਿਨ ਇਨਸਾਫ਼ ਬਣ ਕੇ ਉੱਭਰਦਾ ਹੈ।ਊਧਮ ਸਿੰਘ ਦਾ ਸੰਘਰਸ਼ ਸਿਰਫ਼ ਅੰਗਰੇਜ਼ੀ ਹਕੂਮਤ ਨੂੰ ਭਾਰਤ ਵਿੱਚੋਂ ਕੱਢਣ ਲਈ ਨਹੀਂ ਸੀ। ਉਹ ਅਜਿਹੇ ਭਾਰਤ ਦੀ ਸਿਰਜਣਾ ਚਾਹੁੰਦੇ ਸਨ, ਜਿੱਥੇ ਮਨੁੱਖ ਵੱਲੋਂ ਮਨੁੱਖ ਦੀ ਲੁੱਟ ਨਾ ਹੋਵੇ, ਮਜ਼ਦੂਰ ਅਤੇ ਕਿਸਾਨ ਆਪਣੇ ਹੱਕਾਂ ਨਾਲ ਇੱਜ਼ਤ ਵਾਲਾ ਜੀਵਨ ਜੀ ਸਕਣ, ਧਰਮ ਅਤੇ ਜਾਤ ਦੇ ਆਧਾਰ @ਤੇ ਲੋਕਾਂ ਵਿੱਚ ਨਫ਼ਰਤ ਨਾ ਫੈਲਾਈ ਜਾਵੇ ਅਤੇ ਰਾਜਨੀਤਿਕ ਸੱਤਾ ਲੋਕਾਂ ਦੀ ਭਲਾਈ ਲਈ ਕੰਮ ਕਰੇ। ਫਾਂਸੀ ਦੇ ਤਖ਼ਤੇ 'ਤੇ ਗੂੰਜੇ ਉਨ੍ਹਾਂ ਦੇ ਨਾਅਰੇ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜ ਮੁਰਦਾਬਾਦ' ਅੱਜ ਵੀ ਸ਼ੋਸ਼ਣ ਵਿਰੋਧੀ ਸੰਘਰਸ਼ਾਂ ਦੀ ਰੂਹ ਹਨ। ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਲੋਕਾਂ ਨੇ ਇੱਕ ਅਜਿਹੇ ਭਾਰਤ ਦੀ ਆਸ ਕੀਤੀ ਸੀ, ਜਿੱਥੇ ਸੰਵਿਧਾਨ ਦੀ ਰੌਸ਼ਨੀ ਵਿੱਚ ਬਰਾਬਰੀ, ਧਰਮ ਨਿਰਪੱਖਤਾ, ਸਮਾਜਿਕ ਨਿਆਂ ਅਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ ਜਾਵੇਗਾ। ਬੇਸ਼ੱਕ ਦੇਸ਼ ਨੇ ਵਿਕਾਸ ਦੀਆਂ ਕਈ ਮੰਜ਼ਿਲਾਂ ਤੈਅ ਕੀਤੀਆਂ, ਪਰ ਆਰਥਿਕ ਅਸਮਾਨਤਾ, ਕਾਰਪੋਰੇਟ ਘਰਾਣਿਆਂ ਦਾ ਵਧਦਾ ਪ੍ਰਭਾਵ, ਕਿਸਾਨਾਂ ਦੀ ਬਦਹਾਲੀ, ਮਜ਼ਦੂਰਾਂ ਦੇ ਘਟਦੇ ਅਧਿਕਾਰ ਅਤੇ ਬੇਰੁਜ਼ਗਾਰੀ ਵਰਗੇ ਮੁੱਦੇ ਅੱਜ ਵੀ ਦੇਸ਼ ਸਾਹਮਣੇ ਖੜ੍ਹੇ ਹਨ।

ਸਾਲ 2014 ਤੋਂ ਬਾਅਦ ਦੇਸ਼ ਦੀ ਰਾਜਨੀਤੀ ਵਿੱਚ ਇੱਕ ਨਵਾਂ ਦੌਰ ਸ਼ੁਰੂ ਹੋਇਆ ਹੈ।ਵਿਰੋਧੀ ਪਾਰਟੀਆਂ, ਕਿਸਾਨ ਜਥੇਬੰਦੀਆਂ, ਮਜ਼ਦੂਰ ਸੰਗਠਨਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਵੱਲੋਂ ਲਗਾਤਾਰ ਇਹ ਚਿੰਤਾ ਪ੍ਰਗਟ ਕੀਤੀ ਜਾਂਦੀ ਰਹੀ ਹੈ ਕਿ ਲੋਕਤੰਤਰੀ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ ਕਮਜ਼ੋਰ ਹੋ ਰਹੀ ਹੈ, ਅਸਹਿਮਤੀ ਨੂੰ ਦੇਸ਼ ਵਿਰੋਧ ਨਾਲ ਜੋੜਿਆ ਜਾ ਰਿਹਾ ਹੈ, ਕੇਂਦਰੀ ਏਜੰਸੀਆਂ ਦੀ ਕਾਰਵਾਈ ਨੂੰ ਲੈ ਕੇ ਸਵਾਲ ਉੱਠ ਰਹੇ ਹਨ ਅਤੇ ਧਾਰਮਿਕ ਧਰੁਵੀਕਰਨ ਰਾਹੀਂ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਇਆ ਜਾ ਰਿਹਾ ਹੈ। ਦੂਜੇ ਪਾਸੇ, ਕੇਂਦਰ ਸਰਕਾਰ ਇਨ੍ਹਾਂ ਦੋਸ਼ਾਂ ਨੂੰ ਨਕਾਰਦੀ ਹੈ ਅਤੇ ਆਪਣੇ ਕਦਮਾਂ ਨੂੰ ਰਾਸ਼ਟਰੀ ਸੁਰੱਖਿਆ ਦੇ ਨਾਮ ਤੇ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ ।

ਅੱਜ ਲੋੜ ਇਸ ਗੱਲ ਦੀ ਹੈ ਕਿ ਸ਼ਹੀਦ ਊਧਮ ਸਿੰਘ ਦੇ ਵਿਚਾਰਾਂ ਨੂੰ ਸਿਰਫ਼ ਸਮਾਗਮਾਂ ਅਤੇ ਭਾਸ਼ਣਾਂ ਤੱਕ ਸੀਮਤ ਨਾ ਰੱਖਿਆ ਜਾਵੇ। ਲੋਕਾਂ ਦੀ ਏਕਤਾ, ਫ਼ਿਰਕਾਪ੍ਰਸਤੀ ਵਿਰੁੱਧ ਸੰਘਰਸ਼, ਸੰਵਿਧਾਨਕ ਹੱਕਾਂ ਦੀ ਰੱਖਿਆ ਅਤੇ ਮਜ਼ਦੂਰ-ਕਿਸਾਨ ਪੱਖੀ ਨੀਤੀਆਂ ਲਈ ਜਨਤਕ ਲਾਮਬੰਦੀ ਹੀ ਉਨ੍ਹਾਂ ਦੇ ਸੁਪਨਿਆਂ ਨੂੰ ਅਸਲ ਅਰਥਾਂ ਵਿੱਚ ਅੱਗੇ ਵਧਾ ਸਕਦੀ ਹੈ।

ਇਤਿਹਾਸ ਗਵਾਹ ਹੈ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਕਦੇ ਵਿਅਰਥ ਨਹੀਂ ਜਾਂਦੀਆਂ। ਜਦੋਂ ਲੋਕ ਇਨਸਾਫ਼, ਬਰਾਬਰੀ ਅਤੇ ਆਪਣੇ ਹੱਕਾਂ ਲਈ ਇੱਕਜੁੱਟ ਹੋ ਕੇ ਖੜ੍ਹਦੇ ਹਨ, ਤਾਂ ਸਭ ਤੋਂ ਤਾਕਤਵਰ ਹਕੂਮਤਾਂ ਨੂੰ ਵੀ ਲੋਕ-ਇੱਛਾ ਅੱਗੇ ਝੁਕਣਾ ਪੈਂਦਾ ਹੈ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ @ਤੇ ਇਹੀ ਸੰਕਲਪ ਦੁਹਰਾਉਣ ਦੀ ਲੋੜ ਹੈ ਕਿ ਲੋਕਤੰਤਰ, ਧਰਮ ਨਿਰਪੱਖਤਾ, ਸਮਾਜਿਕ ਨਿਆਂ ਅਤੇ ਆਰਥਿਕ ਬਰਾਬਰੀ ਲਈ ਸੰਘਰਸ਼ ਜਾਰੀ ਰਹੇਗਾ।



ਨਰਿੰਦਰ ਸਿੰਘ ਸੋਨੀਆ
ਸੀਨੀਅਰ ਪੱਤਰਕਾਰ
ਮੋਬਾ : 98556-24711



ਰਜਿੰਦਰ ਸਿੰਘ ਰਾਣਾ
ਐਡਵੋਕੇਟ
94171-24975


ਨਵਤੇਜ ਸਿੰਘ ਚੀਮਾ
ਸਾਬਕਾ ਵਿਧਾਇਕ
ਸੁਲਤਾਨਪੁਰ ਲੋਧੀ
ਜਾਰੀ ਕਰਤਾ
ਸਮੂਹ ਕਾਂਗਰਸੀ ਵਰਕਰ ਹਲਕਾ ਸੁਲਤਾਨਪੁਰ ਲੋਧੀ

ਸੁਖਮਨੀ ਸਾਹਿਬ ਫਾਈਨਾਂਸ ਕੰਪਨੀ
ਊਧਮ ਸਿੰਘ ਚੌਕ ਕਪੂਰਥਲਾ ਰੋਡ, ਸੁਲਤਾਨਪੁਰ ਲੋਧੀ
ਗੁਰਪ੍ਰੀਤ ਸਿੰਘ ਸਰਪੰਚ, ਪਿੰਡ ਫੌਜੀ ਕਾਲੋਨੀ ਸੁਲਤਾਨਪੁਰ ਲੋਧੀ
ਨਵਤੇਜ ਸਿੰਘ ਚੀਮਾ ਸਾਬਕਾ ਐਮ ਐਲ ਏ
ਮੋਬਾ. 98152-74675
ਗੁਰਪ੍ਰੀਤ ਸਿੰਘ ਸਰਪੰਚ

ਧੰਜੂ ਮੋਟਰਜ਼ ਐਂਡ ਧੰਜੂ ਫਾਈਨਾਂਸ ਕੰਪਨੀ
ਸਾਹਮਣੇ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ
ਨਵਤੇਜ ਸਿੰਘ ਚੀਮਾ · ਅਮਰਜੀਤ ਸਿੰਘ ਬਾਲਾਪੁਰ · ਤੇਜਿੰਦਰ ਸਿੰਘ ਧੰਜੂ · ਐਡਵੋਕੇਟ ਜਸਪਾਲ ਸਿੰਘ ਧੰਜੂ
9592822232

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਨਰਿੰਦਰ ਸਿੰਘ ਪੰਨੂ ਕਾਂਗਰਸ ਸਹਿਰੀ ਪ੍ਰਧਾਨ
ਮੋਬਾ. 98720-57735
ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਨਵਤੇਜ ਸਿੰਘ ਚੀਮਾ ਸਾਬਕਾ ਵਿਧਾਇਕ
ਮੋਨੂੰ ਭੰਡਾਰੀ
ਸੀਨੀ. ਕਾਂਗਰਸੀ ਆਗੂ, ਸੁਲਤਾਨਪੁਰ ਲੋਧੀ
93431-00009

ROYAL TRAVELS
USA STUDY VISA ONLY IN 4.5 LAC
WITH / WITHOUT IELTS
92168-92168

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਐੱਮ ਐੱਸ ਰਤਨਪਾਲ ਟਰੇਡਰਜ਼ ਅਤੇ ਐੱਮ ਐੱਸ ਰਤਨਪਾਲ ਰੀਅਲ ਸਟੇਟ
ਤਲਵੰਡੀ ਰੋਡ, ਸੁਲਤਾਨਪੁਰ ਲੋਧੀ
ਚੂਹੜਪੁਰ ਵਾਲੇ
ਤਜਿੰਦਰ ਸਿੰਘ (ਸੋਨੀ) 90154-45255
ਬਲਜਿੰਦਰ ਸਿੰਘ ਸੋਨੂੰ 98142-23218

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਵਾਈਨ ਕੰਟਰੈਕਟਰ
ਸੁਲਤਾਨਪੁਰ ਲੋਧੀ
ਸੰਪਰਕ : 98152-09904, 98151-35325
ਬਲਦੇਵ ਸਿੰਘ ਬਲਾਕ ਸੰਮਤੀ ਮੈਂਬਰ
ਵਰਿੰਦਰ ਸਿੰਘ (ਵਿਨੀ)

ਸਾਹਿਬ ਸਿੰਘ ਭੁੱਲਰ · ਹੀਰਾ ਸਿੰਘ ਸੇਖਮਾਂਗਾ · ਸੁਖਰਾਜ ਸਿੰਘ ਸੇਖਮਾਂਗਾ · ਅਮਰਜੀਤ ਸਿੰਘ
ਵੱਲੋਂ : ਪ੍ਰਧਾਨ ਸਾਹਿਬ ਸਿੰਘ ਭੁੱਲਰ ਅਤੇ ਸਮੂਹ ਨੰਬਰਦਾਰ ਯੂਨੀਅਨ ਸੁਲਤਾਨਪੁਰ ਲੋਧੀ (ਮੋਬਾ. 85282-80088)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਕੁਲਦੀਪ ਸਿੰਘ ਡਿਪਟੀ

ਧੰਨਵਾਦ
ਬਲਵਿੰਦਰ ਸਿੰਘ ਧਾਲੀਵਾਲ 99141-88618
ਰਾਜਵੀਰ ਸਿੰਘ ਅਮਰਕੋਟ ਮੋਬਾ. 94630-62425
ਪ੍ਰਦੀਪ ਸਿੰਘ ਸਟਵਾਲ ਮੋਬਾ. 77197-36532

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਮੇਰਾ ਹਲਕਾ, ਮੇਰਾ ਪਰਿਵਾਰ।
ਹਰ ਘਰ ਦੀ ਆਵਾਜ਼, ਹਰ ਦਿਲ ਦਾ ਵਿਸ਼ਵਾਸ
ਇੰਦਰਜੀਤ ਸਿੰਘ ਜੋਸਨ
ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਸੁਲਤਾਨਪੁਰ ਲੋਧੀ
ਮੋ: 98152-49339

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
United Global services (UGS)
Jheeta Tower Sultanpur Lodhi
Amandeep Singh
(M) 98550 29143

ਖਾਲਸਾ ਮਾਰਬਲ
ਤਲਵੰਡੀ ਰੋਡ, ਸੁਲਤਾਨਪੁਰ ਲੋਧੀ
ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।
ਸੁਖਵਿੰਦਰ ਸਿੰਘ ਖਾਲਸਾ 95017-48843, 86747
ਦਿਲਜੀਤ ਸਿੰਘ 62805-28558

ਪ੍ਰਦੀਪ ਬੇਕਰਜ਼ ਐਂਡ ਫਾਸਟ ਫੂਡ
ਆਰੀਆ ਸਮਾਜ ਚੌਕ ਸੁਲਤਾਨਪੁਰ ਲੋਧੀ
ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ।
ਮੋਬਾ. 98151-74212, 98785-19019
ਪ੍ਰਦੀਪ ਸਿੰਘ ਵਿਰਦ

ਗੁਰੂ ਨਾਨਕ ਲੈਬ ਐਂਡ ਮੈਡੀਕਲ ਸਟੋਰ
ਸਾਹਮਣੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ
ਪ੍ਰੋਪ. ਗੁਰਪ੍ਰੀਤ ਸਿੰਘ ਚੰਦੀ
ਮੋਬਾ. 78371-58132

ਸਬਸਿਡੀ ਲਈ ਜਰੂਰੀ ਦਸਤਾਵੇਜ਼
ਆਪਣੀ ਮਸ਼ੀਨ ਦੀ ਸਬਸਿਡੀ ਦਾ ਲਾਭ ਲੈਣ ਲਈ
ਹੇਠ ਲਿਖੇ ਦਸਤਾਵੇਜ਼ ਲਾਜ਼ਮੀ ਹਨ:
1 ਆਧਾਰ ਕਾਰਡ
2 ਟ੍ਰੈਕਟਰ RC
3 ਜ਼ਮੀਨ ਦੀ ਫਰਦ
4 ਫੋਟੋ
5 5000/-ਟੋਕਨ ਫੀਸ
6 SC ਸਰਟੀਫਿਕੇਟ
ਸਬਸਿਡੀ ਭਰਨ ਦੀ ਆਖਰੀ ਤਰੀਕ: 3-08-2026 ਹੈ
ਸਬਸਿਡੀ ਭਰਵਾਉਣ ਲਈ ਅੱਜ ਹੀ ਸਾਡੇ ਕਿਸੇ ਵੀ ਡੀਲਰਸ਼ਿਪ ਤੇ ਆਓ
SQUARE BALER · Mulchar · SUPER SEEDER

ਸਹਿਯੋਗੀ ਸੱਜਣ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਐਮ ਐਸ ਸਰਪੰਚ ਟਰੇਡਰਜ਼
ਦੁਕਾਨ ਨੰ. 86 ਨਵੀਂ ਦਾਣਾ ਮੰਡੀ ਸੁਲਤਾਨਪੁਰ ਲੋਧੀ
ਨਰਿੰਦਰ ਸਿੰਘ ਜੈਨਪੁਰ
ਵਾਇਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ
98723-20620

ਸੰਧਾ ਫਾਰਮ
ਕੁਲਾਰਾਂ ਰੋਡ, ਨੇੜੇ ਪੁਲਸ ਚੌਕੀ ਮੋਠਾਂਵਾਲ ਕਪੂਰਥਲਾ
ਪਰਜਿੰਦਰ ਸਿੰਘ ਸੰਧਾ
ਐਮ ਡੀ ਸੰਧਾ ਫਾਰਮ
95012-17225, 99150-32828

OLIVE GREEN RESORTS & VILLA
Step into royalty and experience unmatched elegance at
OLIVE GREEN RESORTS & VILLA
For Queries Contact
01822-505111 • 77078-77005
NEAR KANJLI LAKE, SUBHANPUR ROAD, KAPURTHALA

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਵੱਲੋਂ :
ਸ਼ੇਰ ਸਿੰਘ ਸਰਪੰਚ ਅਤੇ ਸਮੂਹ ਗ੍ਰਾਮ ਪੰਚਾਇਤ, ਪਿੰਡ ਮਸੀਤਾਂ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਰਣਜੀਤ ਸਿੰਘ ਰਾਣਾ ਡਡਵਿੰਡੀ
ਸਾਬਕਾ ਬਲਾਕ ਸੰਮਤੀ ਮੈਂਬਰ ਤੇ ਸਮੂਹ ਇਲਾਕਾ ਨਿਵਾਸੀ, ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਲਖਵਿੰਦਰ ਸਿੰਘ ਕੌਂਸਾ · ਰਣਜੀਤ ਸਿੰਘ ਰਾਣਾ · ਦਲੇਰ ਸਿੰਘ ਢਾਂਡਾ · ਸਰਵੇਰ ਸਿੰਘ · ਗੁਰਜਿੰਦਰ ਸਿੰਘ
ਸ਼੍ਰੋਮਣੀ ਅਕਾਲੀ ਦਲ ਹਲਕਾ ਸੁਲਤਾਨਪੁਰ ਲੋਧੀ

ਪੰਜਾਬ ਸਵੀਟਸ ਐਂਡ ਬੇਕਰਜ਼
ਸਰਦੂਲਪੁਰੀਆ ਦੀ ਹੱਟੀ
ਚੌਕ ਤਲਵੰਡੀ ਪੁਲ, ਸੁਲਤਾਨਪੁਰ ਲੋਧੀ
ਇੱਥੇ ਵਿਆਹ ਸ਼ਾਦੀਆਂ ਵਾਸਤੇ ਵਧੀਆ ਮਠਿਆਈ, ਦੁੱਧ, ਪਨੀਰ ਅਤੇ ਦੇਸੀ ਘਿਓ ਮਿਲਦਾ ਹੈ।
ਸੰਪਰਕ :
88814-00005, 98728-16890, 70900-00032, 98764-65074

ਐਸ ਏ ਐਸ ਕੰਬਾਇਨ ਪਾਰਟਸ
ਇੱਥੇ ਹਰ ਤਰ੍ਹਾਂ ਦਾ ਕੰਬਾਇਨ ਅਤੇ ਰੀਪਰ ਦਾ ਸਮਾਨ ਮਿਲਦਾ ਹੈ।
98146-22275, 98884-02275
ਤਲਵੰਡੀ ਰੋਡ, ਸੁਲਤਾਨਪੁਰ ਲੋਧੀ (ਕਪੂਰਥਲਾ)

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਤ੍ਰਿਵੈਣੀ ਗਰੁੱਪ
ਕਪੂਰਥਲਾ ਰੋਡ ਸਾਹਮਣੇ ਦਾਣਾ ਮੰਡੀ ਸੁਲਤਾਨਪੁਰ ਲੋਧੀ
ਇੱਥੇ ਸ਼ਿੰਗਾਰ ਫੀਡ ਮਿਲਦੀ ਹੈ।
ਫੈਕਟਰੀ ਪਿੰਡ ਮਿਆਣੀ ਬਹਾਦਰ
ਰਾਜੇਸ਼ ਕੁਮਾਰ ਧੀਰ 98726-22134
ਗੌਰਵ ਧੀਰ 98786-22134

ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਸੁਲਤਾਨਪੁਰ ਲੋਧੀ
ਪ੍ਰੋਪਰਟੀ ਐਡਵਾਈਜ਼ਰ ਸੁਲਤਾਨਪੁਰ ਲੋਧੀ

GURU NANAK KHALSA COLLEGE
SULTANPUR LODHI, KAPURTHALA (PUNJAB)
Estd 1969
AFFILIATED TO G.N.D.U., AMRITSAR · ACCREDITED BY NAAC, BANGALORE
A TRADITION OF EXCELLENCE SINCE YEARS
ADMISSION OPEN · APPLY NOW!
Department of Computer Science & Information Technology: CCA 1 YEAR · BCA 3 YEARS · B.Sc IT 3 YEARS · M.Sc IT 2 YEARS · PGDCA 1 YEAR
Department of Arts: Certificate in Fashion Technology 1 YEAR · B.A. 3 YEARS · B.Sc (Economics) 3 YEARS · M.A. (Punjabi) 2 YEARS
Department of Commerce: CPA 1 YEAR · B.COM 3 YEARS · M.COM 2 YEARS
FOR ADMISSION, CALL: 01828-501045, 503180, 98768-97973, 70096-50414
WHY CHOOSE GURU NANAK KHALSA COLLEGE
Build Your Future · Quality Education • Bright Career • Better Tomorrow

ਭਾਰਤੀ ਕਮਿਊਨਿਸਟ ਪਾਰਟੀ ਸੁਲਤਾਨਪੁਰ ਲੋਧੀ
ਕਾਮਰੇਡ ਜੈਪਾਲ ਸਿੰਘ · ਮਾ. ਚਰਨ ਸਿੰਘ · ਕਾਮਰੇਡ ਸੁਰਜੀਤ ਸਿੰਘ

Deot Sidh Cold Store
ਇਲਾਕੇ ਦਾ ਸਭ ਤੋਂ ਆਧੁਨਿਕ ਹਾਈਟੈਕ ਕੋਲਡ ਸਟੋਰ, ਲੋਹੀਆਂ ਰੋਡ, ਸੁਲਤਾਨਪੁਰ ਲੋਧੀ
ਸ੍ਰੀ ਦੌਲਤ ਰਾਮ ਛੁਰਾ · ਸ੍ਰੀ ਭੂਸ਼ਨ ਛੁਰਾ · ਸ੍ਰੀ ਅਮਿਤ ਛੁਰਾ
M. 98152-06627, 98722-00827

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਸੁਖਬੀਰ ਸਿੰਘ ਬਾਦਲ · ਸੁਰਜੀਤ ਸਿੰਘ ਢਿੱਲੋਂ · ਕੁਲਦੀਪ ਸਿੰਘ ਬੂਲੇ
ਸ਼੍ਰੋਮਣੀ ਅਕਾਲੀ ਦਲ ਹਲਕਾ ਸੁਲਤਾਨਪੁਰ ਲੋਧੀ

ਸ਼ਹੀਦ ਊਧਮ ਸਿੰਘ ਮੈਮੋਰੀਅਲ
ਊਧਮ ਮਲਟੀਸਪੈਸ਼ਲਿਟੀ ਦੰਦਾਂ ਦਾ ਹਸਪਤਾਲ ਤੇ ਇੰਪਲਾਂਟ ਸੈਂਟਰ
ਪੁਰਾਣਾ ਸਿਵਲ ਹਸਪਤਾਲ, ਨੇੜੇ ਆਰੀਆ ਸਮਾਜ ਚੌਕ ਸੁਲਤਾਨਪੁਰ ਲੋਧੀ
ਨੋਟ : ਇੱਕ ਅੱਜ ਦੇ ਯੁੱਗ ਦਾ ਆਧੁਨਿਕ ਇੰਟਰਾਓਰਲ ਸਕੈਨਰ ਲਗਾਇਆ ਗਿਆ ਹੈ।
ਡਾ. ਅਮਿਤੇਜ ਸਿੰਘ B.D.S (LDH), Implantologist, Ex. Dental urgeon Ahead Dental CHD, Reg No. 9918-A
708-777-1515
ਡਾ. ਨਵਜੋਤ ਕੌਰ B.D.S, M.Sc (Forensic), Drug Safety Specialist

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਦਲਜੀਤ ਸਿੰਘ · ਭੁਲਤੇਜ ਸਿੰਘ · ਕਰਮਜੀਤ ਸਿੰਘ ਕੰਡਾ 94642-81200

ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਵਸ 'ਤੇ ਕੌਮੀ ਅਣਖ ਦੀ ਰਾਖੀ ਕਰਨ ਵਾਲੇ ਮਹਾਨ ਸ਼ਹੀਦ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦੇ ਹਾਂ
ਬਿੱਕਰ ਸਿੰਘ ਸਰਪੰਚ
ਪਿੰਡ ਭੁਲਾਣਾ
ਮੋਬਾ. 98159-00375